Advocate Pooja Bhaskar Sharma

# ਕਾਸੋ ਆਪ੍ਰੇਸ਼ਨ ਤਹਿਤ ਪੁਲਸ ਨੇ ਨਸ਼ਾ ਸਮਗਲਰਾਂ ਦੇ ਘਰਾਂ ਦੀ ਲਈ ਤਲਾਸ਼ੀ

**ਕੌਮੀ ਪੱਤ੍ਰਿਕਾ**

ਭਵਾਨੀਗੜ੍ਹ 13 ਅਕਤੂਬਰ। ਪੰਜਾਬ ਸਰਕਾਰ ਤੇ ਪੰਜਾਬ ਪੁਲਸ ਵੱਲੋਂ ਸੂਬੇ ਨੂੰ ਪੂਰੀ ਤਰ੍ਹਾਂ ਨਸ਼ਾ ਮੁਕਤ ਬਣਾਉਣ ਲਈ 'ਯੁੱਧ ਨਸ਼ਿਆਂ ਵਿਰੁੱਧ' ਦੀ ਚਲਾਈ ਜਾ ਰਹੀ ਮੁਹਿੰਮ ਦੇ ਤਹਿਤ ਚਲਾਏ ਜਾ ਰਹੇ ਆਪਰੇਸ਼ਨ ਕਾਸੋ ਦੌਰਾਨ ਪੁਲਸ ਵੱਲੋਂ ਐੱਸਪੀ ਸੰਗਰੂਰ ਨਵਰੀਤ ਸਿੰਘ ਵਿਰਕ ਦੀ ਅਗਵਾਈ ਹੇਠ ਨਸ਼ੇ ਦੀ ਰਾਜਧਾਨੀ ਮੰਨੇ ਜਾਂਦੇ ਸਥਾਨਕ ਇਲਾਕੇ ਦੇ ਪਿੰਡ ਜੌਲੀਆਂ ਵਿਖੇ ਸਰਚ ਆਪਰੇਸ਼ਨ ਚਲਾ ਕੇ ਵੱਡੀ ਗਿਣਤੀ ਵਿੱਚ ਨਸ਼ਾ ਵੇਚਣ ਵਾਲੇ ਸਮਗਲਰਾਂ ਦੇ ਘਰਾਂ ਦੀ ਤਲਾਸ਼ੀ ਲਈ ਗਈ। ਇਸ ਮੌਕੇ ਜਾਣਕਾਰੀ ਦਿੰਦਿਆਂ ਐੱਸਪੀ ਸੰਗਰੂਰ ਨਵਰੀਤ ਸਿੰਘ ਵਿਰਕ ਨੇ ਦੱਸਿਆ ਕਿ ਪੁਲਸ ਵੱਲੋਂ ਅੱਜ ਪਿੰਡ ਜੌਲੀਆਂ ਵਿਖੇ ਅਚਨਚੇਤ ਸਰਚ ਆਪਰੇਸ਼ਨ ਚਲਾ ਕੇ ਨਸ਼ਾ ਵੇਚਣ ਵਾਲੇ ਸਮਗਲਰਾਂ ਦੇ ਘਰਾਂ ਦੀ ਤਲਾਸ਼ੀ ਲਈ ਗਈ ਹੈ। ਉਨ੍ਹਾਂ ਦੱਸਿਆ ਕਿ ਪਿੰਡ ਵਿੱਚ 8-9 ਘਰਾਂ ਨੂੰ ਤਾਲੇ ਲੱਗੇ ਮਿਲੇ ਹਨ। ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਪੁਲਸ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਦੀ ਚਲਾਈ ਗਈ ਮੁਹਿੰਮ ਦੇ ਤਹਿਤ ਨਸ਼ਿਆਂ ਦੀ ਰੋਕਥਾਮ ਲਈ ਨਸ਼ਾ ਸਮਗਲਰਾਂ ਨੂੰ ਜੇਲ੍ਹ ਦੀਆਂ ਸਲਾਖਾਂ ਪਿੱਛੇ ਭੇਜਣ ਦੀ ਵਿੱਢੀ ਇਸ ਮੁਹਿੰਮ ਨੂੰ ਦੇਖਦੇ ਹੋਏ ਨਸ਼ਾ ਸਮਗਲਰ ਆਪਣੇ ਘਰਾਂ ਨੂੰ ਤਾਲੇ ਮਾਰ ਕੇ ਭੱਜ ਗਏ ਹਨ। ਉਨ੍ਹਾਂ ਕਿਹਾ ਕਿ ਪੁਲਸ ਵੱਲੋਂ ਪਿੰਡ ਵਿੱਚ ਕੋਠੀਆਂ ਪਾਉਣ ਵਾਲੇ ਉਨ੍ਹਾਂ ਨਸ਼ਾ ਸਮਗਲਰਾਂ ਜਿਨ੍ਹਾਂ ਵਿਰੁੱਧ ਨਸ਼ਾ ਵੇਚਣ ਦੇ ਮਾਮਲੇ ਦਰਜ ਹਨ, ਦੀ ਪ੍ਰਾਪਰਟੀ ਜ਼ਬਤ ਕਰਨ ਸਬੰਧੀ ਕੇਸ ਤਿਆਰ ਕੀਤੇ ਜਾਣਗੇ। ਐੱਸਪੀ ਨਵਰੀਤ ਸਿੰਘ ਵਿਰਕ ਨੇ ਦੱਸਿਆ ਕਿ ਪੁਲਸ ਵੱਲੋਂ ਜ਼ਿਲ੍ਹੇ ਅੰਦਰ ਚਲਾਈ ਜਾ ਰਹੀ ਇਸ ਮੁਹਿਮ ਦੇ ਤਹਿਤ ਹੁਣ ਤੱਕ 127 ਮੁਕਦਮੇ ਦਰਜ ਕਰਕੇ 170 ਦੇ ਕਰੀਬ ਨਸ਼ਾ ਵੇਚਣ ਵਾਲੇ ਸਮਗਲਰਾਂ ਨੂੰ ਜੇਲ੍ਹ ਦੀਆਂ ਸਲਾਖਾਂ ਪਿੱਛੇ ਭੇਜਿਆ ਜਾ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਪੁਲਸ ਵੱਲੋਂ ਨਸ਼ਿਆਂ ਵਿਰੁੱਧ ਵਿੱਡੀ ਇਹ ਮੁਹਿੰਮ ਤੇ ਇਹ ਸਰਚ ਆਪਰੇਸ਼ਨ ਅਗਲੇ ਦਿਨਾਂ ਵਿੱਚ ਵੀ ਇਸੇ ਤਰ੍ਹਾਂ ਜਾਰੀ ਰਹੇਗਾ। ਇਸ ਮੌਕੇ ਉਨ੍ਹਾਂ ਦੇ ਨਾਲ ਸਬ ਡਿਵੀਜ਼ਨ ਦੇ ਡੀਐੱਸਪੀ ਰਾਹੁਲ ਕੌਸ਼ਲ ਅਤੇ ਸਥਾਨਕ ਥਾਣਾ ਮੁਖੀ ਸਬ ਇੰਸਪੈਕਟਰ ਗੁਰਨਾਮ ਸਿੰਘ ਤੇ ਹੋਰ ਪੁਲਸ ਅਧਿਕਾਰੀ ਤੇ ਵੱਡੀ ਗਿਣਤੀ ਵਿੱਚ ਕਰਮਚਾਰੀ ਵੀ ਮੌਜੂਦ ਸਨ।

## ਡੰਕੀ ਲਗਾ ਕੇ ਨੌਜਵਾਨਾਂ ਨੂੰ ਡੌਂਕਰਾਂ ਕੋਲ ਫਸਾਉਣ ਦੇ ਮਾਮਲੇ 'ਚ ਵੱਡਾ ਖ਼ੁਲਾਸਾ

ਜਲੰਧਰ 13 ਅਕਤੂਬਰ। ਡੰਕੀ ਲਗਵਾ ਕੇ ਵਿਦੇਸ਼ ਭੇਜਣ ਵਾਲੇ ਏਜੰਟਾਂ ਦੇ ਗੈਂਗ ਦੀਆਂ ਜੜ੍ਹਾਂ ਜਲੰਧਰ ਵਿਚ ਨਿਕਲੀਆਂ ਹਨ। ਕਈ ਸਾਲਾਂ ਤੋਂ ਲਗਭਗ ਅੱਧਾ ਦਰਜਨ ਏਜੰਟ ਇਸ ਧੰਦੇ ਵਿਚ ਸ਼ਾਮਲ ਹਨ, ਜਿਨ੍ਹਾਂ ਕੋਲ ਨਾ ਤਾਂ ਕੋਈ ਦਫ਼ਤਰ ਹੈ ਅਤੇ ਨਾ ਹੀ ਲਾਇਸੈਂਸ ਪਰ ਫਿਰ ਵੀ ਉਕਤ ਏਜੰਟ ਲੋਕਾਂ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਡੰਕੀ ਰੂਟ 'ਤੇ ਭੇਜਦੇ ਹਨ ਅਤੇ ਦੇਸ਼ ਵਿਚੋਂ ਨਿਕਲਣ ਤੋਂ ਬਾਅਦ ਜੰਗਲਾਂ ਵਿਚ ਲਿਜਾ ਕੇ ਇਨ੍ਹਾਂ ਹੀ ਏਜੰਟਾਂ ਦੇ ਡੌਂਕਰ ਉਨ੍ਹਾਂ ਲੋਕਾਂ ਨੂੰ ਬੰਧਕ ਬਣਾ ਕੇ ਹੋਰ ਪੈਸਿਆਂ ਦੀ ਮੰਗ ਕਰਦੇ ਹਨ। ਮਾਮਲਾ ਜਦੋਂ ਬੰਧਕ ਬਣੇ ਲੋਕਾਂ ਦੇ ਘਰ ਵਾਲਿਆਂ ਤਕ ਪਹੁੰਚਦਾ ਹੈ ਤਾਂ ਫਿਰ ਏਜੰਟਾਂ ਦੀ ਐਂਟਰੀ ਹੁੰਦੀ ਹੈ, ਜੋ ਮੰਗੀ ਗਈ ਰਕਮ ਨੂੰ ਘੱਟ ਕਰਕੇ ਡੌਂਕਰ ਨਾਲ ਸੈਟਿੰਗ ਕਰਵਾ ਕੇ ਲੋਕਾਂ ਨੂੰ ਛੁਡਵਾ ਦਿੰਦੇ ਹਨ, ਜਦਕਿ ਉਸ ਰਕਮ ਦੀ ਅੱਧੀ ਰਾਸ਼ੀ ਏਜੰਟਾਂ ਨੂੰ ਮਿਲ ਜਾਂਦੀ ਹੈ।

## ਤਿਉਹਾਰ ਵਿਸ਼ੇਸ਼ ਰੇਲਗੱਡੀਆਂ-2025

**ਦੀਵਾਲੀ ਅਤੇ ਛੱਠ ਪੂਜਾ ਤਿਉਹਾਰਾਂ ਦੇ ਦੌਰਾਨ ਰੇਲਯਾਤਰੀਆਂ ਦੇ ਸੁਵਿਧਾਜਨਕ ਆਉਣ ਜਾਣ ਲਈ ਉਤਰ ਰੇਲਵੇ ਦੁਆਰਾ ਹੋਰ ਖੇਤਰੀ ਰੇਲਾਂ ਦੇ ਸਹਿਯੋਗ ਨਾਲ ਹੇਠਾਂ ਲਿਖਤ ਤਿਉਹਾਰ ਵਿਸ਼ੇਸ਼ ਰੇਲਗੱਡੀਆਂ ਚਲਾਈਆਂ ਜਾਣਗੀਆਂ, ਜਿਨ੍ਹਾਂ ਦਾ ਵੇਰਵਾ ਹੇਠਾਂ ਅਨੁਸਾਰ ਹੈ:-**

### ਉਤਰ ਰੇਲਵੇ ਨੈਟਵਰਕ ਨਾਲ ਯਾਤਰਾ ਸ਼ੁਰੂ ਕਰਨ ਵਾਲੀ/ਸਮਾਪਤ ਕਰਨ ਵਾਲੀਆਂ ਤਿਉਹਾਰ ਵਿਸ਼ੇਸ਼ ਰੇਲਗੱਡੀਆਂ ਦੀ ਸੂਚੀ

| ਵਿਸ਼ੇਸ਼ ਗੱਡੀ ਨੰ. | ਸਟੇਸ਼ਨ ਤੋਂ | ਪ੍ਰਸਥਾਨ ਸਮਾਂ | ਸਟੇਸ਼ਨ ਤਕ | ਆਗਮਨ ਸਮਾਂ | ਆਵ੍ਰਿਤੀ/ਚਲਣ ਦੇ ਦਿਨ | | ਚਲਣ ਦੀ ਮਿਤੀ |
|---|---|---|---|---|---|---|---|
| 02252 | ਨਵੀਂ ਦਿੱਲੀ (ਵੰਦੇ ਭਾਰਤ ਤਿਉਹਾਰ ਵਿਸ਼ੇਸ਼) | 08:35 | ਪਟਨਾ ਜੰ. | 21:30 | ਸਪਤਾਹ ਵਿਚ 3 ਦਿਨ | ਸੋਮਵਾਰ, ਬੁਧਵਾਰ ਸ਼ਨੀਵਾਰ | 15.11.25 ਤਕ |
| 02251 | ਪਟਨਾ ਜੰ. | 10:00 | ਨਵੀਂ ਦਿੱਲੀ | 23:30 | | ਮੰਗਲਵਾਰ, ਵੀਰਵਾਰ, ਐਤਵਾਰ | 16.11.25 ਤਕ |
| 02253 | ਪਟਨਾ ਜੰ. (ਵੰਦੇ ਭਾਰਤ ਤਿਉਹਾਰ ਵਿਸ਼ੇਸ਼) | 10:00 | ਨਵੀਂ ਦਿੱਲੀ | 23:30 | ਸਪਤਾਹ ਵਿਚ 3 ਦਿਨ | ਸ਼ਨੀਵਾਰ, ਸੋਮਵਾਰ, ਬੁਧਵਾਰ | 17.11.25 ਤਕ |
| 02254 | ਨਵੀਂ ਦਿੱਲੀ | 08:35 | ਪਟਨਾ ਜੰ. | 21:30 | | ਐਤਵਾਰ, ਮੰਗਲਵਾਰ, ਵੀਰਵਾਰ | 16.11.25 ਤਕ |
| 04203 | ਲਖਨਊ | 08:05 | ਨਵੀਂ ਦਿੱਲੀ | 18:30 | ਸਪਤਾਹਿਕ | ਸੋਮਵਾਰ | 24.11.2025 ਤਕ |
| 04204 | ਨਵੀਂ ਦਿੱਲੀ | 20:20 | ਲਖਨਊ | 06:35 | | | |
| 04008 | ਆਨੰਦ ਵਿਹਾਰ (ਟਰਮੀਨਲ) | 08:30 | ਜੋਗਬਨੀ | 17:00 | ਸਪਤਾਹਿਕ | ਸ਼ਨੀਵਾਰ | 29.11.2025 ਤਕ |
| 04007 | ਜੋਗਬਨੀ | 18:30 | ਆਨੰਦ ਵਿਹਾਰ (ਟਰਮੀਨਲ) | 03:00 | | ਐਤਵਾਰ | 30.11.2025 ਤਕ |
| 04010 | ਦਿੱਲੀ ਜੰ. | 23:05 | ਸੀਤਾਮੜ੍ਹੀ | 22:30 | ਸਪਤਾਹਿਕ | ਵੀਰਵਾਰ | 27.11.2025 ਤਕ |
| 04009 | ਸੀਤਾਮੜ੍ਹੀ | 23:55 | ਦਿੱਲੀ ਜੰ. | 23:58 | | ਸ਼ੁਕਰਵਾਰ | 28.11.2025 ਤਕ |
| 04022 | ਨਵੀਂ ਦਿੱਲੀ | 14:00 | ਗੋਰਖਪੁਰ ਜੰ. | 05:00 | ਸਪਤਾਹਿਕ | ਸ਼ੁਕਰਵਾਰ | 28.11.2025 ਤਕ |
| 04021 | ਗੋਰਖਪੁਰ ਜੰ. | 07:00 | ਨਵੀਂ ਦਿੱਲੀ | 23:10 | | ਸ਼ਨੀਵਾਰ | 29.11.2025 ਤਕ |
| 04060 | ਆਨੰਦ ਵਿਹਾਰ (ਟਰਮੀਨਲ) | 09:00 | ਜਯਨਗਰ | 07:30 | ਸਪਤਾਹਿਕ | ਵੀਰਵਾਰ | 27.11.2025 ਤਕ |
| 04059 | ਜਯਨਗਰ | 10:00 | ਆਨੰਦ ਵਿਹਾਰ (ਟਰਮੀਨਲ) | 08:40 | | ਸ਼ੁਕਰਵਾਰ | 28.11.2025 ਤਕ |
| 04070 | ਆਨੰਦ ਵਿਹਾਰ (ਟਰਮੀਨਲ) | 00:20 | ਰਾਜਗੀਰ | 19:50 | ਸਪਤਾਹਿਕ | ਸ਼ੁਕਰਵਾਰ | 28.11.2025 ਤਕ |
| 04069 | ਰਾਜਗੀਰ | 23:30 | ਆਨੰਦ ਵਿਹਾਰ (ਟਰਮੀਨਲ) | 19:00 | | | |
| 04064 | ਦਿੱਲੀ ਜੰ. | 11:00 | ਭਾਗਲਪੁਰ | 10:30 | ਸਪਤਾਹਿਕ | ਮੰਗਲਵਾਰ | 25.11.2025 ਤਕ |
| 04063 | ਭਾਗਲਪੁਰ | 13:40 | ਦਿੱਲੀ ਜੰ. | 15:30 | | ਬੁਧਵਾਰ | 26.11.2025 ਤਕ |
| 04525 | ਸਹਾਰਨਪੁਰ ਜੰ. | 04:40 | ਅੰਬਾਲਾ ਕੈਂਟ | 06:45 | ਰੋਜਾਨਾ | ਸੋਮ, ਮੰਗਲ, ਬੁਧ, ਵੀਰਵਾਰ | 30.11.2025 ਤਕ |
| 04526 | ਅੰਬਾਲਾ ਕੈਂਟ | 20:20 | ਸਹਾਰਨਪੁਰ ਜੰ. | 22:30 | | ਸ਼ੁਕਰ, ਸ਼ਨੀ, ਐਤ | |
| 04219 | ਸ਼ਾਹਗੰਜ | 22:35 | ਅਯੁਧਿਆ ਧਾਮ | 01:40 | ਰੋਜਾਨਾ | ਸੋਮ, ਮੰਗਲ, ਬੁਧ, ਵੀਰਵਾਰ | 30.11.2025 ਤਕ |
| 04220 | ਅਯੁਧਿਆ ਧਾਮ | 02:10 | ਸ਼ਾਹਗੰਜ | 04:40 | | ਸ਼ੁਕਰ, ਸ਼ਨੀ, ਐਤ | |
| 04450 | ਨਵੀਂ ਦਿੱਲੀ | 15:10 | ਦਰਭੰਗਾ ਜੰ. | 16:30 | ਰੋਜਾਨਾ | ਸੋਮ, ਮੰਗਲ, ਬੁਧ, ਵੀਰਵਾਰ | 30.11.2025 ਤਕ |
| 04449 | ਦਰਭੰਗਾ ਜੰ. | 18:15 | ਨਵੀਂ ਦਿੱਲੀ | 23:00 | | ਸ਼ੁਕਰ, ਸ਼ਨੀ, ਐਤ | 01.12.2025 ਤਕ |
| 04454 | ਨਵੀਂ ਦਿੱਲੀ | 20:00 | ਮਾਨਸੀ ਜੰ. | 23:30 | ਰੋਜਾਨਾ | ਸੋਮ, ਮੰਗਲ, ਬੁਧ, ਵੀਰਵਾਰ | 30.11.2025 ਤਕ |
| 04453 | ਮਾਨਸੀ ਜੰ. | 01:10 | ਨਵੀਂ ਦਿੱਲੀ | 03:00 | | ਸ਼ੁਕਰ, ਸ਼ਨੀ, ਐਤ | 02.12.2025 ਤਕ |
| 04456 | ਨਵੀਂ ਦਿੱਲੀ | 22:40 | ਧਨਬਾਦ ਜੰ. | 02:20 | ਰੋਜਾਨਾ | ਸੋਮ, ਮੰਗਲ, ਬੁਧ, ਵੀਰਵਾਰ | 30.11.2025 ਤਕ |
| 04455 | ਧਨਬਾਦ ਜੰ. | 04:00 | ਨਵੀਂ ਦਿੱਲੀ | 06:00 | | ਸ਼ੁਕਰ, ਸ਼ਨੀ, ਐਤ | 02.12.2025 ਤਕ |
| 04458 | ਆਨੰਦ ਵਿਹਾਰ (ਟਰਮੀਨਲ) | 13:40 | ਭਾਗਲਪੁਰ | 14:30 | ਰੋਜਾਨਾ | ਸੋਮ, ਮੰਗਲ, ਬੁਧ, ਵੀਰਵਾਰ | 30.11.2025 ਤਕ |
| 04457 | ਭਾਗਲਪੁਰ | 18:00 | ਆਨੰਦ ਵਿਹਾਰ (ਟਰਮੀਨਲ) | 22:00 | | ਸ਼ੁਕਰ, ਸ਼ਨੀ, ਐਤ | 01.12.2025 ਤਕ |
| 04016 | ਆਨੰਦ ਵਿਹਾਰ (ਟਰਮੀਨਲ) | 15:30 | ਸੀਤਾਮੜ੍ਹੀ | 15:00 | ਰੋਜਾਨਾ | ਸੋਮ, ਮੰਗਲ, ਬੁਧ, ਵੀਰਵਾਰ | 30.11.2025 ਤਕ |
| 04015 | ਸੀਤਾਮੜ੍ਹੀ | 16:30 | ਆਨੰਦ ਵਿਹਾਰ (ਟਰਮੀਨਲ) | 18:15 | | ਸ਼ੁਕਰ, ਸ਼ਨੀ, ਐਤ | 01.12.2025 ਤਕ |
| 04452 | ਨਵੀਂ ਦਿੱਲੀ | 18:15 | ਹਾਵੜਾ ਜੰ. | 21:30 | ਰੋਜਾਨਾ | ਸੋਮ, ਮੰਗਲ, ਬੁਧ, ਵੀਰਵਾਰ | 19.12.2025 ਤਕ |
| 04451 | ਹਾਵੜਾ ਜੰ. | 23:50 | ਨਵੀਂ ਦਿੱਲੀ | 04:10 | | ਸ਼ੁਕਰ, ਸ਼ਨੀ, ਐਤ | 20.12.2025 ਤਕ |
| 04094 | ਹਜ਼ਰਤ ਨਿਜ਼ਾਮੂਦੀਨ ਜੰ. | 11:00 | ਪਟਨਾ ਜੰ. | 05:00 | ਰੋਜਾਨਾ | ਸੋਮ, ਮੰਗਲ, ਬੁਧ, ਵੀਰਵਾਰ | 29.11.2025 ਤਕ |
| 04093 | ਪਟਨਾ ਜੰ. | 07:45 | ਹਜਰਤ ਨਿਜਾਮੂਦੀਨ ਜੰ. | 00:45 | | ਸ਼ੁਕਰ, ਸ਼ਨੀ, ਐਤ | 30.11.2025 ਤਕ |
| 04096 | ਆਨੰਦ ਵਿਹਾਰ (ਟਰਮੀਨਲ) | 00:05 | ਪਾਟਲੀਪੁਤਰ | 21:30 | ਰੋਜਾਨਾ | ਸੋਮ, ਮੰਗਲ, ਬੁਧ, ਵੀਰਵਾਰ | 29.11.2025 ਤਕ |
| 04095 | ਪਾਟਲੀਪੁਤਰ | 00:30 | ਆਨੰਦ ਵਿਹਾਰ (ਟਰਮੀਨਲ) | 21:30 | | ਸ਼ੁਕਰ, ਸ਼ਨੀ, ਐਤ | 30.11.2025 ਤਕ |
| 04098 | ਨਵੀਂ ਦਿੱਲੀ | 09:30 | ਹਸਨਪੁਰ ਰੋਡ ਜੰ. | 12:00 | ਰੋਜਾਨਾ | ਸੋਮ, ਮੰਗਲ, ਬੁਧ, ਵੀਰਵਾਰ | 29.11.2025 ਤਕ |
| 04097 | ਹਸਨਪੁਰ ਰੋਡ ਜੰ. | 15:00 | ਨਵੀਂ ਦਿੱਲੀ | 18:30 | | ਸ਼ੁਕਰ, ਸ਼ਨੀ, ਐਤ | 30.11.2025 ਤਕ |
| 02877 | ਰਾਂਚੀ ਜੰ. | 23:55 | ਆਨੰਦ ਵਿਹਾਰ (ਟਰਮੀਨਲ) | 03:00 | ਸਪਤਾਹਿਕ | ਸ਼ੁਕਰਵਾਰ | 17.10.25 ਤੋਂ 31.10.25 |
| 02878 | ਆਨੰਦ ਵਿਹਾਰ (ਟਰਮੀਨਲ) | 04:00 | ਰਾਂਚੀ ਜੰ. | 05:00 | | ਐਤਵਾਰ | 19.10.25 ਤੋਂ 02.11.25 |
| 04504 | ਚੰਡੀਗੜ੍ਹ ਜੰ. | 23:35 | ਪਟਨਾ ਜੰ. | 21:00 | ਸਪਤਾਹਿਕ | ਵੀਰਵਾਰ | 27.11.2025 ਤਕ |
| 04503 | ਪਟਨਾ ਜੰ. | 23:00 | ਚੰਡੀਗੜ੍ਹ ਜੰ. | 23:10 | | ਸ਼ੁਕਰਵਾਰ | 28.11.2025 ਤਕ |
| 04608 | ਅੰਮ੍ਰਿਤਸਰ ਜੰ. | 09:40 | ਛਪਰਾ ਜੰ. | 09:00 | ਸਪਤਾਹਿਕ | ਐਤਵਾਰ | 30.11.2025 ਤਕ |
| 04607 | ਛਪਰਾ ਜੰ. | 12:00 | ਅੰਮ੍ਰਿਤਸਰ ਜੰ. | 13:30 | | ਸੋਮਵਾਰ | 01.12.2025 |
| 05314 | ਗੋਮਤੀ ਨਗਰ | 00:15 | ਮਹਿਬੂਬਨਗਰ | 19:10 | ਸਪਤਾਹਿਕ | ਐਤਵਾਰ | 02.11.2025 ਤਕ |
| 05313 | ਮਹਿਬੂਬਪੁਰ | 22:10 | ਗੋਮਤੀ ਨਗਰ | 15:00 | | ਸੋਮਵਾਰ | 03.11.2025 ਤਕ |
| 05017 | ਮਊ ਜੰ. | 05:30 | ਓਧਨਾ ਜੰ. | 12:00 | ਸਪਤਾਹਿਕ | ਸ਼ਨੀਵਾਰ | 01.11.2025 ਤਕ |
| 05018 | ਓਧਨਾ ਜੰ. | 15:00 | ਮਊ ਜੰ. | 22:30 | | ਐਤਵਾਰ | 02.11.2025 ਤਕ |
| 05115 | ਛਪਰਾ ਜੰ. | 17:45 | ਓਧਨਾ ਜੰ. | 07:00 | ਸਪਤਾਹਿਕ | ਸ਼ੁਕਰਵਾਰ | 28.11.2025 ਤਕ |
| 05116 | ਓਧਨਾ ਜੰ. | 10:00 | ਛਪਰਾ ਜੰ. | 23:00 | | ਐਤਵਾਰ | 30.11.2025 ਤਕ |
| 05736 | ਕਟਿਹਾਰ ਜੰ. | 21:00 | ਅੰਮ੍ਰਿਤਸਰ ਜੰ. | 09:45 | ਸਪਤਾਹਿਕ | ਬੁਧਵਾਰ | 05.11.2025 ਤਕ |
| 05735 | ਅੰਮ੍ਰਿਤਸਰ ਜੰ. | 13:25 | ਕਟਿਹਾਰ ਜੰ. | 23:45 | | ਸ਼ੁਕਰਵਾਰ | 07.11.2025 ਤਕ |
| 04090 | ਆਨੰਦ ਵਿਹਾਰ (ਟਰਮੀਨਲ) | 14:25 | ਪਟਨਾ ਜੰ. | 11:00 | ਰੋਜਾਨਾ | ਸੋਮ, ਮੰਗਲ, ਬੁਧ, ਵੀਰਵਾਰ | 29.11.2025 ਤਕ |
| 04089 | ਪਟਨਾ ਜੰ. | 18:20 | ਆਨੰਦ ਵਿਹਾਰ (ਟਰਮੀਨਲ) | 14:50 | | ਸ਼ੁਕਰ, ਸ਼ਨੀ, ਐਤ | 30.11.2025 ਤਕ |
| 04217 | ਵਾਰਾਨਸੀ ਜੰ. | 06:25 | ਲਖਨਊ | 11:45 | ਰੋਜਾਨਾ | ਸੋਮ, ਮੰਗਲ, ਬੁਧ, ਵੀਰਵਾਰ | 30.11.2025 ਤਕ |
| 04218 | ਲਖਨਊ | 16:30 | ਵਾਰਾਨਸੀ ਜੰ. | 21:50 | | ਸ਼ੁਕਰ, ਸ਼ਨੀ, ਐਤ | |
| 04221 | ਵਾਰਾਨਸੀ ਜੰ. | 20:40 | ਬਠਿੰਡਾ ਜੰ. | 17:00 | ਸਪਤਾਹ ਵਿਚ 2 ਦਿਨ | ਮੰਗਲਵਾਰ, ਸ਼ੁਕਰਵਾਰ | 28.11.2025 ਤਕ |
| 04222 | ਬਠਿੰਡਾ ਜੰ. | 20:50 | ਵਾਰਾਨਸੀ ਜੰ. | 18:00 | | ਬੁਧਵਾਰ, ਸ਼ਨੀਵਾਰ | 29.11.2025 ਤਕ |
| 04224 | ਵਾਰਾਨਸੀ ਜੰ. | 14:50 | ਚੰਡੀਗੜ੍ਹ | 08:30 | ਸਪਤਾਹ ਵਿਚ 3 ਦਿਨ | ਸੋਮ, ਬੁਧ, ਸ਼ੁਕਰ | 28.11.2025 ਤਕ |
| 04223 | ਚੰਡੀਗੜ੍ਹ | 09:30 | ਵਾਰਾਨਸੀ ਜੰ. | 04:00 | | ਮੰਗਲ, ਵੀਰ, ਸ਼ਨੀ | 29.11.2025 ਤਕ |
| 05742 | ਨਿਊ ਜਲਪਾਈਗੁੜ੍ਹੀ | 07:00 | ਗੋਮਤੀ ਨਗਰ | 07:15 | ਸਪਤਾਹਿਕ | ਐਤਵਾਰ | 02.11.2025 ਤਕ |
| 05741 | ਗੋਮਤੀਨਗਰ | 09:40 | ਨਿਊ ਜਲਪਾਈਗੁੜ੍ਹੀ | 09:25 | | ਸੋਮਵਾਰ | 03.11.2025 ਤਕ |
| 05734 | ਕਿਸ਼ਨਗੰਜ | 09:10 | ਅੰਮ੍ਰਿਤਸਰ ਜੰ. | 00:10 | ਸਪਤਾਹਿਕ | ਵੀਰਵਾਰ | 13.11.2025 ਤਕ |
| 05733 | ਅੰਮ੍ਰਿਤਸਰ ਜੰ. | 04:25 | ਕਿਸ਼ਨਗੰਜ | 17:30 | | ਸ਼ਨੀਵਾਰ | 15.11.2025 ਤਕ |
| 05325 | ਗੋਮਤੀ ਨਗਰ | 00:15 | ਲੋਕਮਾਨਯ ਤਿਲਕ ਟ. | 05:50 | ਸਪਤਾਹਿਕ | ਸ਼ਨੀਵਾਰ | 01.11.2025 ਤਕ |
| 05326 | ਲੋਕਮਾਨਯ ਤਿਲਕ (ਟ.) | 07:55 | ਗੋਮਤੀ ਨਗਰ | 10:45 | | ਐਤਵਾਰ | 02.11.2025 ਤਕ |
| 05023 | ਗੋਮਤੀ ਨਗਰ | 23:55 | ਖਾਤੀਪੁਰਾ | 17:30 | ਸਪਤਾਹਿਕ | ਮੰਗਲਵਾਰ | 04.11.2025 ਤਕ |
| 05024 | ਖਾਤੀਪੁਰਾ | 18:50 | ਗੋਮਤੀ ਨਗਰ | 11:45 | | ਬੁਧਵਾਰ | 05.11.2025 ਤਕ |
| 04195 | ਆਗਰਾ ਕੈਂਟ | 05:00 | ਜੋਗਬਨੀ | 18:45 | ਸਪਤਾਹਿਕ | ਸ਼ੁਕਰਵਾਰ | 28.11.2025 ਤਕ |
| 04196 | ਜੋਗਬਨੀ | 21:00 | ਆਗਰਾ ਕੈਂਟ | 07:10 | | ਸ਼ਨੀਵਾਰ | 29.11.2025 ਤਕ |
| 08763 | ਦੁਰਗ ਜੰ. | 07:20 | ਸੁਲਤਾਨਪੁਰ ਜੰ. | 07:00 | ਸਪਤਾਹਿਕ | ਸ਼ਨੀਵਾਰ | 29.11.2025 ਤਕ |
| 08764 | ਸੁਲਤਾਨਪੁਰ ਜੰ. | 10:00 | ਦੁਰਗ ਜੰ. | 12:50 | | ਐਤਵਾਰ | 30.11.2025 ਤਕ |
| 01491 | ਪੁਣੇ ਜੰ. | 17:30 | ਹਜ਼ਰਤ ਨਿਜ਼ਾਮੂਦੀਨ | 20:00 | ਸਪਤਾਹਿਕ | ਸ਼ੁਕਰਵਾਰ | 28.11.2025 ਤਕ |
| 01492 | ਹਜ਼ਰਤ ਨਿਜ਼ਾਮੂਦੀਨ | 21:25 | ਪੁਣੇ ਜੰ. | 23:55 | | ਸ਼ਨੀਵਾਰ | 29.11.2025 ਤਕ |
| 01079 | ਛਤਰਪਤੀ ਸ਼ਿਵਾਜੀ ਮਹਾਰਾਜ ਟ. | 22:30 | ਗੋਰਖਪੁਰ ਜੰ. | 10:00 | ਰੋਜਾਨਾ | ਸੋਮ, ਮੰਗਲ, ਬੁਧ, ਵੀਰਵਾਰ | 30.11.2025 ਤਕ |
| 01080 | ਗੋਰਖਪੁਰ ਜੰ. | 14:30 | ਛਤਰਪਤੀ ਸ਼ਿਵਾਜੀ ਮਹਾਰਾਜ ਟ. | 00:40 | | ਸ਼ੁਕਰ, ਸ਼ਨੀ, ਐਤ | 02.12.2025 ਤਕ |
| 03107 | ਕੋਲਕਾਤਾ | 23:55 | ਲਖਨਊ | 00:10 | ਸਪਤਾਹਿਕ | ਵੀਰਵਾਰ | 06.11.2025 ਤਕ |
| 03108 | ਲਖਨਊ | 01:40 | ਕੋਲਕਾਤਾ | 00:40 | | ਸ਼ਨੀਵਾਰ | 08.11.2025 ਤਕ |
| 03435 | ਮਾਲਦਾ ਟਾਊਨ | 09:30 | ਆਨੰਦ ਵਿਹਾਰ (ਟ.) | 13:40 | ਸਪਤਾਹਿਕ | ਸੋਮਵਾਰ | 24.11.2025 ਤਕ |
| 03436 | ਆਨੰਦ ਵਿਹਾਰ (ਟ.) | 15:45 | ਮਾਲਦਾ ਟਾਊਨ | 21:05 | | ਮੰਗਲਵਾਰ | 25.11.2025 ਤਕ |
| 02391 | ਪਟਨਾ ਜੰ. | 22:20 | ਆਨੰਦ ਵਿਹਾਰ (ਟ.) | 18:30 | ਸਪਤਾਹਿਕ | ਸ਼ਨੀਵਾਰ | 29.11.2025 ਤਕ |
| 02392 | ਆਨੰਦ ਵਿਹਾਰ (ਟ.) | 23:20 | ਪਟਨਾ ਜੰ. | 17:20 | | ਐਤਵਾਰ | 30.11.2025 ਤਕ |
| 09083 | ਮੁੰਬਈ ਸੈਂਟਰਲ | 23:10 | ਬਨਾਰਸ | 10:30 | ਸਪਤਾਹਿਕ | ਬੁਧਵਾਰ | 05.11.2025 ਤਕ |
| 09084 | ਬਨਾਰਸ | 14:30 | ਮੁੰਬਈ ਸੈਂਟਰਲ | 04:20 | | ਸ਼ੁਕਰਵਾਰ | 07.11.2025 ਤਕ |
| 09111 | ਵਡੋਦਰਾ ਜੰ. | 19:00 | ਗੋਰਖਪੁਰ ਜੰ. | 23:30 | ਸਪਤਾਹਿਕ | ਸ਼ਨੀਵਾਰ | 29.11.2025 ਤਕ |
| 09112 | ਗੋਰਖਪੁਰ ਜੰ. | 05:00 | ਵਡੋਦਰਾ ਜੰ. | 08:00 | | ਸੋਮਵਾਰ | 01.12.2025 ਤਕ |
| 04687 | ਬਾਨਹਾਲ | 18:40 | ਬਡਗਾਮ | 20:20 | ਸਪਤਾਹ ਵਿਚ 6 ਦਿਨ | ਸ਼ੁਕਰਵਾਰ ਨੂੰ ਛੱਡ ਕੇ | 02.12.2025 ਤਕ |
| 04688 | ਬਡਗਾਮ | 08:35 | ਬਨਹਾਲ | 10:40 | | | |
| 09639 | ਮਦਾਰ ਜੰ. | 04:30 | ਰੋਹਤਕ ਜੰ. | 12:50 | ਸਪਤਾਹਿਕ | ਸੋਮ, ਮੰਗਲ, ਬੁਧ, ਵੀਰ | 30.11.2025 ਤਕ |
| 09640 | ਰੋਹਤਕ ਜੰ. | 13:20 | ਮਦਾਰ ਜੰ. | 22:35 | | ਸ਼ੁਕਰ, ਸ਼ਨੀ, ਐਤ | |
| 09523 | ਓਖਾ | 10:00 | ਸ਼ਕੂਰਬਸਤੀ | 10:35 | ਸਪਤਾਹਿਕ | ਮੰਗਲਵਾਰ | 25.11.2025 ਤਕ |
| 09524 | ਸ਼ਕੂਰਬਸਤੀ | 13:15 | ਓਖਾ | 13:50 | | ਬੁਧਵਾਰ | 26.11.2025 ਤਕ |
| 01415 | ਪੁਣੇ ਜੰ. | 06:50 | ਗੋਰਖਪੁਰ ਜੰ. | 16:00 | ਰੋਜਾਨਾ | ਸੋਮ, ਮੰਗਲ, ਬੁਧ, ਵੀਰ | 30.11.2025 ਤਕ |
| 01416 | ਗੋਰਖਪੁਰ ਜੰ. | 17:30 | ਪੁਣੇ ਜੰ. | 03:15 | | ਸ਼ੁਕਰ, ਸ਼ਨੀ, ਐਤ | 01.12.2025 ਤਕ |
| 05301 | ਮਊ ਜੰ. | 04:00 | ਅੰਬਾਲਾ ਛਾਉਣੀ ਜੰ. | 00:30 | ਸਪਤਾਹਿਕ | ਵੀਰਵਾਰ | 27.11.2025 ਤਕ |
| 05302 | ਅੰਬਾਲਾ ਛਾਉਣੀ ਜੰ. | 01:40 | ਮਊ ਜੰ. | 22:00 | | ਸ਼ੁਕਰਵਾਰ | 28.11.2025 ਤਕ |
| 05005 | ਬੜਨੀ | 15:10 | ਅੰਮ੍ਰਿਤਸਰ | 09:30 | ਸਪਤਾਹਿਕ | ਬੁਧਵਾਰ | 26.11.2025 ਤਕ |
| 05006 | ਅੰਮ੍ਰਿਤਸਰ | 12:45 | ਬੜਨੀ | 08:15 | | ਵੀਰਵਾਰ | 27.11.2025 ਤਕ |
| 01707 | ਜਬਲਪੁਰ | 14:15 | ਆਨੰਦ ਵਿਹਾਰ (ਟਰਮੀਨਲ) | 12:25 | ਸਪਤਾਹਿਕ | ਸੋਮਵਾਰ | 03.11.2025 ਤਕ |
| 01708 | ਆਨੰਦ ਵਿਹਾਰ (ਟਰਮੀਨਲ) | 13:45 | ਜਬਲਪੁਰ | 09:30 | | ਮੰਗਲਵਾਰ | 04.11.2025 ਤਕ |
| 01431 | ਪੁਣੇ ਜੰ. | 06:40 | ਗਾਜੀਪੁਰ ਸਿਟੀ | 19:40 | ਸਪਤਾਹ ਵਿਚ 2 ਦਿਨ | ਸ਼ੁਕਰਵਾਰ, ਮੰਗਲਵਾਰ | 28.11.2025 ਤਕ |
| 01432 | ਗਾਜੀਪੁਰ ਸਿਟੀ | 22:40 | ਪੁਣੇ ਜੰ. | 16:20 | | ਸ਼ਨੀਵਾਰ, ਬੁਧਵਾਰ | 29.11.2025 ਤਕ |
| 01123 | ਲੋਕਮਾਨਯ ਤਿਲਕ ਟਰਮੀਨਲ | 12:15 | ਮਊ ਜੰ. | 05:35 | ਸਪਤਾਹ ਵਿਚ 2 ਦਿਨ | ਸ਼ੁਕਰਵਾਰ, ਐਤਵਾਰ | 30.11.2025 ਤਕ |
| 01124 | ਮਊ ਜੰ. | 07:35 | ਲੋਕਮਾਨਯ ਤਿਲਕ ਟਰਮੀਨਲ | 22:20 | | ਐਤਵਾਰ, ਮੰਗਲਵਾਰ | 02.12.2025 ਤਕ |
| 01051 | ਲੋਕਮਾਨਯ ਤਿਲਕ ਟਰਮੀਨਲ | 12:15 | ਬਨਾਰਸ | 01:10 | ਸਪਤਾਹ ਵਿਚ 2 ਦਿਨ | ਬੁਧਵਾਰ, ਵੀਰਵਾਰ | 27.11.2025 ਤਕ |
| 01052 | ਬਨਾਰਸ | 06:35 | ਲੋਕਮਾਨਯ ਤਿਲਕ ਟਰਮੀਨਲ | 16:40 | | ਸ਼ੁਕਰਵਾਰ, ਸ਼ਨੀਵਾਰ | 29.11.2025 ਤਕ |
| 09061 | ਬਾਂਦਰਾ ਟਰਮੀਨਲ | 21:20 | ਬਰੌਨੀ ਜੰ. | 19:15 | ਸਪਤਾਹਿਕ | ਸੋਮਵਾਰ | 24.11.2025 ਤਕ |
| 09062 | ਬਰੌਨੀ ਜੰ. | 12:15 | ਬਾਂਦਰਾ ਟਰਮੀਨਲ | 06:30 | | ਵੀਰਵਾਰ | 27.11.2025 ਤਕ |
| 09257 | ਭਾਵਨਗਰ | 13:50 | ਸ਼ਕੂਰਬਸਤੀ | 10:35 | ਸਪਤਾਹਿਕ | ਸ਼ੁਕਰਵਾਰ | 28.11.2025 ਤਕ |
| 09258 | ਸ਼ਕੂਰਬਸਤੀ | 13:15 | ਭਾਵਨਗਰ | 10:45 | | ਸ਼ਨੀਵਾਰ | 29.11.2025 ਤਕ |
| 02417 | ਪ੍ਰਯਾਗਰਾਜ | 21:35 | ਦਿੱਲੀ ਜੰ. | 08:55 | ਸਪਤਾਹ ਵਿਚ 2 ਦਿਨ | ਸ਼ੁਕਰਵਾਰ, ਸ਼ਨੀਵਾਰ | 29.11.2025 ਤਕ |
| 02418 | ਦਿੱਲੀ ਜੰ. | 09:30 | ਪ੍ਰਯਾਗਰਾਜ | 19:40 | | ਸ਼ਨੀਵਾਰ, ਐਤਵਾਰ | 30.11.2025 ਤਕ |
| 02275 | ਸੂਬੇਦਾਰਗੰਜ | 21:40 | ਦਿੱਲੀ ਜੰ. | 08:55 | ਸਪਤਾਹਿਕ | ਵੀਰਵਾਰ | 27.11.2025 ਤਕ |
| 02276 | ਦਿੱਲੀ ਜੰ. | 09:30 | ਸੂਬੇਦਾਰਗੰਜ | 19:35 | | ਸ਼ੁਕਰਵਾਰ | 28.11.2025 ਤਕ |
| 05047 | ਬਨਾਰਸ | 10:45 | ਕੋਲਕਾਤਾ | 05:25 | ਸਪਤਾਹਿਕ | ਮੰਗਲਵਾਰ | 04.11.2025 ਤਕ |
| 05048 | ਕੋਲਕਾਤਾ | 08:25 | ਬਨਾਰਸ | 04:15 | | ਬੁਧਵਾਰ | 05.11.2025 ਤਕ |
| 09309 | ਇੰਦੌਰ ਜੰ. | 17:00 | ਹਜਰਤ ਨਿਜਾਮੂਦੀਨ | 05:00 | ਸਪਤਾਹ ਵਿਚ 2 ਦਿਨ | ਸ਼ੁਕਰਵਾਰ, ਐਤਵਾਰ | 30.11.2025 ਤਕ |
| 09310 | ਹਜ਼ਰਤ ਨਿਜ਼ਾਮੂਦੀਨ | 08:20 | ਇੰਦੌਰ ਜੰ. | 21:00 | | ਸ਼ਨੀਵਾਰ, ਸੋਮਵਾਰ | 01.12.2025 ਤਕ |
| 09095 | ਬਾਂਦਰਾ ਟਰਮੀਨਲ | 11:00 | ਅਯੁਧਿਆ ਕੈਂਟ | 17:30 | ਸਪਤਾਹਿਕ | ਬੁਧਵਾਰ | 19.11.2025 ਤਕ |
| 09096 | ਅਯੁਧਿਆ ਕੈਂਟ | 21:00 | ਬਾਂਦਰਾ ਟਰਮੀਨਲ | 06:00 | | ਵੀਰਵਾਰ | 20.11.2025 ਤਕ |
| 09097 | ਬਾਂਦਰਾ ਟਰਮੀਨਲ | 21:50 | ਲੁਧਿਆਣਾ ਜੰ. | 00:30 | ਸਪਤਾਹਿਕ | ਐਤਵਾਰ | 30.11.2025 ਤਕ |
| 09098 | ਲੁਧਿਆਣਾ ਜੰ. | 04:00 | ਬਾਂਦਰਾ ਟ. | 10:20 | | ਮੰਗਲਵਾਰ | 02.12.2025 ਤਕ |
| 07095 | ਚਰਲਪੱਲੀ | 07:40 | ਹਜਰਤ ਨਿਜਾਮੂਦੀਨ | 16:00 | ਸਪਤਾਹ ਵਿਚ 2 ਦਿਨ | ਮੰਗਲਵਾਰ, ਵੀਰਵਾਰ | 16.10.25 ਤਕ |
| 07096 | ਹਜਰਤ ਨਿਜਾਮੂਦੀਨ | 19:00 | ਚਰਲਪੱਲੀ | 04:00 | | ਬੁਧਵਾਰ, ਸ਼ੁਕਰਵਾਰ | 17.10.25 ਤਕ |
| 03255 | ਪਟਨਾ ਜੰ. | 22:20 | ਆਨੰਦ ਵਿਹਾਰ ਟਰਮੀਨਲ | 18:35 | ਸਪਤਾਹ ਵਿਚ 2 ਦਿਨ | ਐਤਵਾਰ, ਵੀਰਵਾਰ | ਅਗਲੇ ਆਦੇਸ਼ ਤਕ |
| 03256 | ਆਨੰਦ ਵਿਹਾਰ ਟਰਮੀਨਲ | 23:30 | ਪਟਨਾ ਜੰ. | 18:35 | | ਸੋਮਵਾਰ, ਸ਼ੁਕਰਵਾਰ | ਅਗਲੇ ਆਦੇਸ਼ ਤਕ |
| 05049 | ਛਪਰਾ | 10:15 | ਅੰਮ੍ਰਿਤਸਰ | 13:50 | ਸਪਤਾਹਿਕ | ਸ਼ੁਕਰਵਾਰ | ਅਗਲੇ ਆਦੇਸ਼ ਤਕ |
| 05050 | ਅੰਮ੍ਰਿਤਸਰ | 17:45 | ਛਪਰਾ | 23:55 | | ਸ਼ਨੀਵਾਰ | ਅਗਲੇ ਆਦੇਸ਼ ਤਕ |
| 05057 | ਗੋਰਖਪੁਰ ਜੰ. | 22:45 | ਦਿੱਲੀ ਜੰ. | 12:50 | ਸਪਤਾਹਿਕ | ਵੀਰਵਾਰ | 16.10.25 ਤੋਂ ਅਗਲੇ ਆਦੇਸ਼ ਤਕ |
| 05058 | ਦਿੱਲੀ ਜੰ. | 14:00 | ਗੋਰਖਪੁਰ ਜੰ. | 06:25 | | ਸ਼ੁਕਰਵਾਰ | ਅਗਲੇ ਆਦੇਸ਼ ਤਕ |
| 03257 | ਦਾਨਾਪੁਰ | 07:30 | ਆਨੰਦ ਵਿਹਾਰ ਟ. | 00:30 | ਸਪਤਾਹਿਕ | ਐਤਵਾਰ | 30.11.2025 ਤਕ |
| 03258 | ਆਨੰਦ ਵਿਹਾਰ ਟ. | 05:00 | ਦਾਨਾਪੁਰ | 20:45 | | ਸੋਮਵਾਰ | 01.12.2025 ਤਕ |
| 05219 | ਮੁਜਫਰਪੁਰ ਜੰ. | 13:30 | ਆਨੰਦ ਵਿਹਾਰ ਟ. | 10:00 | ਸਪਤਾਹਿਕ | ਸ਼ਨੀਵਾਰ | 18.10.25 ਤੋਂ 29.11.25 |
| 05220 | ਆਨੰਦ ਵਿਹਾਰ ਟ. | 12:00 | ਮੁਜ਼ੱਫਰਪੁਰ ਜੰ. | 09:45 | | ਐਤਵਾਰ | 19.10.25 ਤੋਂ 30.11.25 |
| 03697 | ਗਯਾ ਜੰ. | 14:15 | ਦਿੱਲੀ ਜੰ. | 07:45 | ਸਪਤਾਹ ਵਿਚ 5 ਦਿਨ | ਐਤ, ਵੀਰ ਨੂੰ ਛੱਡ ਕੇ | 29.11.2025 ਤਕ |
| 03698 | ਦਿੱਲੀ ਜੰ. | 08:55 | ਗਯਾ ਜੰ. | 00:30 | | ਸੋਮ, ਸ਼ੁਕਰ ਨੂੰ ਛੱਡ ਕੇ | 30.11.2025 ਤਕ |
| 03311 | ਧਨਬਾਦ ਜੰ. | 23:50 | ਚੰਡੀਗੜ੍ਹ | 04:30 | ਸਪਤਾਹ ਵਿਚ ਦੋ ਦਿਨ | ਮੰਗਲਵਾਰ, ਸ਼ੁਕਰਵਾਰ | 28.11.2025 ਤਕ |
| 03312 | ਚੰਡੀਗੜ੍ਹ | 06:00 | ਧਨਬਾਦ ਜੰ. | 09:00 | | ਵੀਰਵਾਰ, ਐਤਵਾਰ | 30.11.2025 ਤਕ |
| 05579 | ਪੂਰਨੀਆਂ ਕੋਰਟ | 16:30 | ਆਨੰਦ ਵਿਹਾਰ ਟ. | 00:30 | ਸਪਤਾਹ ਵਿਚ ਚਾਰ ਦਿਨ | ਸੋਮ, ਮੰਗਲ, ਸ਼ੁਕਰ, ਐਤ | 15.12.2025 ਤਕ |
| 05580 | ਆਨੰਦ ਵਿਹਾਰ (ਟਰਮੀਨਲ) | 05:15 | ਪੂਰਨੀਆਂ ਕੋਰਟ | 13:45 | | ਬੁਧ, ਵੀਰ, ਸ਼ੁਕਰ, ਐਤ | 17.12.2025 ਤਕ |
| 05575 | ਸਹਰਸਾ ਜੰ. | 20:00 | ਆਨੰਦ ਵਿਹਾਰ (ਟਰਮੀਨਲ) | 00:30 | ਸਪਤਾਹਿਕ | ਬੁਧਵਾਰ | 10.12.2025 ਤਕ |
| 05576 | ਆਨੰਦ ਵਿਹਾਰ ਟ. | 05:15 | ਸਹਰਸਾ ਜੰ. | 10:30 | | ਮੰਗਲਵਾਰ | 16.12.2025 ਤਕ |
| 01493 | ਪੁਣੇ ਜੰ. | 17:30 | ਹਜਰਤ ਨਿਜਾਮੂਦੀਨ | 20:00 | ਸਪਤਾਹ ਵਿਚ ਦੋ ਦਿਨ | ਸੋਮਵਾਰ, ਵੀਰਵਾਰ | 13.11.2025 ਤਕ |
| 01494 | ਹਜਰਤ ਨਿਜਾਮੂਦੀਨ | 21:25 | ਪੁਣੇ ਜੰ. | 23:55 | | ਮੰਗਲ, ਸ਼ੁਕਰਵਾਰ | 14.11.2025 ਤਕ |
| 04312 | ਯੋਗ ਨਗਰੀ ਰਿਸ਼ੀਕੇਸ਼ | 15:20 | ਸਿਆਲਦਾਹ | 23:00 | ਸਪਤਾਹਿਕ | ਸ਼ਨੀਵਾਰ | 15.11.25 ਤਕ |
| 04311 | ਸਿਆਲਦਾਹ | 05:00 | ਯੋਗਨਗਰੀ ਰਿਸ਼ੀਕੇਸ਼ | 12:00 | | ਸੋਮਵਾਰ | 17.11.25 ਤਕ |
| 04314 | ਯੋਗਨਗਰੀ ਰਿਸ਼ੀਕੇਸ਼ | 15:20 | ਮੁਜ਼ੱਫਰਪੁਰ ਜੰ. | 11:20 | ਸਪਤਾਹ ਵਿਚ ਦੋ ਦਿਨ | ਵੀਰਵਾਰ, ਐਤਵਾਰ | 30.11.25 ਤਕ |
| 04313 | ਮੁਜਫਰਪੁਰ ਜੰ. | 14:00 | ਯੋਗਨਗਰੀ ਰਿਸ਼ੀਕੇਸ਼ | 11:15 | | ਸ਼ੁਕਰਵਾਰ, ਸੋਮਵਾਰ | 01.12.25 ਤਕ |
| 05305 | ਛਪਰਾ | 22:00 | ਆਨੰਦ ਵਿਹਾਰ ਟਰਮੀਨਲ | 00:20 | ਸਪਤਾਹ ਵਿਚ ਦੋ ਦਿਨ | ਸੋਮਵਾਰ, ਵੀਰਵਾਰ | ਅਗਲੇ ਆਦੇਸ਼ ਤਕ (20.10.25 ਨੂੰ ਰੱਦ) |
| 05306 | ਆਨੰਦ ਵਿਹਾਰ ਟ. | 00:20 | ਛਪਰਾ | 22:50 | | ਬੁਧਵਾਰ, ਸ਼ਨੀਵਾਰ | ਅਗਲੇ ਆਦੇਸ਼ ਤਕ (22.10.25 ਨੂੰ ਰੱਦ) |
| 05625 | ਕਾਮਾਖਯਾ | 22:00 | ਰੋਹਤਕ | 14:45 | ਸਪਤਾਹਿਕ | ਸ਼ੁਕਰਵਾਰ | 07.11.2025 ਤਕ |
| 05626 | ਰੋਹਤਕ | 22:10 | ਕਾਮਾਖਯਾ | 15:30 | | ਐਤਵਾਰ | 09.11.2025 ਤਕ |
| 02397 | ਗਯਾ ਜੰ. | 14:15 | ਆਨੰਦ ਵਿਹਾਰ ਟ. | 07:10 | ਸਪਤਾਹਿਕ | ਐਤਵਾਰ | 30.11.25 ਤਕ |
| 02398 | ਆਨੰਦ ਵਿਹਾਰ ਟ. | 08:20 | ਗਯਾ ਜੰ. | 00:30 | | ਸੋਮਵਾਰ | 01.12.25 ਤਕ |
| 05283 | ਮੁਜਫਰਪੁਰ ਜੰ. | 06:30 | ਆਨੰਦ ਵਿਹਾਰ ਟ. | 05:00 | ਸਪਤਾਹ ਵਿਚ ਦੋ ਦਿਨ | ਬੁਧਵਾਰ, ਸ਼ਨੀਵਾਰ | 29.11.25 ਤਕ |
| 05284 | ਆਨੰਦ ਵਿਹਾਰ ਟ. | 07:00 | ਮੁਜ਼ੱਫਰਪੁਰ ਜੰ. | 04:50 | | ਵੀਰਵਾਰ, ਐਤਵਾਰ | 30.11.25 ਤਕ |
| 03309 | ਧਨਬਾਦ ਜੰ. | 10:10 | ਦਿੱਲੀ ਜੰ. | 09:15 | ਸਪਤਾਹ ਵਿਚ ਦੋ ਦਿਨ | ਮੰਗਲਵਾਰ, ਸ਼ਨੀਵਾਰ | 29.11.25 ਤਕ |
| 03310 | ਦਿੱਲੀ ਜੰ. | 11:45 | ਧਨਬਾਦ ਜੰ. | 13:00 | | ਬੁਧਵਾਰ, ਐਤਵਾਰ | 30.11.25 ਤਕ |
| 03639 | ਗਯਾ ਜੰ. | 22:00 | ਦਿੱਲੀ ਜੰ. | 17:00 | ਸਪਤਾਹ ਵਿਚ ਤਿੰਨ ਦਿਨ | ਐਤ, ਮੰਗਲ, ਵੀਰ | 30.11.25 ਤਕ |
| 03640 | ਦਿੱਲੀ ਜੰ. | 19:00 | ਗਯਾ ਜੰ. | 11:30 | | ਸੋਮ, ਬੁਧ, ਸ਼ੁਕਰ | 01.12.25 ਤਕ |
| 03221 | ਰਾਜਗੀਰ | 14:00 | ਆਨੰਦ ਵਿਹਾਰ ਟ. | 13:30 | ਸਪਤਾਹਿਕ | ਸੋਮਵਾਰ | 24.11.25 ਤਕ |
| 03222 | ਆਨੰਦ ਵਿਹਾਰ ਟ. | 16:00 | ਰਾਜਗੀਰ | 16:45 | | ਮੰਗਲਵਾਰ | 14.10.25 ਤੋਂ 25.11.25 |
| 03223 | ਰਾਜਗੀਰ | 04:05 | ਹਰਿਦੁਆਰ | 05:15 | ਸਪਤਾਹਿਕ | ਸ਼ੁਕਰਵਾਰ | 26.12.25 ਤਕ |
| 03224 | ਹਰਿਦੁਆਰ | 07:20 | ਰਾਜਗੀਰ | 07:15 | | ਸ਼ਨੀਵਾਰ | 27.12.25 ਤਕ |
| 07363 | ਹੁਬਲੀ ਜੰ. | 20:30 | ਯੋਗਨਗਰੀ ਰਿਸ਼ੀਕੇਸ਼ | 23:30 | ਸਪਤਾਹਿਕ | ਸੋਮਵਾਰ | ਅਗਲੇ ਆਦੇਸ਼ ਤਕ |
| 07364 | ਯੋਗਨਗਰੀ ਰਿਸ਼ੀਕੇਸ਼ | 06:15 | ਹੁਬਲੀ ਜੰ. | 06:30 | | ਵੀਰਵਾਰ | 16.10.25 ਤੋਂ ਅਗਲੇ ਆਦੇਸ਼ ਤਕ |
| 06597 | ਯਸ਼ਵੰਤਪੁਰ ਜੰ. | 07:00 | ਯੋਗਨਗਰੀ ਰਿਸ਼ੀਕੇਸ਼ | 10:20 | ਸਪਤਾਹਿਕ | ਵੀਰਵਾਰ | 27.11.2025 ਤਕ |
| 06598 | ਯੋਗਨਗਰੀ ਰਿਸ਼ੀਕੇਸ਼ | 17:55 | ਯਸ਼ਵੰਤਪੁਰ ਜੰ. | 19:45 | | ਸ਼ਨੀਵਾਰ | 29.11.2025 ਤਕ |
| 08760 | ਦੁਰਗ | 10:45 | ਹਜਰਤ ਨਿਜਾਮੂਦੀਨ | 11:10 | ਸਪਤਾਹਿਕ | ਐਤਵਾਰ | 23.11.2025 ਤਕ |
| 08761 | ਹਜਰਤ ਨਿਜਾਮੂਦੀਨ | 12:30 | ਦੁਰਗ | 15:00 | | ਸੋਮਵਾਰ | 24.11.2025 ਤਕ |
| 07023 | ਚਰਲਪੱਲੀ | 20:45 | ਹਜਰਤ ਨਿਜਾਮੂਦੀਨ | 02:00 | ਸਪਤਾਹਿਕ | ਐਤਵਾਰ | 30.11.2025 ਤਕ |
| 07024 | ਹਜਰਤ ਨਿਜਾਮੂਦੀਨ | 04:00 | ਚਰਲਪੱਲੀ | 06:30 | | ਮੰਗਲਵਾਰ | 02.12.2025 ਤਕ |
| 07077 | ਚਰਲਪੱਲੀ | 05:00 | ਦੇਹਰਾਦੂਨ | 19:20 | ਸਪਤਾਹਿਕ | ਮੰਗਲਵਾਰ | 25.11.2025 ਤਕ |
| 07078 | ਦੇਹਰਾਦੂਨ | 07:00 | ਚਰਲਪੱਲੀ | 22:30 | | ਵੀਰਵਾਰ | 27.11.2025 ਤਕ |
| 01483 | ਪੁਣੇ ਜੰ. | 17:30 | ਹਜਰਤ ਨਿਜਾਮੂਦੀਨ | 20:00 | ਸਪਤਾਹ ਵਿਚ ਦੋ ਦਿਨ | ਮੰਗਲਵਾਰ, ਸ਼ਨੀਵਾਰ | 29.11.2025 ਤਕ |
| 01484 | ਹਜਰਤ ਨਿਜਾਮੂਦੀਨ | 22:10 | ਪੁਣੇ ਜੰ. | 23:55 | | ਬੁਧਵਾਰ, ਐਤਵਾਰ | 30.11.2025 ਤਕ |
| 04123 | ਪ੍ਰਯਾਗਰਾਜ ਜੰ. | 14:50 | ਹਜਰਤ ਨਿਜਾਮੂਦੀਨ | 11:35 | ਸਪਤਾਹ ਵਿਚ ਦੋ ਦਿਨ | ਬੁਧਵਾਰ, ਐਤਵਾਰ | 15.10.25 ਤੋਂ 02.11.25 |
| 04124 | ਹਜਰਤ ਨਿਜਾਮੂਦੀਨ | 15:45 | ਪ੍ਰਯਾਗਰਾਜ ਜੰ. | 09:10 | | ਵੀਰਵਾਰ, ਸੋਮਵਾਰ | 16.10.25 ਤੋਂ 03.11.25 |
| 09003 | ਮੁੰਬਈ ਸੈਂਟ੍ਰਲ | 10:30 | ਸ਼ਕੂਰਬਸਤੀ | 08:00 | ਰੋਜਾਨਾ | ਸੋਮ, ਮੰਗਲ, ਬੁਧ, ਵੀਰ | 15.10.25 ਤੋਂ 31.10.25 |
| 09004 | ਸ਼ਕੂਰਬਸਤੀ | 10:15 | ਮੁੰਬਈ ਸੈਂਟਰਲ | 10:30 | | ਸ਼ੁਕਰ, ਸ਼ਨੀ , ਐਤ | 16.10.25 ਤੋਂ 01.11.25 |
| 09425 | ਸਾਬਰਮਤੀ ਜੰ. | 08:50 | ਹਰਿਦੁਆਰ ਜੰ. | 05:30 | ਸਪਤਾਹ ਵਿਚ ਦੋ ਦਿਨ | ਬੁਧਵਾਰ, ਸ਼ਨੀਵਾਰ | 15.10.25 ਤੋਂ 29.11.25 |
| 09426 | ਹਰਿਦੁਆਰ ਜੰ. | 21:40 | ਸਾਬਰਮਤੀ ਜੰ. | 21:30 | | ਵੀਰਵਾਰ, ਐਤਵਾਰ | 16.10.25 ਤੋਂ 30.11.25 |

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਕਿਸੇ ਵੀ ਹੋਰ ਜਾਣਕਾਰੀ ਜਿਵੇਂ ਰਸਤੇ ਵਿਚ ਪੈਣ ਵਾਲੇ ਸਟੇਸ਼ਨ ਅਤੇ ਉਨ੍ਹਾਂ ਦੇ ਵਿਸਤ੍ਰਿਤ ਟਾਈਮ-ਟੇਬਲ ਦੀ ਜਾਣਕਾਰੀ ਦੇ ਲਈ ਰੇਲਮਦਦ ਹੈਲਪਲਾਈਨ ਨੰ. 139 ਉਤੇ ਸੰਪਰਕ ਕਰਨ ਜਾਂ ਰੇਲਵੇ ਦੀ ਵੈਬਸਾਈਟ https://enquiry.indianrail.gov.in ਜਾਂ NTES App ਵੇਖੋ।

**ਉੱਤਰ ਰੇਲਵੇ**

ਸਾਨੂੰ www.nr.indianrailways.gov.in 'ਤੇ ਮਿਲੋ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

'ਤੇ ਸਾਨੂੰ ਫਾਲੋ ਕਰੋ

ਕੌਮੀ ਪਤ੍ਰਿਕਾ

ਤੁਹਾਡੀ ਸਿਹਤ

# ਸੈਰ ਕਰਨ ਦੇ ਫ਼ਾਇਦੇ



ਤੁਰਨਾ-ਫ਼ਿਰਨਾ ਸਿਹਤ ਲਈ ਬਹੁਤ ਹੀ ਜ਼ਰੂਰੀ ਹੈ। ਇਹ ਸਰੀਰ ਨੂੰ ਤਾਜ਼ਗੀ ਅਤੇ ਮਜ਼ਬੂਤੀ ਪ੍ਰਦਾਨ ਕਰਨ ਤੋਂ ਇਲਾਵਾ ਸਵੈ-ਵਿਸ਼ਵਾਸ ਵੀ ਪੈਦਾ ਕਰਦਾ ਹੈ ਪਰ ਅੱਜ-ਕੱਲ੍ਹ ਦੀ ਭੱਜ-ਦੌੜ ਵਾਲੀ ਜ਼ਿੰਦਗੀ ਵਿੱਚ ਸਾਡੇ ਲਈ ਆਪਣੀ ਸਿਹਤ ਲਈ ਸਮਾਂ ਕੱਢਣਾ ਬਹੁਤ ਔਖਾ ਹੋ ਗਿਆ ਹੈ, ਜਿਸ ਕਰਕੇ ਸਰੀਰ 'ਤੇ ਤਣਾਅ-ਚਿੰਤਾ ਦਾ ਅਸਰ ਵਧਦਾ ਜਾ ਰਿਹਾ ਹੈ ਅਤੇ ਮਨੁੱਖ ਅਨੇਕਾਂ ਬਿਮਾਰੀਆਂ ਵਿੱਚ ਘਿਰਦਾ ਜਾ ਰਿਹਾ ਹੈ। ਬਹੁਤੀਆਂ ਬਿਮਾਰੀਆਂ ਦੀ ਜੜ੍ਹ ਚਿੰਤਾ ਹੀ ਹੈ। ਚਿੰਤਾ ਤੰਦਰੁਸਤ ਸਰੀਰ ਨੂੰ ਵੀ ਖੋਖਲਾ ਬਣਾ ਦਿੰਦੀ ਹੈ ਤੇ ਮਰੀਜ਼ ਤਣਾਅ ਦਾ ਸ਼ਿਕਾਰ ਹੋ ਜਾਂਦਾ ਹੈ। ਇਨ੍ਹਾਂ ਸਭ ਨਤੀਜਿਆਂ ਤੋਂ ਬਚਣ ਵਾਸਤੇ ਸੈਰ ਕਰਨੀ ਬੇਹੱਦ ਜ਼ਰੂਰੀ ਹੈ। ਰੋਜ਼ਾਨਾ ਅੱਧੇ ਘੰਟੇ ਦੀ ਸੈਰ ਸਰੀਰ ਨੂੰ ਤੰਦਰੁਸਤ ਰੱਖਣ ਲਈ ਲਾਭਦਾਇੱਕ ਸਿੱਧ ਹੋਈ ਹੈ।

ਸੈਰ ਕਰਨ ਦੇ ਫ਼ਾਇਦੇ

➢ ਰੋਜ਼ਾਨਾ ਸੈਰ ਕਰਨ ਨਾਲ ਮਨ ਖਿੜਿਆ ਰਹਿੰਦਾ ਹੈ। ਇਸ ਨਾਲ ਸਰੀਰ ਦੇ ਸੈੱਲ ਵੀ ਤਰੋ-ਤਾਜ਼ਾ ਹੋ ਜਾਂਦੇ ਹਨ ਅਤੇ ਮੁੜ ਊਰਜਾਵਾਨ ਹੋ ਕੇ ਆਪਣੇ ਕੰਮਾਂ ਵਿੱਚ ਜੁਟ ਜਾਂਦੇ ਹਨ।

➢ ਹਫ਼ਤੇ ਵਿੱਚ ਤਿੰਨ ਵਾਰੀ ਕੀਤੀ 30 ਮਿੰਟਾਂ ਦੀ ਸੈਰ ਦਿਲ ਲਈ ਫ਼ਾਇਦੇਮੰਦ ਸਾਬਤ ਹੋਈ ਹੈ। ਇਹ ਦਿਲ ਅਤੇ ਫ਼ੇਫ਼ੜਿਆਂ ਨੂੰ ਮਜ਼ਬੂਤੀ ਪ੍ਰਦਾਨ ਕਰਦੀ ਹੈ। ਇਸ ਤਰ੍ਹਾਂ ਹੌਲੀ- ਹੌਲੀ ਸਰੀਰ ਦੀ ਸੈਰ ਕਰਨ ਅਤੇ ਬਿਨਾਂ ਥਕਾਵਟ ਤੋਂ ਕੰਮ ਕਰਨ ਦੀ ਸਮਰੱਥਾ ਵਧਦੀ ਹੈ।

➢ ਸੈਰ ਕਰਨ ਨਾਲ ਕੋਲੈਸਟ੍ਰੋਲ ਵੀ ਘਟਦਾ ਹੈ, ਜਿਸ ਨਾਲ ਦਿਲ ਜਵਾਨ ਰਹਿੰਦਾ ਹੈ ਅਤੇ ਦਿਲ ਦੇ ਦੌਰੇ ਦਾ ਖ਼ਤਰਾ ਵੀ ਘਟ ਜਾਂਦਾ ਹੈ।

➢ ਸੈਰ ਕਰਨ ਨਾਲ ਚਿੰਤਾ ਵਧਾਉਣ ਵਾਲੇ ਹਾਰਮੋਨ ਘਟ ਜਾਂਦੇ ਹਨ ਅਤੇ 'ਬੀਟਾ ਐਂਡੋਰਫ਼ਿਨ' ਨਾਮਕ ਚਿੰਤਾ ਘਟਾਉਣ ਵਾਲੇ ਹਾਰਮੋਨ ਵਧ ਜਾਂਦੇ ਹਨ। ਇਸ ਤਰ੍ਹਾਂ ਸੈਰ ਤਣਾਅਗ੍ਰਸਤ ਰੋਗੀਆਂ ਲਈ ਕਾਫ਼ੀ ਕਾਰਗਰ ਸਾਬਤ ਹੋਈ ਹੈ।

➢ ਤਕਰੀਬਨ 20 ਮਿੰਟਾਂ ਦੀ ਤੇਜ਼ ਸੈਰ ਕਰਨ ਤੋਂ ਬਾਅਦ ਹੌਲੀ-ਹੌਲੀ ਰਫ਼ਤਾਰ ਘਟਾ ਦੇਣੀ ਚਾਹੀਦੀ ਹੈ। ਇਸ ਨਾਲ ਸਰੀਰ ਦੇ ਵੱਖ-ਵੱਖ ਅੰਗਾਂ ਅਤੇ ਮਾਸਪੇਸ਼ੀਆਂ ਦੀ ਲਚਕਤਾ ਵਧਦੀ ਹੈ।

➢ ਉਮਰ ਦੇ ਨਾਲ ਹੱਡੀਆਂ ਕਮਜ਼ੋਰ ਹੋ ਕੇ ਭੁਰਨ ਲੱਗ ਜਾਂਦੀਆਂ ਹਨ। ਇਸ 'ਓਸਟੀਓਪੋਰੋਸਿਸ' ਨਾਮਕ ਬਿਮਾਰੀ ਤੋਂ ਬਚਣ ਲਈ ਹਫ਼ਤੇ ਵਿੱਚ ਚਾਰ ਵਾਰੀ ਅੱਧਾ ਘੰਟਾ ਸੈਰ ਲਈ ਜ਼ਰੂਰ ਜਾਣਾ ਚਾਹੀਦਾ ਹੈ।

➢ ਸੈਰ ਮਾਨਸਿਕ ਤੌਰ 'ਤੇ ਵੀ ਸਰੀਰ ਨੂੰ ਤੰਦਰੁਸਤ ਰੱਖਦੀ ਹੈ। ਸੈਰ ਕਰਨ ਤੋਂ ਬਾਅਦ ਸਰੀਰ ਥਕਾਵਟ ਮਹਿਸੂਸ ਕਰਦਾ ਹੈ ਅਤੇ ਇਸ ਤਰ੍ਹਾਂ ਨੀਂਦ ਵੀ ਵਧੀਆ ਆਉਂਦੀ ਹੈ।

➢ ਸਰੀਰ ਦਾ ਸੁਰੱਖਿਆਤੰਤਰ ਵੀ ਸੈਰ ਕਰਨ ਨਾਲ ਮਜ਼ਬੂਤ ਹੁੰਦਾ ਹੈ ਅਤੇ ਸਰੀਰ ਦੀ ਬਿਮਾਰੀਆਂ ਨਾਲ ਲੜਨ ਦੀ ਸ਼ਕਤੀ ਵਧ ਜਾਂਦੀ ਹੈ।

➢ ਸ਼ੂਗਰ ਦੇ ਮਰੀਜ਼ਾਂ ਲਈ ਰੋਜ਼ਾਨਾ ਅੱਧੇ ਘੰਟੇ ਦੀ ਸੈਰ ਬਹੁਤ ਜ਼ਰੂਰੀ ਹੈ। ਰੋਜ਼ਾਨਾ ਸੈਰ ਕਰਨ ਨਾਲ ਕੈਂਸਰ ਦਾ ਖ਼ਤਰਾ ਵੀ ਘਟ ਜਾਂਦਾ ਹੈ। ਸੈਰ ਕਰਨ ਨਾਲ ਭਾਰ ਘਟਦਾ ਹੈ ਅਤੇ ਬਲੱਡ-ਪ੍ਰੈੱਸ਼ਰ ਵੀ ਠੀਕ ਰਹਿੰਦਾ ਹੈ। ਇਸ ਕਰਕੇ ਬਲੱਡ-ਪ੍ਰੈੱਸ਼ਰ ਜ਼ਿਆਦਾ ਰਹਿਣ ਵਾਲੇ ਮਰੀਜ਼ਾਂ ਲਈ ਸੈਰ ਬਹੁਤ ਜ਼ਰੂਰੀ ਹੈ।

## ਛੋਟੀਆਂ-ਛੋਟੀਆਂ ਤਕਲੀਫ਼ਾਂ ਨੂੰ ਇਨ੍ਹਾਂ ਘਰੇਲੂ ਨੁਸਖਿਆਂ ਨਾਲ ਕਰੋ ਦੂਰ

ਛੋਟੀਆਂ-ਛੋਟੀਆਂ ਸਰੀਰਿਕ ਤਕਲੀਫ਼ਾਂ ਸਾਰਿਆਂ ਨੂੰ ਕਦੇ ਨਾ ਕਦੇ ਹੁੰਦੀਆਂ ਹਨ। ਜੇਕਰ ਤੁਸੀਂ ਘਰ 'ਚ ਹੀ ਅਜਿਹੀਆਂ ਤਕਲੀਫ਼ਾਂ ਦਾ ਇਲਾਜ ਕਰਨਾ ਚਾਹੁੰਦੇ ਹਨ ਤਾਂ ਅੱਜ ਅਸੀਂ ਤੁਹਾਨੂੰ ਦੱਸ ਰਹੇ ਹਾਂ ਕਿ ਅਜਿਹੇ ਮਹੱਤਵਪੂਰਨ ਘਰੇਲੂ ਘਰੇਲੂ ਨੁਸਖੇ ਜਿਨ੍ਹਾਂ ਦਾ ਪਤਾ ਹੋਣ 'ਤੇ ਤੁਸੀਂ ਕੁਝ ਰੋਗਾਂ ਦਾ ਇਲਾਜ ਖੁਦ ਕਰ ਸਕਦੇ ਹੋ।

ਪੇਟ ਦਰਦ:- ਅੱਧਾ ਚਮਚ ਹਲਦੀ ਅਤੇ ਅੱਧਾ ਚਮਚ ਨਮਕ ਮਿਲਾ ਕੇ ਠੰਡੇ ਪਾਣੀ ਨਾਲ ਖਾ ਲਓ। ਪੇਟ ਦਰਦ 'ਚ ਤੁਰੰਤ ਆਰਾਮ ਮਿਲੇਗਾ।

ਵਾਲਾਂ ਦਾ ਝੜਨਾ:- ਜੇਕਰ ਤੁਹਾਡੇ ਵਾਲਾਂ 'ਚ ਰੂਸੀ ਹੈ ਜਾਂ ਫ਼ਿਰ ਤੁਹਾਡੇ ਵਾਲ ਝੜ ਰਹੇ ਹਨ ਤਾਂ ਤੁਸੀ ਪਪੀਤੇ ਦਾ ਪੇਸਟ ਬਣਾ ਕੇ ਵਾ[ਲਾਂ] ਦੀਆਂ ਜੜ੍ਹਾਂ 'ਤੇ 10 ਮਿੰਟ ਲਗਾਓ। ਉਸ ਤੋਂ ਬਾਅਦ ਵਾਲ ਧੋ ਲਓ। ਅਜਿਹਾ ਕਰਨ ਨਾਲ ਤੁਹਾਡੇ ਵਾਲਾ ਨਹੀਂ ਝੜਣਗੇ।



ਖ਼ੂਨ ਦੀ ਖਰਾਬੀ:- ਖ਼ੂਨ ਸਾਫ਼ ਨ ਤਾਂ 1 ਚਮਚ ਸ਼ਹਿਦ ਨੂੰ ਅੱਧੇ ਗਿਲਾਸ ਪਾਲਕ ਦੇ ਰਸ 'ਚ ਮਿਲਾ ਕੇ 1 ਮਹੀਨੇ ਤੱਕ ਵਰਤੋਂ ਕਰੋ। ਇਹ ਤੁਹਾਡੇ ਖ਼ੂਨ ਵਿਕਾਰ ਨੂੰ ਦੂਰ ਕਰੇਗਾ ਅਤੇ ਖ਼ੂਨ ਨੂੰ ਸਾਫ਼ ਰੱਖੇਗਾ।

ਚਮੜੀ ਪ੍ਰਾਬਲਮ:- ਨਾਰੀਅਲ ਪਾਣੀ 'ਚ ਕੱਚਾ ਦੁੱਧ, ਨਿੰਬੂ ਦਾ ਰਸ, ਬੇਸਨ ਅਤੇ ਚੰਦਨ ਪਾਊਡਰ ਮਿਲਾ ਕੇ ਲੇਪ ਤਿਆਰ ਕਰੋ। ਨਹਾਉਣ ਤੋਂ 15 ਮਿੰਟ ਪਹਿਲਾਂ ਇਹ ਲੇਪ ਚਿਹਰੇ 'ਤੇ ਲਗਾਓ। ਉਸ ਤੋਂ ਬਾਅਦ ਚਿਹਰੇ ਨੂੰ ਧੋ ਲਓ। ਇਹ ਨੁਸਕਾ ਸਕਿੰਮ ਪ੍ਰਾਬਲਮ ਦੂਰ ਕਰਕੇ ਚਿਹਰੇ ਨੂੰ ਚਮਕਦਾਰ ਬਣਾਉਂਦਾ ਹੈ।

ਐਸਡਿਟੀ:- ਭੋਜਨ ਕਰਨ ਤੋਂ ਬਾਅਦ ਤੁਸੀਂ ਥੋੜ੍ਹੇ ਜਿਹੇ ਗੁੜ ਦੀ ਵਰਤੋਂ ਕਰੋ। ਅਜਿਹਾ ਕਰਨ ਨਾਲ ਐਸਡਿਟੀ ਦੀ ਸਮੱਸਿਆ ਖਤਮ ਹੋ ਜਾਵੇਗੀ।

ਸਿਰ ਦਰਦ:- ਇੱਕ ਗਿਲਾਸ ਗਰਮ ਪਾਣੀ 'ਚ ਅੱਧਾ ਨਿੰਬੂ ਦਾ ਰਸ ਪਾ ਕੇ ਪੀਓ। ਸਿਰ ਦਰਦ ਦੂਰ ਹੋ ਜਾਵੇਗਾ।

ਗੈਸਿਟ੍ਰਕ ਟਰੱਬਲ:- ਅਜ਼ਵਾਈਨ ਅਤੇ ਕਾਲਾ ਨਮਕ ਪੀਸ ਕੇ ਸਾਮਾਨ ਮਾਤਰਾ 'ਚ ਮਿਲਾ ਲਓ। ਇਸ ਚੂਰਨ ਨੂੰ ਇੱਕ ਚਮਚ ਮਾਤਰਾ 'ਚ ਗਰਮ ਪਾਣੀ ਨਾਲ ਲਓ। ਗੈਸ ਦੀ ਸਮੱਸਿਆ 'ਚ ਤੁਰੰਤ ਆਰਾਮ ਮਿਲੇਗਾ।

ਜ਼ੁਕਾਮ:- ਜੇਕਰ ਜ਼ੁਕਾਮ ਜਾਂ ਸਰਦੀ ਹੋਵੇ ਤਾਂ ਰਾਤ ਨੂੰ ਸੌਣ ਤੋਂ ਪਹਿਲਾਂ ਗਰਮ ਪਾਣੀ ਪੀ ਕੇ ਸੋ ਜਾਓ। ਜ਼ੁਕਾਮ ਤੋਂ ਰਾਹਤ ਮਿਲੇਗੀ।

# ਨਿਰੋਗੀ ਜੀਵਨ ਦੀ ਨੀਂਹ

• ਡਾ. ਰਿਪੁਦਮਨ ਸਿੰਘ

## ਮਮਤਾ ਦੀ ਅਸੀਸ..

**ਬੱਚੇ ਲਈ ਮਾਂ ਦਾ ਦੁੱਧ ਅੰਮ੍ਰਿਤ ਦੇ ਸਮਾਨ ਹੈ। ਇਸ ਪ੍ਰਕਿਰਿਆ ਨਾਲ ਜਿੱਥੇ ਬੱਚਾਂ ਕਈ ਤਰ੍ਹਾਂ ਦੇ ਰੋਗਾਂ ਤੋਂ ਸੁਰੱਖਿਅਤ ਹੁੰਦਾ ਹੈ ਅਤੇ ਰੋਗਾਂ ਨਾਲ ਲੜਨ ਦੀ ਸ਼ਕਤੀ ਮਜ਼ਬੂਤ ਹੁੰਦੀ ਹੈ। ਮਾਂ ਅਤੇ ਬੱਚੇ ਦਾ ਭਾਵਨਾਤਮਕ ਸਬੰਧ ਮਜ਼ਬੂਤ ਹੁੰਦਾ ਹੈ। ਖੋਜ ਵਿਚ ਪਾਇਆ ਗਿਆ ਹੈ ਕਿ ਇਕ ਸਾਲ ਤਕ ਮਾਂ ਦਾ ਦੁੱਧ ਪੀਣ ਵਾਲੇ ਬੱਚਿਆਂ ਦੀ ਬੌਧਿਕ ਸਮਰੱਥਾ ਆਮ ਨਾਲੋਂ ਵੱਧ ਹੁੰਦੀ ਹੈ। ਵੱਡੇ ਹੋਣ 'ਤੇ ਬੱਚੇ ਵਿਚ ਮੋਟਾਪੇ ਦੀ ਸੰਭਾਵਨਾ ਘਟਦੀ ਹੈ। ਜੇਕਰ ਸਾਰੇ ਬੱਚਿਆਂ ਨੂੰ ਮਾਂ ਦੇ ਦੁੱਧ ਦੇ ਫਾਇਦੇ ਮਿਲਣ ਤਾਂ ਦੁਨੀਆ ਭਰ ਵਿਚ ਹਰ ਸਾਲ 8,23,000 ਬੱਚਿਆਂ ਨੂੰ ਮਰਨ ਤੋਂ ਬਚਾਇਆ ਜਾ ਸਕਦਾ ਹੈ।**



ਭਾਰਤ ਵਿੱਚ ਮਾਂ ਅਤੇ ਬੱਚੇ ਦੀ ਸਿਹਤ ਇਕ ਚਿੰਤਾ ਦਾ ਵਿਸ਼ਾ ਹੈ। ਬੱਚੇ ਲਈ ਮਾਂ ਦਾ ਦੁੱਧ ਅੰਮ੍ਰਿਤ ਸਮਾਨ ਹੈ। ਮਾਂ ਦਾ ਦੁੱਧ ਨਾਲ ਬੱਚੇ ਨੂੰ ਪੋਸ਼ਣ ਦੇ ਨਾਲ ਨਾਲ ਰੋਗਾਂ ਨਾਲ ਲੜਨ ਦੀ ਸ਼ਕਤੀ ਮਿਲਦੀ ਹੈ। ਸਿਹਤ ਮਾਹਿਰ ਬੱਚੇ ਨੂੰ ਜਨਮ ਤੋਂ ਛੇ ਮਹੀਨੇ ਬਾਅਦ ਤਕ ਮਾਂ ਦਾ ਦੁੱਧ ਦਿੱਤੇ ਜਾਣ ਦੀ ਸਿਫ਼ਾਰਿਸ਼ ਕਰਦੇ ਹਨ। ਹਲਕਾ ਅਤੇ ਗੁਣਾਂ ਨਾਲ ਭਰਪੂਰ ਹੋਣ ਕਾਰਨ ਮਾਂ ਦੇ ਦੁੱਧ ਨਾਲ ਬੱਚੇ ਨੂੰ ਪੇਟ ਸਬੰਧੀ ਸਮੱਸਿਆ ਹੋਣ ਦੀ ਸੰਭਾਵਨਾ ਨਹੀਂ ਰਹਿੰਦੀ। ਸਰਕਾਰ ਵੱਲੋਂ 'ਮਦਰਸ ਐਬਸੋਲਿਊਟ ਅਫੈਕਸ਼ਨ' (ਮਾਂ) ਪ੍ਰੋਗਰਾਮ ਵੀ ਇਸ ਦਿਸ਼ਾ ਵਿਚ ਅਹਿਮ ਕਦਮ ਹੈ। ਇਸ ਮੁਤਾਬਕ ਭਾਰਤ ਵਿੱਚ ਬੱਚਿਆਂ ਦੀ ਮੌਤ ਦਰ ਅਤੇ ਜੱਚਾ ਮੌਤ ਦਰ ਵਿੱਚ ਤੇਜ਼ੀ ਨਾਲ ਕਮੀ ਆ ਰਹੀ ਹੈ ਅਤੇ ਕਮੀ ਦੀ ਦਰ ਦੁਨੀਆ ਵਿੱਚ ਸਭ ਤੋਂ ਵੱਧ ਹੈ ਪਰ ਸਵਾਲ ਇਹ ਹੈ ਕਿ ਇਸ ਦੇ ਬਾਵਜੂਦ ਆਸ ਮੁਤਾਬਕ ਨਤੀਜੇ ਸਾਹਮਣੇ ਕਿਉਂ ਨਹੀਂ ਆ ਰਹੇ ? ਸਵਾਲ ਇਹ ਵੀ ਹੈ ਕਿ ਸਰਕਾਰਾਂ ਜੋ ਕਹਿੰਦੀਆਂ ਹਨ, ਉਸ ਦਾ ਜ਼ਮੀਨੀ ਪੱਧਰ 'ਤੇ ਕੀ ਸੁਨੇਹਾ ਜਾਂਦਾ ਹੈ ? ਯੋਜਨਾਵਾਂ/ ਪ੍ਰੋਗਰਾਮਾਂ ਨੂੰ ਅਮਲ ਵਿੱਚ ਲਿਆਉਣ ਲਈ ਕਿੰਨੀਆਂ ਢਾਂਚਾਗਤ ਸੁਵਿਧਾਵਾਂ ਉਪਲੱਬਧ ਕਰਾਈਆਂ ਜਾਂਦੀਆਂ ਹਨ ਅਤੇ ਨਿਗਰਾਨੀ-ਤੰਤਰ ਕਿੰਨਾ ਮੁਸਤੈਦ ਰਹਿੰਦਾ ਹੈ ? ਵਿਗਿਆਨੀ ਗਵਾਹੀ ਭਰਦੇ ਹਨ ਕਿ ਬੱਚਿਆਂ ਦੇ ਅਸਤਿੱਤਵ ਅਤੇ ਉਨ੍ਹਾਂ ਨੂੰ ਸਿਹਤਮੰਦ ਰੱਖਣ ਵਿੱਚ ਮਾਂ ਦੇ ਦੁੱਧ ਦੀ ਭੂਮਿਕਾ ਅਹਿਮ ਹੈ। ਇਸ ਸਬੰਧੀ ਪ੍ਰਤੀ ਗ਼ਲਤ ਮਾਨਤਾਵਾਂ ਕਾਰਨ 20% ਨਵਜਾਤ ਬੱਚਿਆਂ ਦੀ ਮੌਤ ਹੋ ਜਾਂਦੀ ਹੈ ਅਤੇ ਪੰਜ ਸਾਲ ਤੋਂ ਘੱਟ ਉਮਰ ਦੇ 13% ਬੱਚੇ ਇਸ ਕਾਰਨ ਮਰ ਜਾਂਦੇ ਹਨ। ਜੇਕਰ ਸਾਰੇ ਬੱਚਿਆਂ ਨੂੰ ਮਾਂ ਦੇ ਦੁੱਧ ਦੇ ਫਾਇਦੇ ਮਿਲਣ ਤਾਂ ਦੁਨੀਆ ਭਰ ਵਿਚ ਹਰ ਸਾਲ 8,23,000 ਬੱਚਿਆਂ ਨੂੰ ਮਰਨ ਤੋਂ ਬਚਾਇਆ ਜਾ ਸਕਦਾ ਹੈ। ਭਾਰਤ ਵਿੱਚ ਮਾਂ ਦਾ ਦੁੱਧ ਦਿੱਤੇ ਜਾਣ ਨਾਲ ਹਰ ਸਾਲ 1,56,000 ਬੱਚਿਆਂ ਦੀਆਂ ਮੌਤਾਂ ਨੂੰ ਰੋਕਿਆ ਜਾ ਸਕਦਾ ਹੈ। ਇਹੀ ਨਹੀਂ, ਛੋਟੇ ਬੱਚਿਆਂ ਵਿੱਚ ਸਾਹ ਸਬੰਧੀ ਇਨਫ਼ੈਕਸ਼ ਦੇ 34,00000 ਅਤੇ ਡਾਇਰੀਆ ਦੇ 39,00000 ਮਾਮਲੇ ਰੋਕੇ ਜਾ ਸਕਦੇ ਹਨ। ਜੇਕਰ ਮਾਵਾਂ ਬੱਚੇ ਨੂੰ ਇੱਕ ਸਾਲ ਤੋਂ ਜ਼ਿਆਦਾ ਦੁੱਧ ਪਿਲਾਉਣ ਤਾਂ ਦੁਨੀਆ ਭਰ ਵਿੱਚ ਥਣ ਕੈਂਸਰ ਨਾਲ ਹੋਣ ਵਾਲੀਆਂ 29,000 ਮੌਤਾਂ ਨੂੰ ਟਾਲਿਆ ਜਾ ਸਕਦਾ ਹੈ। ਸਤੱਨਪਾਨ ਕਰਾਉਣ ਨਾਲ ਔਰਤਾਂ ਨੂੰ ਅੰਡਾਸ਼ੇ ਕੈਂਸਰ ਦਾ ਖ਼ਤਰਾ ਘੱਟ ਹੋ ਸਕਦਾ ਹੈ।

ਲੰਬੇ ਸਮੇਂ ਤਕ ਬੱਚਿਆਂ ਨੂੰ ਸਤੱਨਪਾਨ ਕਰਾਉਣ ਤੋਂ ਬੱਚਿਆਂ ਦੇ ਆਈਕਿਊ ਵਿੱਚ 3-4 ਅੰਕਾਂ ਦੀ ਵਾਧਾ ਹੁੰਦਾ ਹੈ। ਲੰਬੇ ਸਮੇਂ ਤਕ ਸਤੱਨਪਾਨ ਕਰਾਉਣ ਨਾਲ ਵੱਡੇ ਹੋਣ 'ਤੇ ਬੱਚੇ ਦਾ ਭਾਰ ਜ਼ਿਆਦਾ ਹੋਣ ਭਾਵ ਮੋਟਾਪੇ ਦੀ ਸੰਭਾਵਨਾ ਘੱਟ ਹੋ ਜਾਂਦੀ ਹੈ। ਮਾਂ ਦੇ ਦੁੱਧ ਦੇ ਇਹਨਾਂ ਫਾਇਦਿਆਂ ਤੋਂ ਜਨਤਾ ਨੂੰ ਵਾਕਿਫ਼ ਕਰਾਉਣ ਦੀ ਸਰਕਾਰੀ ਕਵਾਇਦ ਬਹੁਤ ਸਾਲਾਂ ਤੋਂ ਚੱਲ ਰਹੀ ਹੈ ਪਰ ਹਾਸਲ ਕੀ ਹੋਇਆ, ਇਹ ਜਾਣਨਾ ਵੀ ਜ਼ਰੂਰੀ ਹੈ। ਸਰਕਾਰੀ ਅੰਕੜਿਆਂ ਮੁਤਾਬਕ ਦੇਸ਼ ਵਿੱਚ 80% ਜਣੇਪੇ ਸਿਹਤ ਸਹੂਲਤਾਂ ਵਿੱਚ ਹੁੰਦੇ ਹਨ ਪਰ ਸਰਕਾਰ ਕੋਲ ਇਸ ਸਵਾਲ ਦਾ ਜਵਾਬ ਨਹੀਂ ਹੈ ਕਿ ਕਿਵੇਂ ਸਿਰਫ਼ 45% ਬੱਚਿਆਂ ਨੂੰ ਹੀ ਜਨਮ ਦੇ ਇੱਕ ਘੰਟੇ ਦੇ ਅੰਦਰ ਸਤੱਨਪਾਨ ਮਿਲ ਪਾਉਂਦਾ ਹੈ। ਇਨ੍ਹੇ ਵੱਡੇ ਫ਼ਾਸਲੇ ਲਈ ਕੌਣ ਜ਼ਿੰਮੇਦਾਰ

**ਜੇਕਰ ਮਾਵਾਂ ਬੱਚੇ ਨੂੰ ਇੱਕ ਸਾਲ ਤੋਂ ਜ਼ਿਆਦਾ ਦੁੱਧ ਪਿਲਾਉਣ ਤਾਂ ਦੁਨੀਆ ਭਰ ਵਿੱਚ ਥਣ ਕੈਂਸਰ ਨਾਲ ਹੋਣ ਵਾਲੀਆਂ 29,000 ਮੌਤਾਂ ਨੂੰ ਟਾਲਿਆ ਜਾ ਸਕਦਾ ਹੈ।**

ਹੈ ? ਸਤੱਨਪਾਨ ਨੂੰ ਬੜ੍ਹਾਵਾ ਦੇਣ ਵਾਲੀਆਂ ਸਰਕਾਰੀ ਨੀਤੀਆਂ ਦੀ ਇਹ ਅਸਫਲਤਾ ਚਿੰਤਾ ਦਾ ਵਿਸ਼ਾ ਹੈ। ਦਰਅਸਲ ਸਰਕਾਰੀ ਨੀਤੀਆਂ ਦਾ ਜ਼ੋਰ ਸੰਸਥਾਗਤ ਜਣੇਪੇ ਉੱਤੇ ਰਿਹਾ ਅਤੇ ਹੁਣ ਸਰਕਾਰ ਨੂੰ ਅਹਿਸਾਸ ਹੋਇਆ ਹੈ ਕਿ ਸਿਰਫ਼ ਇਸ ਨਾਲ ਹੀ ਮਕਸਦ ਹਾਸਲ ਨਹੀਂ ਹੋਣ ਵਾਲਾ। ਲਿਹਾਜ਼ਾ ਸਤੱਨਪਾਨ ਨੂੰ ਫੋਕਸ ਕਰਦੇ ਹੋਏ 'ਮਾਂ' ਪ੍ਰੋਗਰਾਮ ਸ਼ੁਰੂ ਕੀਤਾ ਗਿਆ। ਪਹਿਲੀ ਵਾਰ ਇਸ ਪ੍ਰੋਗਰਾਮ ਦੇ ਤਹਿਤ ਆਸ਼ਾ ਵਰਕਰਾਂ ਨੂੰ ਮਾਵਾਂ ਨੂੰ ਸਤੱਨਪਾਨ ਲਈ ਉਤਸ਼ਾਹਿਤ ਕਰਨ ਲਈ ਆਰਥਿਕ ਮਿਹਨਤਾਨਾ ਦੇਣ ਦੀ ਮਦ ਰੱਖੀ ਗਈ ਹੈ। ਸਰਕਾਰ ਦਾ ਇਹ ਕਦਮ ਸਫਲਤਾ ਹਾਸਲ ਕਰਨ ਵਿੱਚ ਅਹਿਮ ਸਾਬਤ ਹੋ ਸਕਦਾ ਹੈ। ਇਸ ਲਈ 30 ਕਰੋੜ ਦੀ ਸ਼ੁਰੂਆਤੀ ਰਕਮ ਮਿੱਥੀ ਗਈ ਹੈ। ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਸਰਕਾਰ ਆਸ਼ਾ ਅਤੇ ਆਂਗਨਬਾੜੀ ਕਰਮਚਾਰੀਆਂ ਦੇ ਨਾਲ ਨਾਲ ਸਰਕਾਰੀ ਹਸਪਤਾਲਾਂ ਦੀਆਂ ਨਰਸਾਂ ਨੂੰ ਵੀ ਉਤਸ਼ਾਹਿਤ ਕਰਦੀ ਹੈ। ਸਤੱਨਪਾਨ ਨੂੰ ਉਤਸ਼ਾਹਿਤ ਕਰਨਾ ਕੇਵਲ ਮਾਂ ਦਾ ਹੀ ਫ਼ਰਜ਼ ਨਹੀਂ ਹੈ, ਸਗੋਂ ਅਜਿਹਾ ਮਾਹੌਲ ਤਿਆਰ ਕਰਨ ਦੀ ਲੋੜ ਹੈ, ਜਿਸ ਵਿੱਚ ਮਾਵਾਂ ਸਹਿਜ ਭਾਵ ਨਾਲ ਇਸ ਕੁਦਰਤੀ ਫ਼ਰਜ਼ ਨਾਲ ਜੁੜ ਸਕਣ। ਸਿਹਤ ਅਤੇ ਪਰਿਵਾਰ ਕਲਿਆਣ ਮੰਤਰਾਲਾ ਦਾਅਵਾ ਕਰਦਾ ਹੈ ਕਿ ਉਸ ਦੇ ਮਾਂ ਪ੍ਰੋਗਰਾਮ ਤਹਿਤ ਔਰਤਾਂ ਦੇ ਨਾਲ ਨਾਲ ਉਨ੍ਹਾਂ ਦੇ ਪਤੀਆਂ ਅਤੇ ਪਰਿਵਾਰਾਂ ਨੂੰ ਸਤੱਨਪਾਨ ਦੇ ਫਾਇਦਾਂ ਬਾਰੇ ਉਚਿਤ ਜਾਣਕਾਰੀ ਦਿੱਤੀ ਜਾਵੇਗੀ। ਸਾਡਾ ਸਭ ਦਾ ਫ਼ਰਜ਼ ਬਣਦਾ ਹੈ ਕਿ ਹਰ ਬੱਚੇ ਨੂੰ ਨਿਰੋਗੀ ਜੀਵਨ ਦੀ ਨੀਂਹ ਭਾਵ ਮਾਂ ਦੇ ਦੁੱਧ ਦੀ ਮਹੱਤਤਾ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਵਿਚ ਆਪੋ ਆਪਣਾ ਯੋਗਦਾਨ ਪਾਈਏ।

9815200134

# ਕਿਵੇਂ ਚੁਸਤ-ਦਰੁਸਤ ਰਹੀਏ ਦਫ਼ਤਰ ਵਿਚ

ਸੁਨੀਤਾ ਗਾਬਾ



ਵੱਡੇ ਸ਼ਹਿਰਾਂ ਵਿਚ ਤਾਂ ਜ਼ਿਆਦਾਤਰ ਲੋਕ ਚਾਹੇ ਮਰਦ ਹੋਣ ਜਾਂ ਔਰਤਾਂ, ਦਫ਼ਤਰਾਂ ਵਿਚ ਕੰਮ ਕਰਦੇ ਹਨ। ਨਿੱਜੀ ਖੇਤਰ ਵਿਚ ਦਫ਼ਤਰਾਂ ਦਾ ਸਮਾਂ ਵੀ ਕੁਝ ਜ਼ਿਆਦਾ ਹੈ। ਇਸ ਨਾਲ ਥਕਾਨ ਹੋਣੀ ਸੁਭਾਵਿਕ ਹੈ। ਇਹ ਥਕਾਨ ਦਫ਼ਤਰ ਵਿਚ ਵੀ ਹੋਣ ਲਗਦੀ ਹੈ, ਕਿਉਂਕਿ ਦਫ਼ਤਰ ਪਹੁੰਚਣ ਲਈ ਕਾਫੀ ਦੂਰੀ ਤੈਅ ਕਰਕੇ ਆਉਣਾ ਪੈਂਦਾ ਹੈ।

ਦੂਰੀ ਦੇ ਨਾਲ ਟ੍ਰੈਫਿਕ ਜਾਮ ਵੀ ਕੰਮਕਾਜੀ ਲੋਕਾਂ ਨੂੰ ਸਵੇਰੇ-ਸਵੇਰੇ ਥਕਾ ਦਿੰਦਾ ਹੈ, ਜਿਸ ਨਾਲ ਸਵੇਰ ਦੀ ਤਾਜ਼ਗੀ ਕੁਝ ਮੁਰਝਾਉਣ ਲਗਦੀ ਹੈ। ਅਜਿਹੇ ਵਿਚ ਤੁਸੀਂ ਦਿਨ ਭਰ ਉਬਾਸੀਆਂ ਲੈਂਦੇ ਹੋਏ ਆਪਣੇ ਕੰਮ ਨੂੰ ਅੱਗੇ ਵਧਾਉਂਦੇ ਹੋ। ਇਹੀ ਕਾਰਨ ਹੈ ਕਿ ਦਫ਼ਤਰ ਦੇ ਕੰਮ ਕਰਨ ਵਿਚ ਮਨ ਵੀ ਨਹੀਂ ਲਗਦਾ। ਜ਼ਰੂਰੀ ਹੈ ਛੋਟਾ ਜਿਹਾ ਬ੍ਰੇਕ ਲੈ ਕੇ ਆਪਣੇ ਮਨ, ਸਰੀਰ ਅਤੇ ਦਿਮਾਗ ਨੂੰ ਤਾਜ਼ਾ ਕਰ ਲਿਆ ਜਾਵੇ।

ਸਵੇਰੇ ਛੇਤੀ ਜਾਗੋ : ਜੇਕਰ ਤੁਹਾਨੂੰ ਦੇਰ ਤੱਕ ਸੌਣ ਦੀ ਆਦਤ ਹੈ ਤਾਂ ਤੁਸੀਂ ਦਿਨ ਭਰ ਆਲਸੀ ਰਹੋਗੇ। ਜੇ ਤੁਸੀਂ ਸਵੇਰੇ ਛੇਤੀ ਜਾਗ ਕੇ ਚੜ੍ਹਦੇ ਸੂਰਜ ਨੂੰ ਦੇਖੋਗੇ ਤਾਂ ਤੁਸੀਂ ਦਿਨ ਭਰ ਚੁਸਤ-ਦਰੁਸਤ ਰਹੋਗੇ। ਸਵੇਰੇ 15-20 ਮਿੰਟ ਦੀ ਸੈਰ ਨੇੜੇ ਦੇ ਪਾਰਕ ਵਿਚ ਕਰੋ। ਸੂਰਜ ਦੀਆਂ ਕਿਰਨਾਂ ਸਾਡੇ ਸਰੀਰ ਨੂੰ ਵਿਟਾਮਿਨ 'ਡੀ' ਪ੍ਰਦਾਨ ਕਰਦੀਆਂ ਹਨ, ਜੋ ਸਾਡੇ ਸਰੀਰ ਅਤੇ ਦਿਮਾਗ ਨੂੰ ਬੂਸਟ ਕਰਦੀਆਂ ਹਨ। ਜੇਕਰ ਅਸੀਂ ਸਵੇਰੇ ਛੇਤੀ ਉਠਾਂਗੇ ਤਾਂ ਸੁਭਾਵਿਕ ਹੈ ਕਿ ਅਸੀਂ ਰਾਤ ਨੂੰ ਸਮੇਂ ਸਿਰ ਸੌਂ ਸਕਾਂਗੇ ਅਤੇ ਨੀਂਦ ਵੀ ਚੰਗੀ ਆਵੇਗੀ।

ਚੁਸਤ ਰਹਿਣ ਲਈ ਪੈਦਲ ਚੱਲੋ : ਜੇਕਰ ਤੁਹਾਡਾ ਫਲੈਟ ਕੁਝ ਜ਼ਿਆਦਾ ਉੱਪਰਲੀ ਮੰਜ਼ਿਲ 'ਤੇ ਹੈ ਅਤੇ ਲਿਫਟ ਦੀ ਸਹੂਲਤ ਹੈ ਤਾਂ ਕੁਝ ਮੰਜ਼ਿਲਾਂ ਪੌੜੀਆਂ ਰਾਹੀਂ ਉੱਤਰੋ ਅਤੇ ਕੁਝ ਲਿਫਟ ਰਾਹੀਂ। ਇਸੇ ਤਰ੍ਹਾਂ ਦਫ਼ਤਰ ਵਿਚ ਵੀ ਪੌੜੀਆਂ ਦੀ ਵਰਤੋਂ ਕਰੋ। ਪੌੜੀਆਂ ਉੱਤਰਨ-ਚੜ੍ਹਨ ਨਾਲ ਤੁਹਾਡਾ ਦਿਲ ਠੀਕ ਤਰ੍ਹਾਂ ਕੰਮ ਕਰੇਗਾ ਅਤੇ ਤੁਸੀਂ ਊਰਜਿਤ ਮਹਿਸੂਸ ਕਰੋਗੇ।

ਨਾਸ਼ਤਾ ਜ਼ਰੂਰ ਲਓ : ਬਹੁਤ ਸਾਰੇ ਲੋਕਾਂ ਨੂੰ ਨਾਸ਼ਤਾ ਨਾ ਲੈਣ ਦੀ ਆਦਤ ਹੁੰਦੀ ਹੈ। ਜੇ ਅਸੀਂ ਸਵੇਰੇ ਨਾਸ਼ਤਾ ਨਹੀਂ ਲਵਾਂਗੇ ਤਾਂ ਸਾਡਾ ਸਰੀਰ ਦਿਨ ਭਰ ਸੁਸਤ ਰਹੇਗਾ। ਰਾਤ ਦੇ ਖਾਣੇ ਤੋਂ ਬਾਅਦ ਦਿਨ ਤੱਕ ਕੁਝ ਨਾ ਖਾਣ ਨਾਲ ਸਰੀਰ ਨੂੰ ਊਰਜਾ ਕਿਥੋਂ ਮਿਲੇਗੀ ? ਆਪਣੇ ਸਰੀਰ ਦੀ ਊਰਜਾ ਨੂੰ ਬਰਕਰਾਰ ਰੱਖਣ ਲਈ ਸਵੇਰ ਦਾ ਨਾਸ਼ਤਾ ਬਹੁਤ ਜ਼ਰੂਰੀ ਹੈ। ਧਿਆਨ ਦਿਓ ਕਿ ਨਾਸ਼ਤੇ ਵਿਚ ਪੂੜੀ, ਪਰੌਂਠਾ ਨਾ ਲਓ। ਇਸ ਨਾਲ ਵੀ ਆਲਸ ਆਉਂਦਾ ਹੈ। ਨਾਸ਼ਤੇ ਵਿਚ ਦੁੱਧ ਦੇ ਨਾਲ ਸੀਰੀਅਲਸ, ਬ੍ਰਾਊਨ ਬ੍ਰੈੱਡ, ਜੈਮ ਜਾਂ ਥੋੜ੍ਹਾ ਜਿਹਾ ਮੱਖਣ, ਮੈਂਗੋ ਸ਼ੇਕ, ਸਪ੍ਰਾਊਟ, ਦਲੀਆ ਦੁੱਧ ਵਾਲਾ, ਬ੍ਰੈੱਡ ਆਂਡਾ, ਸੈਂਡਵਿਚ ਦੇ ਨਾਲ ਇਕ ਕੱਪ ਕੌਫੀ ਆਦਿ ਲੈ ਸਕਦੇ ਹੋ।

ਸਟ੍ਰੇਚਿੰਗ ਕਸਰਤ ਕਰੋ : ਸਾਰਾ ਦਿਨ ਕੁਰਸੀ 'ਤੇ ਬੈਠੇ-ਬੈਠੇ ਕੰਮ ਕਰਨ ਨਾਲ ਸਰੀਰ ਦੀਆਂ ਮਾਸਪੇਸ਼ੀਆਂ ਖਿੱਚੀਆਂ-ਖਿੱਚੀਆਂ ਰਹਿੰਦੀਆਂ ਹਨ, ਜਿਸ ਨਾਲ ਸਰੀਰ ਵਿਚ ਕੰਮ ਕਰਨ ਦੀ ਸਮਰੱਥਾ ਘੱਟ ਹੋਣ ਲਗਦੀ ਹੈ। ਜਦੋਂ ਵੀ ਤੁਸੀਂ ਬੋਰ ਹੋਵੋ ਜਾਂ ਥਕਾਨ ਮਹਿਸੂਸ ਕਰੋ ਤਾਂ ਕੁਝ ਸਟ੍ਰੇਚਿੰਗ ਕਸਰਤ ਕਰਕੇ ਤਾਜ਼ਗੀ ਲਿਆ ਸਕਦੇ ਹੋ। ਕੁਰਸੀ ਤੋਂ 5-10 ਵਾਰ ਉੱਠ-ਬੈਠ ਸਕਦੇ ਹੋ। ਖੜ੍ਹੇ-ਖੜ੍ਹੇ ਦੋਵੇਂ ਹੱਥ ਉੱਪਰ ਚੁੱਕ ਕੇ ਪੰਜਿਆਂ ਦੇ ਭਾਰ ਖੜ੍ਹੇ ਹੋ ਸਕਦੇ ਹੋ, ਕਮਰ ਤੋਂ ਸੱਜੇ-ਖੱਬੇ ਬਾਹਾਂ ਨੂੰ ਘੁਮਾ ਸਕਦੇ ਹੋ। ਇਹ ਸਭ ਕਰਦੇ ਸਮੇਂ ਧਿਆਨ ਰੱਖੋ ਕਿ ਤੁਹਾਡੇ ਦਫ਼ਤਰ ਵਾਲਿਆਂ ਨੂੰ ਕੋਈ ਪ੍ਰੇਸ਼ਾਨੀ ਨਾ ਹੋਵੇ।

ਹੱਸਦੇ ਰਹੋ : ਕੰਮ ਕਰਦੇ ਸਮੇਂ ਆਪਣਾ ਚਿਹਰਾ ਮੁਸਕਰਾਉਂਦਾ ਹੋਇਆ ਰੱਖੋ, ਜਿੰਨਾ ਸੰਭਵ ਹੋਵੇ, ਓਨਾ ਹੀ। ਗੰਭੀਰ ਮੂਡ ਵਿਚ ਦਫ਼ਤਰ ਵਿਚ ਨਾ ਬੈਠੋ। ਇਸ ਨਾਲ ਖੁਦ ਤਾਂ ਬੋਰ ਹੋਵੋਗੇ ਹੀ, ਦੂਜੇ ਵੀ ਦੇਖਣ ਵਾਲੇ ਬੋਰ ਹੋਣਗੇ। ਵਿਚ-ਵਿਚ ਆਪਣੇ ਮਿੱਤਰਾਂ ਦੇ ਨਾਲ ਗੱਲਬਾਤ ਕਰ ਲਓ, ਮਜ਼ਾਕੀਆ ਵੀਡੀਓਜ਼ ਦੇਖ ਲਓ, ਚੁਟਕਲੇ ਆਦਿ ਪੜ੍ਹ ਲਓ। ਇਸ ਨਾਲ ਤੁਹਾਡਾ ਮੂਡ ਸੁਭਾਵਿਕ ਰੂਪ ਨਾਲ ਚੰਗਾ ਰਹੇਗਾ ਅਤੇ ਕੰਮ ਕਰਨ ਨੂੰ ਮਨ ਵੀ ਕਰੇਗਾ, ਕਿਉਂਕਿ ਇਹ ਚੀਜ਼ਾਂ ਤਣਾਅ ਦੂਰ ਕਰਦੀਆਂ ਹਨ।



**ਕੁਰਸੀ ਤੋਂ 5-10 ਵਾਰ ਉੱਠ-ਬੈਠ ਸਕਦੇ ਹੋ। ਖੜ੍ਹੇ-ਖੜ੍ਹੇ ਦੋਵੇਂ ਹੱਥ ਉੱਪਰ ਚੁੱਕ ਕੇ ਪੰਜਿਆਂ ਦੇ ਭਾਰ ਖੜ੍ਹੇ ਹੋ ਸਕਦੇ ਹੋ, ਕਮਰ ਤੋਂ ਸੱਜੇ-ਖੱਬੇ ਬਾਹਾਂ ਨੂੰ ਘੁਮਾ ਸਕਦੇ ਹੋ। ਇਹ ਸਭ ਕਰਦੇ ਸਮੇਂ ਧਿਆਨ ਰੱਖੋ ਕਿ ਤੁਹਾਡੇ ਦਫ਼ਤਰ ਵਾਲਿਆਂ ਨੂੰ ਕੋਈ ਪ੍ਰੇਸ਼ਾਨੀ ਨਾ ਹੋਵੇ।**

ਪਾਣੀ ਖੂਬ ਪੀਓ ਅਤੇ ਚਿਹਰਾ ਵੀ ਧੋਵੋ : ਜ਼ਿਆਦਾ ਦਫ਼ਤਰ ਏ. ਸੀ. ਵਾਲੇ ਹੁੰਦੇ ਹਨ। ਏ. ਸੀ. ਸਾਡੇ ਸਰੀਰ ਵਿਚੋਂ ਕੁਦਰਤੀ ਨਮੀ ਨੂੰ ਚੁਰਾਉਂਦਾ ਹੈ। ਉਸ ਨਮੀ ਨੂੰ ਬਰਕਰਾਰ ਰੱਖਣ ਲਈ ਦਿਨ ਵਿਚ ਥੋੜ੍ਹੀ-ਥੋੜ੍ਹੀ ਦੇਰ ਬਾਅਦ ਪਾਣੀ ਪੀਂਦੇ ਰਹੋ ਅਤੇ ਦਿਨ ਵਿਚ 2-3 ਵਾਰ ਠੰਢੇ ਪਾਣੀ ਨਾਲ ਚਿਹਰਾ ਧੋ ਲਓ। ਇਸ ਨਾਲ ਚਮੜੀ ਵਿਚ ਤਾਜ਼ਗੀ ਬਣੀ ਰਹੇਗੀ ਅਤੇ ਤੁਸੀਂ ਚੁਸਤ ਦਿਸੋਗੇ। ਇਹ ਸੱਚ ਹੈ ਕਿ ਜਦੋਂ ਤੁਸੀਂ ਚੁਸਤ ਹੋਵੋਗੇ ਤਾਂ ਕੰਮ ਕਰਨ ਦਾ ਮਜ਼ਾ ਵੀ ਬਣਿਆ ਰਹੇਗਾ।

ਇਸ ਤੋਂ ਇਲਾਵਾ ਆਪਣੀ ਦਰਾਜ ਵਿਚ ਕੁਝ ਅਜਿਹੀਆਂ ਪੁਸਤਕਾਂ ਰੱਖੋ, ਜਿਨ੍ਹਾਂ ਨੂੰ ਵਿਚ-ਵਿਚ ਦੋ-ਚਾਰ ਸਫੇ ਪੜ੍ਹ ਕੇ ਤਾਜ਼ਗੀ ਆ ਜਾਵੇ। ਆਪਣੀ ਊਰਜਾ ਬਰਕਰਾਰ ਰੱਖਣ ਲਈ ਵਿਚ-ਵਿਚ ਕੁਝ ਦਿਮਾਗੀ ਖੇਡਾਂ ਖੇਡੋ, ਜਿਵੇਂ ਕ੍ਰਾਸਵਰਡ ਜਾਂ ਪਜ਼ਲ ਆਦਿ। ਇਸ ਨਾਲ ਤੁਸੀਂ ਤਰੋਤਾਜ਼ਾ ਮਹਿਸੂਸ ਕਰੋਗੇ। ਦਫ਼ਤਰ ਵਿਚ ਤਣਾਅ ਨਾ ਪਾਲੋ। ਤਣਾਅ ਨਾਲ ਥਕਾਨ ਛੇਤੀ ਮਹਿਸੂਸ ਹੁੰਦੀ ਹੈ।

# ਅੱਖਾਂ ਦੀ ਤੇਜ਼ ਰੌਸ਼ਨੀ ਲਈ ਲਾਭਕਾਰੀ ਹੈ ਖ਼ੁਰਾਕ



ਅਸੀਂ ਜ਼ਿਆਦਾਤਰ ਬਜ਼ੁਰਗ ਔਰਤਾਂ ਨੂੰ ਇਹ ਕਹਿੰਦੇ ਹੋਏ ਸੁਣਦੇ ਹਾਂ ਕਿ ਗਾਜਰ ਖਾਣ ਨਾਲ ਅਸੀਂ ਹਨੇਰੇ ਵਿੱਚ ਵੀ ਦੇਖ ਸਕਦੇ ਹਾਂ ਪਰ ਵਧੀਆ ਨਜ਼ਰ ਪ੍ਰਾਪਤ ਕਰਨ ਲਈ ਗਾਜਰ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਖ਼ੁਰਾਕਾਂ ਹਨ, ਜੋ ਸਾਡੀ ਨਜ਼ਰ ਨੂੰ ਵਧਾਉਣ 'ਚ ਮਦਦਗਾਰ ਹੁੰਦੀਆਂ ਹਨ।

ਆਓ ਜਾਣਦੇ ਹਾਂ ਅਜਿਹੀਆਂ ਹੀ ਕੁਝ ਖ਼ੁਰਾਕਾਂ ਬਾਰੇ :-

ਪਾਲਕ : ਪਾਲਕ ਵਿੱਚ ਹਰੀ ਫ਼ੁੱਲਗੋਭੀ ਵਾਂਗ ਜੈਕਸਾਂਥਿਨ ਅਤੇ ਲਿਊਟੀਨ ਨਾਮੀ ਤੱਤ ਭਰਪੂਰ ਮਾਤਰਾ ਵਿੱਚ ਪਾਏ ਜਾਂਦੇ ਹਨ, ਜੋ ਮੋਤੀਆਬਿੰਦ ਪੈਦਾ ਹੋਣ ਦੇ ਖਤਰੇ ਨੂੰ ਘੱਟ ਕਰਦੇ ਹਨ। ਲਿਊਟੀਨ ਸਾਡੀਆਂ ਅੱਖਾਂ ਦੀ ਰੱਖਿਆ ਮੈਕਿਊਲਾ 'ਚ ਪਿਗਮੈਂਟਸ ਦਾ ਨਿਰਮਾਣ ਕਰਕੇ ਕਰਦਾ ਹੈ, ਜੋ ਨੁਕਸਾਨਦਾਇੱਕ ਨੀਲੀ ਰੋਸ਼ਨੀ ਦੀਆਂ ਕਿਰਨਾਂ ਨੂੰ ਫ਼ਿਲਟਰ ਕਰਦਾ ਹੈ। ਇਹ ਕਿਰਨਾਂ ਸਾਡੀਆਂ ਅੱਖਾਂ ਨੂੰ ਨੁਕਸਾਨ ਪਹੁੰਚਾ ਸਕਦੀਆਂ ਹਨ। ਰੋਜ਼ਾਨਾ 100 ਗ੍ਰਾਮ ਪਾਲਕ ਦਾ ਸੇਵਨ ਕਰਨਾ ਚਾਹੀਦਾ ਹੈ।



ਸੰਤਰਾ : ਸੰਤਰੇ ਵਿੱਚ ਵਿਟਾਮਿਨ-ਸੀ ਭਰਪੂਰ ਮਾਤਰਾ 'ਚ ਹੁੰਦਾ ਹੈ। ਇੱਕ ਅਧਿਐਨ 'ਚ ਪਾਇਆ ਗਿਆ ਹੈ ਕਿ ਜੋ ਔਰਤਾਂ 10 ਸਾਲ ਜਾਂ ਜ਼ਿਆਦਾ ਲਈ ਵਿਟਾਮਿਨ-ਸੀ ਸਪਲੀਮੈਂਟ ਦਾ ਸੇਵਨ ਕਰਦੀਆਂ ਸਨ, ਉਨ੍ਹਾਂ ਵਿੱਚ ਮੋਤੀਆਬਿੰਦ ਪੈਦਾ ਹੋਣ ਦਾ ਖਤਰਾ 64 ਫ਼ੀਸਦੀ ਤਕ ਘੱਟ ਦੇਖਿਆ ਗਿਆ ਸੀ। ਰੋਜ਼ਾਨਾ ਇੱਕ ਸੰਤਰਾ ਜ਼ਰੂਰ ਖਾਣਾ ਚਾਹੀਦਾ ਹੈ।

ਡਾਰਕ ਬੇਰੀਜ਼ : ਇਸ ਨੂੰ ਖਾਣ ਨਾਲ ਸਾਡੀ ਨਜ਼ਰ ਬਿਹਤਰ ਬਣਦੀ ਹੈ। ਦੂਸਰੀ ਵਿਸ਼ਵ ਜੰਗ ਦੇ ਪਾਇਲਟਾਂ ਵਲੋਂ ਇਨ੍ਹਾਂ ਦਾ ਜ਼ਿਆਦਾ ਸੇਵਨ ਕੀਤਾ ਜਾਂਦਾ ਸੀ ਤਾਂ ਜੋ ਰਾਤ ਨੂੰ ਮਿਸ਼ਨ ਲਈ ਉਨ੍ਹਾਂ ਦੀ ਨਜ਼ਰ ਤੇਜ਼ ਹੋ ਸਕੇ।

ਅਧਿਐਨਾਂ ਨਾਲ ਇਹ ਪ੍ਰਮਾਣਿਤ ਹੋ ਚੁੱਕਾ ਹੈ ਕਿ ਬਿਲ ਬੇਰੀਜ਼ ਅਤੇ ਬਲੈਕ ਬੇਰੀਜ਼ ਵਿੱਚ ਐਂਥੋਸਾਯਾਨਿਸ ਭਰਪੂਰ ਮਾਤਰਾ ਵਿੱਚ ਪਾਇਆ ਜਾਂਦਾ ਹੈ, ਜੋ ਮੋਤੀਆਬਿੰਦ ਤੇ ਮੈਕਿਊਲਰ ਡੀਜੈਨਰੇਸ਼ਨ ਕਾਰਨ ਪੈਦਾ ਹੋਣ ਵਾਲੀ ਨਜ਼ਰ ਦੀ ਕਮਜ਼ੋਰੀ ਨੂੰ ਰੋਕਦਾ ਹੈ। ਆਪਣੇ ਨਾਸ਼ਤੇ 'ਚ ਮੁੱਠੀ ਭਰ ਡਾਰਕ ਬੇਰੀਜ਼ ਸ਼ਾਮਲ ਕਰੋ।

ਬਦਾਮ : ਬਦਾਮਾਂ ਵਿੱਚ ਵਿਟਾਮਿਨ-ਈ ਭਰਪੂਰ ਮਾਤਰਾ ਵਿੱਚ ਪਾਇਆ ਜਾਂਦਾ ਹੈ। ਕਈ ਖੋਜਾਂ ਤੋਂ ਪਤਾ ਲੱਗਾ ਹੈ ਕਿ ਬਦਾਮ ਅੱਖਾਂ ਨੂੰ ਫ਼੍ਰੀ ਰੈਡੀਕਲਸ ਨਾਲ ਹੋਣ ਵਾਲੇ ਨੁਕਸਾਨ ਤੋਂ ਬਚਾਉਂਦੇ ਹਨ। ਇਸ ਦਾ ਅਰਥ ਇਹ ਹੈ ਕਿ ਇਹ ਸਰੀਰ ਵਿੱਚ ਮੌਜੂਦ ਕੋਸ਼ਿਕਾਵਾਂ ਨੂੰ ਆਕਸੀਡੇਸ਼ਨ ਤੋਂ ਬਚਾਉਣ 'ਚ ਮਦਦਗਾਰ ਹੁੰਦੇ ਹਨ, ਜੋ ਮੋਤੀਆਬਿੰਦ ਦੇ ਇਲਾਜ ਨੂੰ ਮੱਠਾ ਕਰਦਾ ਹੈ। ਮੁੱਠੀ ਭਰ ਕੁਤਰੇ ਹੋਏ ਬਦਾਮ ਆਪਣੇ ਸੀਰੀਅਲ 'ਤੇ ਛਿੜਕੋ ਤੇ ਸਨੈਕ ਦੇ ਤੌਰ 'ਤੇ ਇਨ੍ਹਾਂ ਨੂੰ ਖਾਓ।

# ਸਰਕਾਰੀ ਹਸਪਤਾਲਾਂ ਵਿੱਚ ਮੁਫ਼ਤ ਪਲੇਟਲੇਟਸ ਦੀ ਸਹੂਲਤ ਉਪਲਬਧ: ਆਰਤੀ ਸਿੰਘ ਰਾਓ

**ਚੰਡੀਗੜ੍ਹ, 13 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੀ ਸਿਹਤ ਮੰਤਰੀ ਆਰਤੀ ਸਿੰਘ ਰਾਓ ਨੇ ਕਿਹਾ ਕਿ ਹਰਿਆਣਾ ਦੇ ਲੋਕਾ ਲਈ ਰਾਜ ਦੇ ਸਰਕਾਰੀ ਹੱਸਪਤਾਲਾਂ ਵਿੱਚ ਮੁਫ਼ਤ ਪਲੇਟਲੇਟਸ ਦੀ ਸਹੂਲਤ ਉਪਲਬਧ ਹੈ ਅਤੇ ਲੋੜ ਪੈਣ ’ਤੇ ਸਰਕਾਰੀ ਪ੍ਰਾਈਵੇਟ ਬਲੱਡ ਬੈਂਕ ਤੋਂ ਵੀ ਮੁਹੱਈਆ ਕਰਵਾਵੇਗੀ। ਸੂਬੇ ਵਿੱਚ ਡੇਂਗੂ ਦੀ ਸਥਿਤੀ ਕੰਟ੍ਰੋਲ ਵਿੱਚ ਹੈ ਸਰਕਾਰ ਲਗਾਤਾਰ ਨਿਗਰਾਨੀ ਕਰ ਰਹੀ ਹੈ।

ਉਹ ਅੱਜ ਚੰਡੀਗੜ੍ਹ ਵਿੱਚ ਆਪਣੇ ਸਰਕਾਰੀ ਆਵਾਸ ’ਤੇ ਮੀਡੀਆ ਨਾਲ ਗੱਲਬਾਤ ਕਰ ਰਹੇ ਸਨ।

ਸਿਹਤ ਮੰਤਰੀ ਨੇ ਦੱਸਿਆ ਕਿ ਸੂਬੇ ਵਿੱਚ ਹੁਣ ਤੱਕ ਡੇਂਗੂ ਦੀ ਜਾਂਚ ਲਈ 65,707 ਸੈਂਪਲ ਲਏ ਜਾ ਚੁੱਕੇ ਹਨ ਜਿਨ੍ਹਾਂ ਵਿੱਚੋਂ 1041 ਮਾਮਲਿਆਂ ਦੀ ਪੁਸ਼ਟੀ ਹੋਈ ਹੈ। ਡੇਂਗੂ ਨਾਲ ਕਿਸੇ ਵੀ ਵਿਅਕਤੀ ਦੀ ਮੌਤ ਨਹੀਂ ਹੋਈ ਹੈ। ਉਨ੍ਹਾਂ ਨੇ ਦੱਸਿਆ ਕਿ ਡੇਂਗੂ ਦੀ ਜਾਂਚ ਲਈ ਲਗਾਤਾਰ ਟੈਸਟ ਕੀਤੇ ਜਾ ਰਹੇ ਹਨ। ਇਸ ਦੇ ਲਈ 27 ਟੇਸਟਿੰਗ ਲੈਬ ਚਾਲੂ ਹਨ। ਕਿਸੇ ਵੀ ਪਰਿਸਥਿਤੀ ਨਾਲ ਨਿਪਟਨ ਲਈ ਸਰਕਾਰੀ ਹੱਸਪਤਾਲਾਂ ਵਿੱਚ 255 ਵਾਰਡ ਅਤੇ 1091 ਬੇਡ ਡੇਂਗੂ ਮਰੀਜਾਂ ਲਈ ਰਿਜਰਵਡ ਕੀਤੇ ਗਏ ਹਨ।

ਉਨ੍ਹਾਂ ਨੇ ਦੱਸਿਆ ਕਿ ਡੇਂਗੂ ਫੈਲਣ ਦੇ ਮੌਸਮ ਨੂੰ ਵੇਖਦੇ ਹੋਏ ਸਿਹਤ ਵਿਭਾਗ ਵੱਲੋਂ ਹੁਣ ਤੱਕ 3.17 ਕਰੋੜ ਘਰਾਂ ਦੀ ਜਾਂਚ ਕੀਤੀ ਗਈ ਹੈ ਜਿਨ੍ਹਾਂ ਵਿੱਚੋਂ 1.73 ਲੱਖ ਘਰਾਂ ਵਿੱਚ ਡੇਂਗੂ ਦਾ ਲਾਰਵਾ ਮਿਲਿਆ ਅਤੇ ਤੁਰੰਤ ਉਸ ਨੂੰ ਨਸ਼ਟ ਕੀਤਾ ਗਿਆ। ਹੁਣ ਤੱਕ 87,143 ਘਰਾਂ ਨੂੰ ਨੋਟਿਸ ਜਾਰੀ ਕੀਤੇ ਜਾ ਚੁੱਕੇ ਹਨ। ਉਨ੍ਹਾਂ ਨੇ ਦੰਸਿਆ ਕਿ ਹੁਣ ਤੱਕ ਡੇਂਗੂ ਦੇ ਬਚਾਓ ਲਈ 7874 ਸਥਾਨਾਂ ’ਤੇ ਫਾਗਿੰਗ ਕੀਤੀ ਗਈ ਹੈ।

ਆਰਤੀ ਸਿੰਘ ਰਾਓ ਨੇ ਵੀ ਸੂਬੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਨੇੜੇ ਤੇੜੇ ਪਾਣੀ ਜਮਾ ਨਾ ਹੋਣ ਦੇਣ, ਕੂਲਰ, ਟੰਕੀ, ਗਮਲੇ ਆਦਿ ਸਾਫ਼ ਰਖਣ। ਉਨ੍ਹਾਂ ਨੇ ਕਿਹਾ ਕਿ ਬੁਖਾਰ ਜਾਂ ਡੇਂਗੂ ਦਾ ਪਤਾ ਲਗਣ ’ਤੇ ਤੁਰੰਤ ਡਾਕਟਰ ਤੋਂ ਜਾਂਚ ਕਰਾਉਣ, ਆਪਣੇ ਆਪ ਦਵਾਈ ਨਾ ਲੈਣ।

ਉਨ੍ਹਾਂ ਨੇ ਅੱਗੇ ਦੱਸਿਆ ਕਿ ਸਰਕਾਰ ਜਲਦ ਹੀ 28 ਮੋਬਾਇਲ ਫੂਡ ਸੇਫ਼ਟੀ ਟੇਸਟਿੰਗ ਵੈਨ ਦੀ ਖਰੀਦ ਕਰੇਗੀ, ਇਸ ਨਾਲ ਐਨਸੀਆਰ ਵਿੱਚ ਪੈਣ ਵਾਲੇ ਹਰਿਆਣਾ ਦੇ 14 ਜ਼ਿਲ੍ਹਿਆਂ ਵਿੱਚ ਨਕਲੀ ਖੁਰਾਕ ਚੀਜਾਂ ਦੀ ਬਿਕਰੀ ਕਰਨ ਵਾਲਿਆਂ ’ਤੇ ਨਜਰ ਰੱਖੀ ਜਾਵੇਗੀ।

ਉਨ੍ਹਾਂ ਨੇ ਕਿਹਾ ਕਿ ਤਿਉਹਾਰਾਂ ਦਾ ਸੀਜਨ ਵੇਖਦੇ ਹੋਏ ਸੂਬਾ ਸਰਕਾਰ ਲਗਾਤਾਰ ਮਿਲਾਵਟਖੋਰਾਂ ਵਿਰੁਧ ਮੁਹਿੰਮ ਚਲਾ ਰਹੀ ਹੈ। ਥਾਂ-ਥਾਂ ਸੈਂਪਲ ਲਏ ਜਾ ਰਹੇ ਹਨ। ਅਕਤੂਬਰ 2024 ਤੋਂ ਲੈ ਕੇ ਹੁਣ ਤੱਕ ਖੁਰਾਕ ਚੀਜਾਂ ਦੇ 3682 ਸੈਂਪਲ ਲਏ ਗਏ ਹਨ ਜਿਨ੍ਹਾਂ ਵਿੱਚੋਂ 606 ਸੈਂਪਲ ਫੇਲ ਹੋਏ ਹਨ। ਹੁਣ ਤੱਕ ਖਰਾਬ ਖੁਰਾਕ ਚੀਜਾਂ ਵੇਚਣ ਵਾਲਿਆਂ ’ਤੇ 1 ਕਰੋੜ 10 ਲੱਖ 56 ਹਜ਼ਾਰ ਦਾ ਜੁਰਮਾਨਾ ਵੀ ਕੀਤਾ ਜਾ ਚੁੱਕਾ ਹੈ।

ਇਸ ਦੇ ਨਾਲ ਹੀ ਦੂਜੇ ਰਾਜ਼ਿਆਂ ਨਾਲ ਹਰਿਆਣਾ ਵਿੱਚ ਖਰਾਬ ਖੁਰਾਕ ਸਾਮਗ੍ਰੀ ਨਾ ਪਹੁੰਚ ਪਾਵੇ, ਇਸ ਦੇ ਲਈ ਫੂਡ ਐਂਡ ਸੇਫ਼ਟੀ ਅਧਿਕਾਰੀਆਂ ਨੂੰ ਜਾਂਚ ਕਰਨ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਨੇ ਦੱਸਿਆ ਕਿ ਖੁਰਾਕ ਚੀਜਾਂ ਦੀ ਜਾਂਚ ਲਈ 2 ਲੈਬ ਹਨ ਜਿਨ੍ਹਾਂ ਨੂੰ 14 ਦਿਨ ਅੰਦਰ ਰਿਪੋਰਟ ਦੇਣ ਯਕੀਨੀ ਕੀਤੀ ਹੈ। ਉਨ੍ਹਾਂ ਨੇ ਲੈਬਸ ਗਿਣਤੀ ਘੱਟ ਮੰਨਦੇ ਹੋਏ ਕਿਹਾ ਕਿ ਬਹੁਤ ਜਲਦ ਹੋਰ ਵੀ ਲੈਬ ਸਥਾਪਿਤ ਕਰਵਾਉਣਗੇ, ਇਸ ਦੇ ਲਈ ਕੇਂਦਰ ਸਰਕਾਰ ਨੂੰ ਪੱਤਰ ਲਿਖਿਆ ਗਿਆ ਹੈ।

ਉਨ੍ਹਾਂ ਨੇ ਦੱਸਿਆ ਕਿ 17 ਸਤੰਬਰ ਤੋਂ 2 ਅਕਤੂਬਰ ਤੱਕ ਸੇਵਾ ਪੱਖਵਾੜਾ ਮਨਾਇਆ ਗਿਆ ਜਿਸ ਵਿੱਚ ਸਿਹਤ ਵਿਭਾਗ ਵੱਲੋਂ 28 ਹਜ਼ਾਰ ਕੈਂਪ ਲਗਾਏ ਗਏ ਅਤੇ ਇਨ੍ਹਾਂ ਵਿੱਚ ਤਕਰੀਬਨ 28 ਲੱਖ ਲੋਕਾਂ ਦੀ ਜਾਂਚ ਕੀਤੀ ਗਈ। ਸਰਕਾਰੀ ਹੱਸਪਤਾਲਾਂ ਤੋਂ ਇਲਾਵਾ ਵੀ ਹੋਰ ਹੱਸਪਤਾਲਾਂ ਵੱਲੋਂ ਇੱਕ ਲੱਖ 27 ਹਜ਼ਾਰ ਲੋਕਾਂ ਦੀ ਜਾਂਚ ਕੀਤੀ ਗਈ ਹੈ।

ਸਿਹਤ ਮੰਤਰੀ ਨੇ ਇੱਕ ਸੁਆਲ ਦੇ ਜਵਾਬ ਵਿੱਚ ਦੱਸਿਆ ਕਿ ਵਿਭਾਗ ਨੇ ਦਵਾਈਆਂ ਅਤੇ ਕਨਜੁਮੇਬਲ ਆਇਟਮਸ ਸਮੇਤ 241 ਚੀਜਾਂ ਨੂੰ ਖਰੀਦਣ ਲਈ ਰੇਟ ਤੈਅ ਕੀਤੇ ਹਨ। ਇਨ੍ਹਾਂ ’ਤੇ 419 ਕਰੋੜ ਰੁਪਏ ਖਰਚ ਹੋਣਗੇ।

ਇਸੇ ਤਰ੍ਹਾਂ 28 ਮੈਡੀਕਲ ਉਕਰਨ ਖਰੀਦਣ ਲਈ 134 ਕਰੋੜ ਰੁਪਏ ਦੇ ਰੇਟ ਦਾ ਕਾਨਟ੍ਰੈਕਟ ਹੋਇਆ ਹੈ। ਉਨ੍ਹਾਂ ਨੇ ਦੱਸਿਆ ਕਿ ਸਿਹਤ ਵਿਭਾਗ ਵਿੱਚ ਅਕਤੂਬਰ 2024 ਤੋਂ ਲੈ ਕੇ ਹੁਣ ਤੱਕ 103 ਕਰੋੜ ਰੁਪਏ ਦੇ 590 ਆਨਲਾਇਨ ਪਰਚੇਜ ਆਰਡਰ ਕੀਤੇ ਗਏ ਹਨ। ਇਨ੍ਹਾਂ ਵਿੱਚ ਲਾਇਫ਼ ਸੇਵਿੰਗ ਮੇਡਿਸਨ, ਐਂਟ੍ਰੀ ਬਾਯੋਟਿਕ ਮੇਡਿਸਨ ਐਂਡ ਇੰਜੇਕਸ਼ਨ ਆਦਿ ਸ਼ਾਮਲ ਹਨ।

ਇਸ ਦੇ ਨਾਲ ਹੀ 56 ਕਰੋੜ ਦੀ ਲਾਗਤ ਦੇ ਮੈਡੀਕਲ ਉਪਕਰਨ ਦੇ ਪਰਚੇਜ ਆਰਡਰ ਵੀ ਜਾਰੀ ਕੀਤੇ ਜਾ ਚੁੱਕੇ ਹਨ।

ਆਰਤੀ ਸਿੰਘ ਰਾਓ ਨੇ ਅੱਗੇ ਜਾਣਕਾਰੀ ਦਿੱਤੀ ਕਿ ਜਲਦ ਹੀ ਪੀਪੀਪੀ ਮੋਡ ’ਤੇ ਬਹਾਦੁਰਗੜ੍ਹ, ਚਰਖੀ ਦਾਦਰੀ, ਨਾਰਨੌਲ ਅਤੇ ਫਤੇਹਾਬਾਦ ਵਿੱਚ ਸਿਟੀ ਸਕੈਨ ਮਸ਼ੀਨ ਲਗਾਈ ਜਾਵੇਗੀ। ਇਸੇ ਤਰ੍ਹਾਂ ਪੀਪੀਪੀ ਮੋਡ ’ਤੇ ਹੀ ਕੁਰੁਕਸ਼ੇਤਰ, ਪਾਣੀਪਤ, ਸਿਰਸਾ, ਸੋਨੀਪਤ, ਕੈਥਲ ਵਿੱਚ ਐਮਆਰਆਈ ਮਸ਼ੀਨਾਂ ਜਲਦ ਹੀ ਲਗਾਈ ਜਾਵੇਗੀ। ਉਨ੍ਹਾਂ ਨੇ ਦੱਸਿਆ ਕਿ ਵਿਭਾਗ ਨੇ 14 ਐਕਸਰੇ ਮਸ਼ੀਨ ਖਰੀਦਣ ਦੇ ਆਰਡਰ ਦਿੱਤੇ ਹਨ ਅਤੇ ਉਨ੍ਹਾਂ ਤੋਂ ਬਾਅਦ ਹੋਰ 74 ਐਕਸਰੇ ਮਸ਼ੀਨਾਂ ਜਲਦ ਹੀ ਖਰੀਦੀ ਜਾਣਗੀਆਂ।

ਇਸ ਮੌਕੇ ’ਤੇ ਸਿਹਤ ਮੰਤਰੀ ਆਰਤੀ ਸਿੰਘ ਰਾਓ ਨੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਵੱਲੋਂ ਮੁੱਖ ਮੰਤਰੀ ਅਤੇ ਪ੍ਰਧਾਨ ਮੰਤਰੀ ਦੇ ਤੌਰ ’ਤੇ ਕੀਤੀ ਜਾ ਰਹੀ ਜਨਸੇਵਾ ਦੇ 25 ਸਾਲ ਪੂਰੇ ਹੋਣ ’ਤੇ ਵਧਾਈ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਆਗਾਮੀ 17 ਅਕਤੂਬਰ ਨੂੰ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਸੋਨੀਪਤ ਵਿੱਚ ਕਰੋੜਾਂ ਰੁਪਏ ਦੀ ਵਿਕਾਸ ਪਰਿਯੋਜਨਾਵਾਂ ਦਾ ਸ਼ੁਭਾਰੰਭ ਕਰਣਗੇ, ਜਿਸ ਨਾਲ ਹਰਿਆਣਾ ਵਿੱਚ ਵਿਕਾਸ ਨੂੰ ਨਵੀਂ ਦਿਸ਼ਾ ਅਤੇ ਗਤੀ ਮਿਲੇਗੀ।

# ਮਾਲੇਰਕੋਟਲਾ ਵਿੱਚ ਨਵੀਂ ਵਾਰਡਬੰਦੀ ਲਈ ਸਰਵੇ ਜਲਦ ਸ਼ੁਰੂ



**ਮਲੇਰਕੋਟਲਾ,13 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਨਗਰ ਕੌਂਸਲ ਮਾਲੇਰਕੋਟਲਾ ਨਸਰੀਨ ਅਸ਼ਰਫ ਅਬਦੁੱਲਾ ਨੇ ਦੱਸਿਆ ਕਿ ਪੰਜਾਬ ਸਰਕਾਰ ਦੀ ਹਦਾਇਤਾ ਅਨੁਸਾਰ ਮਾਲੇਰਕੋਟਲਾ ਸ਼ਹਿਰ ਦੀ ਨਵੀਂ ਵਾਰਡ ਬੰਦੀ ਕਰਵਾਉਣ ਦੀ ਪ੍ਰਕਿਰਿਆ ਜਲਦ ਸ਼ੁਰੂ ਕੀਤੀ ਜਾ ਰਹੀ ਹੈ। ਇਸ ਉਦੇਸ਼ ਲਈ ਸ਼ਹਿਰ ਦੇ ਸਮੂਹ ਪਰਿਵਾਰਾਂ ਦਾ ਡਾਟਾ ਇਕੱਠਾ ਕੀਤਾ ਜਾਵੇਗਾ, ਜਿਸ ਲਈ ਨਗਰ ਕੌਂਸਲ ਵੱਲੋਂ ਨਿਯੁਕਤ ਕਰਮਚਾਰੀ ਘਰ-ਘਰ ਜਾ ਕੇ ਜਾਣਕਾਰੀ ਇਕੱਠੀ ਕਰਨਗੇ।

ਉਨ੍ਹਾਂ ਕਿਹਾ ਕਿ ਇਹ ਸਰਵੇ ਸ਼ਹਿਰ ਦੀ ਭਵਿੱਖੀ ਯੋਜਨਾਬੰਦੀ, ਵਿਕਾਸ ਕਾਰਜਾਂ ਦੀ ਨਿਰਪੱਖ ਵੰਡ ਅਤੇ ਵਾਰਡਾਂ ਦੀ ਯੋਗ ਸਰਹੱਦਬੰਦੀ ਲਈ ਬਹੁਤ ਮਹੱਤਵਪੂਰਨ ਹੈ। ਪ੍ਰਧਾਨ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਜਦੋਂ ਨਗਰ ਕੌਂਸਲ ਦੇ ਕਰਮਚਾਰੀ ਉਹਨਾਂ ਦੇ ਘਰਾਂ ‘ਤੇ ਡਾਟਾ ਇਕੱਠਾ ਕਰਨ ਆਉਣ, ਤਾਂ ਉਹ ਪੂਰਾ ਸਹਿਯੋਗ ਦੇਣ ਅਤੇ ਸਹੀ ਤੇ ਪੂਰੀ ਜਾਣਕਾਰੀ ਪ੍ਰਦਾਨ ਕਰਨ।

ਉਨ੍ਹਾਂ ਦੱਸਿਆ ਕਿ ਨਗਰ ਕੌਂਸਲ ਦੇ ਕਰਮਚਾਰੀ ਅਧਿਕਾਰਕ ਪਹਿਚਾਣ ਪੱਤਰ ਨਾਲ ਘਰਾਂ ‘ਤੇ ਆਉਣਗੇ, ਜਿਸ ਨਾਲ ਨਿਵਾਸੀ ਆਸਾਨੀ ਨਾਲ ਉਹਨਾਂ ਦੀ ਪਛਾਣ ਕਰ ਸਕਣ।

ਜੇਕਰ ਕਿਸੇ ਵੀ ਨਿਵਾਸੀ ਨੂੰ ਇਸ ਸਰਵੇ ਸਬੰਧੀ ਕੋਈ ਸ਼ੰਕਾ ਜਾਂ ਵਾਧੂ ਜਾਣਕਾਰੀ ਦੀ ਲੋੜ ਹੋਵੇ, ਤਾਂ ਉਹ ਨਗਰ ਕੌਂਸਲ ਦਫ਼ਤਰ ਵਿਖੇ ਸੰਪਰਕ ਕਰ ਸਕਦਾ ਹੈ।

ਪ੍ਰਧਾਨ ਨਸਰੀਨ ਅਸ਼ਰਫ ਅਬਦੁੱਲਾ ਨੇ ਕਿਹਾ ਕਿ ਮਾਲੇਰਕੋਟਲਾ ਸ਼ਹਿਰ ਦੇ ਵਿਕਾਸ ਅਤੇ ਲੋਕ ਹਿੱਤ ਨੂੰ ਧਿਆਨ ਵਿੱਚ ਰੱਖਦੇ ਹੋਏ ਸਰਕਾਰ ਵੱਲੋਂ ਕੀਤੀ ਜਾ ਰਹੀ ਇਹ ਕਦਮ ਸ਼ਹਿਰ ਦੇ ਪ੍ਰਬੰਧਨ ਨੂੰ ਹੋਰ ਮਜ਼ਬੂਤ ਅਤੇ ਸੁਵਿਧਾਜਨਕ ਬਣਾਵੇਗਾ। ਉਨ੍ਹਾਂ ਕਿਹਾ ਕਿ ਨਗਰ ਕੌਂਸਲ ਦਾ ਉਦੇਸ਼ ਹਰ ਨਿਵਾਸੀ ਨੂੰ ਵਿਕਾਸ ਦੀ ਮੁੱਖ ਧਾਰਾ ਨਾਲ ਜੋੜਕੇ ਮਾਲੇਰਕੋਟਲੇ ਦਾ ਸਰਵਪੱਖੀ ਵਿਕਾਸ ਕਰਨਾ ਹੈ।

# ਭਾਰਤੀ Highways ’ਤੇ ਲੱਗਣਗੇ QR ਕੋਡਜ਼ ਦੇ ਸਾਈਨਬੋਰਡ

**ਨਵੀਂ ਦਿੱਲੀ, 13 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**




ਭਾਰਤੀ ਰਾਸ਼ਟਰੀ ਰਾਜਮਾਰਗ ਅਥੌਰਿਟੀ (HNAI) ਲੰਬੀ ਦੂਰੀ ਦੀ ਯਾਤਰਾ ਨੂੰ ਸੁਰੱਖਿਅਤ ਅਤੇ ਵਧੇਰੇ ਸੁਵਿਧਾਜਨਕ ਬਣਾਉਣ ਲਈ ਇੱਕ QR ਕੋਡਜ਼-ਅਧਾਰਿਤ ਪ੍ਰਣਾਲੀ ਸ਼ੁਰੂ ਕਰ ਰਹੀ ਹੈ। ਰਾਸ਼ਟਰੀ ਰਾਜਮਾਰਗਾਂ ’ਤੇ ਵੱਡੇ QR ਕੋਡਜ਼ ਸਾਈਨਬੋਰਡ ਲਗਾਏ ਜਾਣਗੇ। ਇਨ੍ਹਾਂ ਨੂੰ ਸਕੈਨ ਕਰਨ ਨਾਲ ਯਾਤਰੀਆਂ ਨੂੰ ਨੇੜਲੀਆਂ ਸਹੂਲਤਾਂ ਬਾਰੇ ਪੂਰੀ ਜਾਣਕਾਰੀ ਮਿਲੇਗੀ ਜਿਸ ’ਚ ਨਜ਼ਦੀਕੀ ਚਾਹ ਦੀ ਦੁਕਾਨਾਂ, ਪੈਟਰੋਲ ਪੰਪਸ, ਰੈਸਟੋਰੈਂਟਸ, ਪੁਲੀਸ ਸਟੇਸ਼ਨ ਅਤੇ ਹਸਪਤਾਲ ਸ਼ਾਮਿਲ ਹਨ। HNAI ਦੁਆਰਾ ਇਹ ਪਹਿਲ ਅਕਤੂਬਰ ’ਚ ਦੇਸ਼ ਭਰ ’ਚ ਸ਼ੁਰੂ ਕੀਤੀ ਜਾਵੇਗੀ।

**ਹਾਈਵੇਅਜ਼ ਦੇ ਨਾਲ ਵੱਡੇ QR ਕੋਡਜ਼ ਸਾਈਨਬੋਰਡ ਲਗਾਏ ਜਾਣਗੇ:** ਇਹ QR ਕੋਡਜ਼ ਰਾਸ਼ਟਰੀ ਰਾਜਮਾਰਗਾਂ ਦੇ ਨਾਲ ਪ੍ਰਮੁੱਖ ਸਥਾਨਾਂ ’ਤੇ ਸਾਈਨਬੋਰਡਾਂ ’ਤੇ ਲਗਾਏ ਜਾਣਗੇ। ਸਕੈਨ ਕਰਨ ’ਤੇ ਯਾਤਰੀਆਂ ਨੂੰ ਨੇੜਲੇ ਸਥਾਨਾਂ ਬਾਰੇ ਪੂਰੀ ਜਾਣਕਾਰੀ ਸਿੱਧੇ ਆਪਣੇ ਮੋਬਾਈਲ ਫ਼ੋਨਾਂ ’ਤੇ ਪ੍ਰਾਪਤ ਹੋਵੇਗੀ। ਇਸ ਨਾਲ ਉਹ ਸੇਵਾ ਸਟੇਸ਼ਨਾਂ, ਪਖ਼ਾਨਿਆਂ, ਫ਼ਾਰਮੇਸੀਆਂ, ਐਮਰਜੈਂਸੀ ਮੈਡੀਕਲ ਸੈਂਟਰਾਂ ਅਤੇ ਇਲੈਕਟ੍ਰਿਕ ਵਾਹਨ ਚਾਰਜਿੰਗ ਪੁਆਇੰਟਾਂ ਵਰਗੀਆਂ ਨੇੜਲੀਆਂ ਸਹੂਲਤਾਂ ਦੀ ਦੂਰੀ ਦਾ ਪਤਾ ਲਗਾਉਣ ਦੀ ਵੀ ਆਗਿਆ ਦੇਣਗੇ। HNAI ਹੈੱਡਕੁਆਰਟਰ ਨੇ ਲਖਨਊ ਖੇਤਰ ਸਮੇਤ ਦੇਸ਼ ਭਰ ਦੇ ਖੇਤਰੀ ਦਫ਼ਤਰਾਂ ਨੂੰ ਹਾਈਵੇਅਜ਼ ’ਤੇ ਦਿਖਾਈ ਦੇਣ ਵਾਲੀਆਂ ਥਾਵਾਂ ’ਤੇ ਕੋਡਜ਼ ਲਗਾਉਣ ਲਈ ਨਿਰਦੇਸ਼ ਜਾਰੀ ਕੀਤੇ ਹਨ। ਇਹ QR ਕੋਡ ਟੋਲ ਪਲਾਜ਼ਾ, ਸੜਕ ਕਿਨਾਰੇ ਸੁਵਿਧਾ ਖੇਤਰਾਂ, ਆਰਾਮ ਖੇਤਰਾਂ ਅਤੇ ਰਾਸ਼ਟਰੀ ਰਾਜਮਾਰਗਾਂ ਦੇ ਪ੍ਰਵੇਸ਼ ਅਤੇ ਨਿਕਾਸ ਸਥਾਨਾਂ ’ਤੇ ਲਗਾਏ ਜਾਣਗੇ।

**ਲਖਨਊ ਦੇ ਇਨ੍ਹਾਂ ਰੂਟਾਂ ’ਤੇ ਮਿਲੇਗੀ ਪਹਿਲਾਂ ਸੁਵਿਧਾ:** ਸਾਰੇ QR ਕੋਡਜ਼ ਸਥਾਨਾਂ ਬਾਰੇ ਜਾਣਕਾਰੀ ਪ੍ਰਦਾਨ ਕਰਨ ਤੋਂ ਇਲਾਵਾ ਹੋਰ ਜ਼ਰੂਰੀ ਜਾਣਕਾਰੀ ਆਸਾਨੀ ਨਾਲ ਉਪਲਬਧ ਹੋਵੇਗੀ ਜਿਸ ’ਚ ਹਾਈਵੇਅ ਦੇ ਨੰਬਰ ਅਤੇ ਲੰਬਾਈ, ਰੱਖ-ਰਖਾਅ ਦੇ ਕਾਰਜਕ੍ਰਮ, 24x7 ਰਾਸ਼ਟਰੀ ਰਾਜਮਾਰਗ ਹੈਲਪਲਾਈਨ (1033), ਅਤੇ ਸੰਬੰਧਿਤ HNAI ਅਧਿਕਾਰੀਆਂ ਦੇ ਸੰਪਰਕ ਵੇਰਵੇ ਸ਼ਾਮਿਲ ਹਨ। ਉੱਤਰ ਪ੍ਰਦੇਸ਼ ਦੇ ਲਖਨਊ ਖੇਤਰ ’ਚ, ਸੀਤਾਪੁਰ ਹਾਈਵੇਅ-ਇੰਟੌਂਜਾ ਟੋਲ ਪਲਾਜ਼ਾ, ਸੁਲਤਾਨਪੁਰ ਹਾਈਵੇਅ, ਬਾਰਾਬੰਕੀ ਹਾਈਵੇਅ-ਹੈਦਰਗੜ੍ਹ, ਹਰਦੋਈ ਹਾਈਵੇਅ-ਬੱਲੀਪੁਰ ਅਤੇ ਸਹਿਜਨਵਾ, ਕਾਨਪੁਰ ਹਾਈਵੇਅ-ਨਵਾਬਗੰਜ, ਰਾਏਬਰੇਲੀ ਹਾਈਵੇਅ-ਦਖੀਨਾ ਸ਼ੇਖਪੁਰ, ਫ਼ੈਜ਼ਾਬਾਦ ਰੋਡ-ਅਹਿਮਦਪੁਰ, ਅਤੇ ਬਹਿਰਾਈਚ ਰੋਡ-ਸ਼ਹਾਬਪੁਰ ’ਤੇ ਯਾਤਰਾ ਕਰਨ ਵਾਲੇ ਯਾਤਰੀ ਇਹ ਵਿਸ਼ੇਸ਼ਤਾ ਪ੍ਰਾਪਤ ਕਰਨ ਵਾਲੇ ਪਹਿਲੇ ਵਿਅਕਤੀ ਹੋਣਗੇ। HNAI ਲਖਨਊ ਦੇ ਪ੍ਰੋਜੈਕਟ ਡਾਇਰੈਕਟਰ ਕਰਨਲ ਸ਼ਰਦ ਸਿੰਘ ਅਨੁਸਾਰ ਲਖਨਊ ਖੇਤਰ ’ਚ ਰਾਸ਼ਟਰੀ ਰਾਜਮਾਰਗਾਂ ਦੇ ਨਾਲ-ਨਾਲ ਸਾਰੇ ਪ੍ਰਮੁੱਖ ਸਥਾਨਾਂ ’ਤੇ QR ਕੋਡਜ਼ ਵਾਲੇ ਸਾਈਨਬੋਰਡਜ਼ ਲਗਾਉਣ ਦੀਆਂ ਤਿਆਰੀਆਂ ਚੱਲ ਰਹੀਆਂ ਹਨ। ਇਹ ਸਿਸਟਮ ਇਸ ਮਹੀਨੇ ਦੇ ਅੰਤ ਤਕ ਪੂਰੀ ਤਰ੍ਹਾਂ ਕਾਰਜਸ਼ੀਲ ਹੋ ਜਾਵੇਗਾ।

# ਏਵੀਓਰ ਸਕੂਲ ਦੇ ਵਿਦਿਆਰਥੀਆਂ ਨੇ ਸਾਇੰਸ ਪ੍ਰਦਰਸ਼ਨੀ ਮੁਕਾਬਲੇ ’ਚ ਕੀਤਾ ਸ਼ਾਨਦਾਰ ਪ੍ਰਦਰਸ਼ਨ




**ਮਾਛੀਵਾੜਾ ਸਾਹਿਬ, 13 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੇ ਦਿਨੀਂ ਲਾਰੈਂਸ ਗਲੋਬਲ ਸਕੂਲ ਸਰਹਿੰਦ ਵਿਖੇ ਪੰਜਾਬ ਸੀ.ਆਈ.ਐੱਸ. ਸੀ.ਈ ਵਲੋਂ ਅੰਤਰ ਸਕੂਲ ਸਾਇੰਸ ਪ੍ਰਦਰਸ਼ਨੀ ਮੁਕਾਬਲਾ ਕਰਵਾਇਆ ਗਿਆ। ਇਸ ਮੁਕਾਬਲੇ ਵਿਚ ਹੋਰਨਾਂ ਸਕੂਲਾਂ ਦੇ ਨਾਲ ਏਵੀਅਰ ਕਾਨਵੈਂਟ ਸਕੂਲ, ਮਾਛੀਵਾੜ ?ਾ ਸਾਹਿਬ ਨੇ ਵੀ ਹਿੱਸਾ ਲਿਆ।

ਇਹ ਪ੍ਰੋਗਰਾਮ ਦੋ ਵਰਗਾਂ ’ਚ ਵੰਡਿਆ ਹੋਇਆ ਸੀ ਜਿਸ ਵਿਚ ਪਹਿਲੀ ਕੈਟੇਗਰੀ ’ਚ ਛੇਵੀਂ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਦੀ ਪੇਸ਼ਕਾਰੀ ਸੀ। ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਖੂਬਮੰਨਤ ਕੌਰ, ਪਰਾਂਸ਼ੂ ਅਗਰਵਾਲ, ਹਨੀਤ ਕੌਰ ਤੇ ਨਵਜੋਤ ਕੌਰ ਨੇ ਦੂਸਰਾ ਸਥਾਨ ਹਾਸਲ ਕੀਤਾ। ਦੂਸਰੀ ਕੈਟਾਗਿਰੀ ’ਚ ਦਸਵੀਂ ਤੋਂ ਬਾਰ੍ਹਵੀਂ ਦੇ ਵਿਦਿਆਰਥੀਆਂ ਦੀ ਪੇਸ਼ਕਾਰੀ ਵਿਚ ਸਕੂਲ ਦੇ ਵਿਦਿਆਰਥੀਆਂ ਸਾਹਿਲ ਵਰਮਾ, ਅਰੀਧਿਮਾ ਰਾਣਾ, ਪਰਮੀਤ ਕੌਰ ਤੇ ਤਮੰਨਪ੍ਰੀਤ ਕੌਰ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।

ਸਕੂਲ ਦੇ ਪ੍ਰਿੰਸੀਪਲ ਗੁਰਿੰਦਰ ਪਾਲ ਸਿੰਘ ਵਲੋਂ ਵਿਦਿਆਰਥੀਆਂ ਦੀਆਂ ਇਨ੍ਹਾਂ ਪ੍ਰਾਪਤੀਆਂ ਦੀ ਸ਼ਲਾਘਾ ਕੀਤੀ ਗਈ ਅਤੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਹੋਰ ਚੰਗੇਰਾ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕੀਤਾ ਗਿਆ।

# ਸਮੁੰਦਰ ਦੇ ਹੇਠਾਂ ਮਿਲਿਆ ਖ਼ਜ਼ਾਨਾ, 300 ਸਾਲ ਪਹਿਲਾਂ ਡੁੱਬਿਆ ਸੀ ਸੋਨੇ-ਚਾਂਦੀ ਦੇ ਸਿੱਕਿਆਂ ਨਾਲ ਭਰਿਆ ਜਹਾਜ਼

**ਫ਼ਲੌਰੀਡਾ, 13 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਫ਼ਲੌਰੀਡਾ ’ਚ ਸਮੁੰਦਰੀ ਕੰਢੇ ਦੇ ਇੱਕ ਹਿੱਸੇ ਨੂੰ ਟ੍ਰੈਯਰ ਕੋਸਟ ਵਜੋਂ ਜਾਣਿਆ ਜਾਂਦਾ ਹੈ। ਇੱਥੇ ਕਈ ਜਹਾਜ਼ਾਂ ਦੇ ਮਲਬੇ ਮਿਲੇ ਹਨ ਜੋ ਖ਼ਜ਼ਾਨੇ ਨੂੰ ਲੁਕਾਉਂਦੇ ਹਨ। ਇੱਕ ਵਾਰ ਫ਼ਿਰ ਇਨ ਾਂ ਜਹਾਜ਼ਾਂ ਦੇ ਮਲਬੇ ’ਚ ਲੁੱਕਿਆ ਹੋਇਆ ਖ਼ਜ਼ਾਨਾ ਲੱਭਿਆ ਗਿਆ ਹੈ।

ਦਾ ਗਾਰਡੀਅਨ ਅਖ਼ਬਾਰ ਦੀ ਇੱਕ ਰਿਪੋਰਟ ਅਨੁਸਾਰ ਜਹਾਜ਼ਾਂ ਦੇ ਮਲਬੇ ਦੀ ਖੋਜ ਕਰਨ ਵਾਲੀ ਇੱਕ ਕੰਪਨੀ ਦੇ ਗੋਤਾਖੋਰਾਂ ਦੀ ਇੱਕ ਟੀਮ ਨੇ ਇੱਕ ਮਹੱਤਵਪੂਰਣ ਖ਼ਜ਼ਾਨਾ ਲੱਭਿਆ ਹੈ। 1715 ’ਚ ਇੱਕ ਤੂਫ਼ਾਨ ਨੇ ਸਪੈਨਿਸ਼ ਬੇੜੇ ਨੂੰ ਤਬਾਹ ਕਰ ਦਿੱਤਾ ਸੀ ਜਦੋਂ ਇਹ ਅਮਰੀਕੀ ਕੋਲੋਨੀਆਂ ਤੋਂ ਕੀਮਤੀ ਸਾਮਾਨ ਦੀ ਢੋਆ-ਢੁਆਈ ਕਰ ਰਿਹਾ ਸੀ।

ਸਮੁੰਦਰ ਤੋਂ ਮਿਲੇ ਖ਼ਜ਼ਾਨੇ ਦੀ ਕੀਮਤ ਹੈ 10 ਲੱਖ ਡਾਲਰਾਂ ਤੋਂ ਜ਼ਿਆਦਾ: ਉਸ ਸਮੇਂ ਤੋਂ ਗੁਆਚਿਆ ਖ਼ਜ਼ਾਨਾ ਇੱਕ ਸਪੈਨਿਸ਼ ਜਹਾਜ਼ ਦੇ ਮਲਬੇ ’ਚ ਲੁਕਿਆ ਹੋਇਆ ਸੀ। ਉਨ ਾਂ ਦੇ ਅਨੁਮਾਨਾਂ ਅਨੁਸਾਰ ਇਸ ਦੀ ਕੀਮਤ 10 ਲੱਖ ਡਾਲਰ ਤੋਂ ਵੱਧ ਹੈ। 1715 ਫ਼ਲੀਟ-ਕੁਈਨਜ਼ ਜੁਐਲਜ਼ LLC ਨੇ ਇਸ ਹਫ਼ਤੇ ਐਲਾਨ ਕੀਤਾ ਕਿ ਫ਼ਲੌਰੀਡਾ ਦੇ



ਐਟਲੈਂਟਿਕ ਤੱਟ ਤੋਂ ਇੱਕ ਹਜ਼ਾਰ ਤੋਂ ਵੱਧ ਚਾਂਦੀ ਅਤੇ ਸੋਨੇ ਦੇ ਸਿੱਕੇ ਮਿਲੇ ਹਨ ਜਿਨ ਾਂ ਬਾਰੇ ਮੰਨਿਆ ਜਾਂਦਾ ਹੈ ਕਿ ਇਹ ਸਪੈਨਿਸ਼ ਕੋਲੋਨੀਆਂ ’ਚ ਬਣਾਏ ਗਏ ਸਨ ਜਿੱਥੇ ਬੋਲੀਵੀਆ, ਮੈਕਸੀਕੋ ਅਤੇ ਪੇਰੂ ਹੁਣ ਸਥਿਤ ਹਨ।

1715 ਫ਼ਲੀਟ ਸੋਸਾਇਟੀ ਅਨੁਸਾਰ ਸਦੀਆਂ ਪਹਿਲਾਂ ਜਦੋਂ ਖ਼ਜ਼ਾਨਾ ਸਪੇਨ ਵਾਪਿਸ ਲਿਆਂਦਾ ਜਾ ਰਿਹਾ ਸੀ। 31 ਜੁਲਾਈ 1715 ਨੂੰ ਇੱਕ ਤੂਫ਼ਾਨ ਨੇ ਬੇੜੇ ਦੇ ਜਹਾਜ਼ਾਂ ਨੂੰ ਤਬਾਹ ਕਰ ਦਿੱਤਾ ਜਿਸ ਕਾਰਨ ਖ਼ਜ਼ਾਨਾ ਸਮੁੰਦਰ ’ਚ ਵਹਿ ਗਿਆ।

ਖੋਜ ਕੰਪਨੀ ਨੇ ਕਿਹਾ ਕਿ ਬਰਾਮਦ ਕੀਤੇ ਗਏ ਕੁਝ ਸਿੱਕਿਆਂ ’ਤੇ ਤਾਰੀਖ਼ਾਂ ਅਤੇ ਟਕਸਾਲ ਦੇ ਨਿਸ਼ਾਨ ਅਜੇ ਵੀ ਦਿਖਾਈ ਦੇ ਰਹੇ ਹਨ ਜੋ ਇਤਿਹਾਸਕਾਰਾਂ ਅਤੇ ਸੰਗ੍ਰਹਿਕਾਰਾਂ ਲਈ ਨਵੀਂ ਜਾਣਕਾਰੀ ਪ੍ਰਦਾਨ ਕਰ ਸਕਦੇ ਹਨ ਜੋ ਗੁਆਚੇ ਖ਼ਜ਼ਾਨੇ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ ਦੀ ਉਮੀਦ ਕਰ ਰਹੇ ਹਨ।

ਸਾਲਵੇਜ ਕੰਪਨੀ ਦੇ ਸੰਚਾਲਨ ਨਿਰਦੇਸ਼ਕ ਸਲ ਗੁਟੂਸੋ ਨੇ ਕਿਹਾ ਕਿ ਖੋਜ ਸਿਰਫ਼ ਖ਼ਜ਼ਾਨੇ ਬਾਰੇ ਨਹੀਂ ਸਗੋਂ ਇਸ ਦੇ ਪਿੱਛੇ ਦੀਆਂ ਕਹਾਣੀਆਂ ਬਾਰੇ ਵੀ ਹੈ।

ਹਰੇਕ ਸਿੱਕਾ ਇਤਿਹਾਸ ਦਾ ਇੱਕ ਟੁਕੜਾ ਹੈ, ਜਿਸ ਦਾ ਸਪੈਨਿਸ਼ ਸਾਮਰਾਜ ਦੇ ਸੁਨਹਿਰੀ ਯੁੱਗ ਦੌਰਾਨ ਰਹਿਣ ਵਾਲੇ, ਕੰਮ ਕਰਨ ਵਾਲੇ ਅਤੇ ਸਮੁੰਦਰੀ ਸਫ਼ਰ ਕਰਨ ਵਾਲੇ ਲੋਕਾਂ ਨਾਲ ਇੱਕ ਠੋਸ ਸਬੰਧ ਹੈ। ਇੱਕੋ ਸਮੇਂ ਇੱਕ ਹਜ਼ਾਰ ਸਿੱਕੇ ਲੱਭਣਾ ਦੁਰਲੱਭ ਅਤੇ ਅਸਾਧਾਰਣ ਹੈ।

ਫ਼ਲੌਰੀਡਾ ਕਾਨੂੰਨ ਤਹਿਤ ਸਰਕਾਰੀ ਜ਼ਮੀਨ ’ਤੇ ਜਾਂ ਸਰਕਾਰੀ ਪਾਣੀਆਂ ’ਚ ਬਚੇ ਕਿਸੇ ਵੀ ਖ਼ਜ਼ਾਨੇ ਜਾਂ ਹੋਰ ਇਤਿਹਾਸਕ ਕਲਾਕ੍ਰਿਤੀਆਂ ਦੀ ਮਲਕੀਅਤ ਰਾਜ ਦੀ ਹੈ। ਹਾਲਾਂਕਿ ਖੋਜਕਰਤਾਵਾਂ ਨੂੰ ਉਨ ਾਂ ਦੀ ਖੋਜ ਕਰਨ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ।

ਕਾਨੂੰਨ ਅਨੁਸਾਰ ਬਰਾਮਦ ਕੀਤੀ ਗਈ ਪੁਰਾਤੱਤਵ ਸਮੱਗਰੀ ਦਾ ਲਗਭਗ 20% ਖੋਜ ਸੰਗ੍ਰਹਿ ਜਾਂ ਜਨਤਕ ਪ੍ਰਦਰਸ਼ਨ ਲਈ ਰਾਜ ਦੁਆਰਾ ਰੱਖਿਆ ਜਾਣਾ ਚਾਹੀਦਾ ਹੈ।

# ਭਾਰਤੀ ਰਿਜ਼ਰਵ ਬੈਂਕ, ਚੰਡੀਗੜ੍ਹ ਵਿੱਚ ਨਵੇਂ ਲੋਕਪਾਲ ਨੇ ਅਹੁਦਾ ਸੰਭਾਲਿਆ



**ਚੰਡੀਗੜ੍ਹ, 13 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਚੀਫ ਮੈਨੇਜਿੰਗ ਡਾਇਰੈਕਟਰ ਸ਼੍ਰੀਮਤੀ ਰੁਚੀ ਏ. ਐੱਸ. ਐੱਚ. ਨੇ 6 ਅਕਤੂਬਰ, 2025 ਤੋਂ ਭਾਰਤੀ ਰਿਜ਼ਰਵ ਬੈਂਕ, ਚੰਡੀਗੜ੍ਹ ਵਿੱਚ ਲੋਕਪਾਲ ਦਾ ਅਹੁਦਾ ਸੰਭਾਲ ਲਿਆ ਹੈ।

ਸ਼੍ਰੀਮਤੀ ਰੁਚੀ ਕੋਲ ਭਾਰਤੀ ਰਿਜ਼ਰਵ ਬੈਂਕ ਦੇ ਕੇਂਦਰੀ ਦਫ਼ਤਰ ਅਤੇ ਵੱਖ-ਵੱਖ ਖੇਤਰੀ ਦਫ਼ਤਰਾਂ ਵਿੱਚ 29 ਵਰ੍ਹਿਆਂ ਦਾ ਵਿਸ਼ੇਸ਼ ਤਜਰਬਾ ਹੈ। ਉਨ੍ਹਾਂ ਨੇ ਕੇਂਦਰੀ ਬੈਂਕਿੰਗ ਦੇ ਮੁੱਖ ਖੇਤਰਾਂ ਵਿੱਚ ਕੰਮ ਕੀਤਾ , ਜਿਨ੍ਹਾਂ ਵਿੱਚ ਮੁਦ੍ਰਾ ਪ੍ਰਬੰਧਨ, ਜਨਤਕ ਕਰਜ਼ਾ ਪ੍ਰਬੰਧਨ ਅਤੇ ਬੈਂਕਾਂ ਅਤੇ ਨੌਨ-ਬੈਂਕਿੰਗ ਵਿੱਤੀ ਸੰਸਥਾਨਾਂ ਦੀ ਨਿਗਰਾਨੀ ਸ਼ਾਮਲ ਹੈ।

ਵਰਤਮਾਨ ਅਹੁਦਾ ਗ੍ਰਹਿਣ ਕਰਨ ਤੋਂ ਪਹਿਲਾਂ, ਉਹ ਭਾਰਤੀ ਰਿਜ਼ਰਵ ਬੈਂਕ, ਹੈਦਰਾਬਾਦ ਦੇ ਨਿਗਰਾਨੀ ਵਿਭਾਗ ਵਿੱਚ ਕੰਮ ਰਹੇ ਸਨ।

# 1 ਨਵੰਬਰ ਤੋਂ ਦਰਮਿਆਨੇ ਅਤੇ ਭਾਰੀ ਟਰੱਕਾਂ ’ਤੇ ਲੱਗੇਗੀ 25% ਆਯਾਤ ਡਿਊਟੀ

**ਵਾਸ਼ਿੰਗਟਨ, 13 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ Truth Social ’ਤੇ ਐਲਾਨ ਕੀਤਾ ਕਿ ਅਮਰੀਕਾ ਸਾਰੇ ਦਰਮਿਆਨੇ ਅਤੇ ਭਾਰੀ ਟਰੱਕਾਂ ’ਤੇ 25% ਟੈਰਿਫ਼ ਲਗਾਏਗਾ।

ਟਰੰਪ ਨੇ ’ਟਰੂਥ ਸੋਸ਼ਲ” ਤੇ ਲਿਖਿਆ, “1 ਨਵੰਬਰ 2025 ਤੋਂ ਦੂਜੇ ਦੇਸ਼ਾਂ ਤੋਂ ਅਮਰੀਕਾ ਆਉਣ ਵਾਲੇ ਸਾਰੇ ਦਰਮਿਆਨੇ ਅਤੇ ਭਾਰੀ ਟਰੱਕਾਂ ’ਤੇ 25% ਟੈਰਿਫ਼ ਲੱਗੇਗਾ। ਇਸ ਮਾਮਲੇ ਵੱਲ ਧਿਆਨ ਦੇਣ ਲਈ ਤੁਹਾਡਾ ਧੰਨਵਾਦ।” ਅਮਰੀਕੀ ਰਾਸ਼ਟਰਪਤੀ ਨੇ ਪਿਛਲੇ ਮਹੀਨੇ ਐਲਾਨ ਕੀਤਾ ਸੀ ਕਿ 1 ਅਕਤੂਬਰ, 2025 ਤੋਂ ਭਾਰੀ ਟਰੱਕਾਂ ਦੇ ਆਯਾਤ ’ਤੇ ਨਵੇਂ ਟੈਰਿਫ਼ਸ ਲਾਗੂ ਹੋਣਗੇ।



**ਘਰੇਲੂ ਉਦਯੋਗਾਂ ’ਤੇ ਅਸਰ:** ਇਹ ਕਦਮ ਅਮਰੀਕੀ ਟਰੱਕ ਨਿਰਮਾਤਾਵਾਂ ਨੂੰ ਇੱਕ ਮੁਕਾਬਲੇਬਾਜ਼ੀ ਵਾਲਾ ਫ਼ਾਇਦਾ ਦੇ ਸਕਦਾ ਹੈ ਕਿਉਂਕਿ ਆਯਾਤ ਕੀਤੇ ਟਰੱਕਾਂ ਦੀਆਂ ਕੀਮਤਾਂ ਵਧਣਗੀਆਂ। ਹਾਲਾਂਕਿ ਇਸ ਫ਼ੈਸਲੇ ਦਾ ਵਾਹਨ ਨਿਰਮਾਤਾਵਾਂ, ਸਪਲਾਈ ਚੇਨਾਂ ਅਤੇ ਸੰਬੰਧਿਤ ਉਦਯੋਗਾਂ ’ਤੇ ਵੀ ਪ੍ਰਭਾਵ ਪਵੇਗਾ ਜੋ ਪਹਿਲਾਂ ਹੀ ਉੱਚ ਉਤਪਾਦਨ ਲਾਗਤਾਂ ਅਤੇ ਮੰਗ ’ਚ ਗਿਰਾਵਟ ਨਾਲ ਜੂਝ ਰਹੇ ਹਨ।

**ਵਿਸ਼ਵ ਵਪਾਰ ’ਤੇ ਪ੍ਰਭਾਵ:** ਇਹ ਕਦਮ ਕੈਨੇਡਾ ਅਤੇ ਮੈਕਸੀਕੋ ਵਰਗੇ ਪ੍ਰਮੁੱਖ ਅਮਰੀਕੀ ਵਪਾਰਕ ਭਾਈਵਾਲਾਂ ਨਾਲ ਵਪਾਰਕ ਸਬੰਧਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਕੈਨੇਡਾ, ਜੋ ਕਿ ਅਮਰੀਕੀ ਟਰੱਕਾਂ ਦਾ ਇੱਕ ਵੱਡਾ ਸਪਲਾਇਰ ਹੈ, ਪਹਿਲਾਂ ਹੀ ਇਹਨਾਂ ਟੈਰਿਫ਼ਾਂ ਦੇ ਵਿਰੁੱਧ ਪ੍ਰਤੀਕਿਰਿਆ ਦੇ ਚੁੱਕਾ ਹੈ।

# ਦੁਸਹਿਰਾ-ਦੀਵਾਲੀ ਤੋਂ ਲੈ ਕੇ ਵਿਆਹਾਂ ਤਕ 14 ਲੱਖ ਕਰੋੜ ਦਾ ਹੋਵੇਗਾ Festive Season

**ਨਵੀਂ ਦਿੱਲੀ, 13 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਇਸ ਵਾਰ ਫ਼ੈਸਟਿਵ ਸੀਜ਼ਨ ਖ਼ਰਚੇ ਅਤੇ ਕਮਾਈ ਦੇ ਸਾਰੇ ਰਿਕਾਰਡ ਤੋੜ ਸਕਦਾ ਹੈ। ਬੈਂਕ ਔਫ਼ ਬੜੌਦਾ ਦੀ ਇੱਕ ਰਿਪੋਰਟ ਅਨੁਸਾਰ ਹਾਲ ਹੀ ’ਚ GST ਦਰਾਂ ’ਚ ਕਟੌਤੀ ਨਾਲ ਇਸ ਤਿਓਹਾਰੀ ਸੀਜ਼ਨ ਦੌਰਾਨ ਕੁੱਲ ਖਪਤਕਾਰ ਖ਼ਰਚਾ 12 ਲੱਖ ਕਰੋੜ ਰੁਪਏ ਤੋਂ 14 ਲੱਖ ਕਰੋੜ ਰੁਪਏ ਦੇ ਵਿਚਾਲੇ ਰਹਿਣ ਦੀ ਉਮੀਦ ਹੈ।

ਇਸ ਖ਼ਰਚੇ ਦਾ ਵੱਡਾ ਹਿੱਸਾ ਜਿਨ੍ਹਾਂ ਪ੍ਰਮੁੱਖ ਖੇਤਰਾਂ ’ਚ ਜਾਵੇਗਾ ਉਨ੍ਹਾਂ ’ਚ ਕੱਪੜੇ, ਵਿਆਹ, ਇਲੈਕਟ੍ਰੌਨਿਕਸ ਅਤੇ ਆਟੋਮੋਬਾਇਲ ਸ਼ਾਮਿਲ ਹਨ। ਰੋਜ਼ਾਨਾ ਵਰਤੋਂ ਵਾਲੇ ਉਤਪਾਦ ਜਿਵੇਂ ਖਾਣ-ਪੀਣ ਦੀਆਂ ਵਸਤਾਂ ਅਤੇ ਦੂਜੇ FMCG ਪ੍ਰੋਡਕਟਸ ਨੂੰ ਇਸ ਅਧਿਐਨ ਤੋਂ ਬਾਹਰ ਰੱਖਿਆ ਗਿਆ ਹੈ। **ਵਿਆਹਾਂ ’ਤੇ ਹੋਵੇਗਾ ਸਭ ਤੋਂ ਵੱਧ ਖ਼ਰਚ:** ਰਿਪੋਰਟ ’ਚ ਕਿਹਾ ਗਿਆ ਹੈ ਕਿ ਖਪਤ ’ਚ 12 ਤੋਂ 14 ਲੱਖ ਕਰੋੜ ਰੁਪਏ ਦੇ ਦਰਮਿਆਨ ਰਿਕਾਰਡ ਵਾਧਾ ਹੋਵੇਗਾ, ਅਤੇ ਇਸ ਖ਼ਰਚੇ ਦਾ ਇੱਕ ਵੱਡਾ ਹਿੱਸਾ ਵਿਆਹ ਸਬੰਧੀ ਖ਼ਰਚਿਆਂ ਦਾ ਹੋਵੇਗਾ। ਭਾਰਤ ’ਚ ਤਿਓਹਾਰਾਂ ਦਾ ਮੌਸਮ ਸ਼ੁਭ ਵਿਆਹ ਕਾਲ ਦੀ ਸ਼ੁਰੂਆਤ ਦਾ ਵੀ ਪ੍ਰਤੀਕ ਹੈ ਜੋ ਖਪਤ ਦਾ ਇੱਕ ਹੋਰ ਪ੍ਰਮੁੱਖ ਕਾਰਕ ਹੈ। ਅੰਦਾਜ਼ੇ ਦੱਸਦੇ ਹਨ ਕਿ ਭਾਰਤ ’ਚ ਹਰ ਸਾਲ ਲਗਭਗ ਇੱਕ ਕਰੋੜ ਵਿਆਹ ਹੁੰਦੇ ਹਨ ਜਿਨ੍ਹਾਂ ’ਚੋਂ ਲਗਭਗ 60 ਫ਼ੀਸਦੀ ਅਕਤੂਬਰ ਅਤੇ ਦਸੰਬਰ ਦੇ ਵਿਚਾਲੇ ਹੁੰਦੇ ਹਨ।

ਇਨ੍ਹਾਂ ਅੰਕੜਿਆਂ ਦੇ ਆਧਾਰ ’ਤੇ ਅਤੇ ਵੱਖ-ਵੱਖ ਕਮਾਈ ਸਮੂਹਾਂ ਦੇ ਖ਼ਰਚਿਆਂ ਦੇ ਪੈਟਰਨ ਨੂੰ ਧਿਆਨ ’ਚ ਰੱਖਦੇ ਹੋਏ ਰਿਪੋਰਟ ਦਾ ਅੰਦਾਜ਼ਾ ਹੈ ਕਿ ਇਕੱਲੇ ਵਿਆਹਾਂ ’ਚ 4.5 ਲੱਖ ਕਰੋੜ ਰੁਪਏ ਤੋਂ ਪੰਜ ਲੱਖ ਕਰੋੜ ਰੁਪਏ ਤਕ ਦਾ ਖ਼ਰਚਾ ਆਵੇਗਾ।

**ਇਨ੍ਹਾਂ ਸੈਕਟਰਾਂ ’ਚ ਵੀ ਹੋਵੇਗਾ ਕਾਫ਼ੀ ਖ਼ਰਚ:** ਰਿਪੋਰਟ ’ਚ ਅੱਗੇ ਕਿਹਾ ਗਿਆ ਹੈ ਕਿ ਭਾਰਤ ਦੁਨੀਆਂ ਦੀ ਸਭ ਤੋਂ ਤੇਜ਼ੀ ਨਾਲ ਵਧਦੀ ਪ੍ਰਮੁੱਖ ਅਰਥਵਿਵਸਥਾ ਬਣਨ ਵੱਲ ਵੱਧ ਰਿਹਾ ਹੈ। ਟੈਰਿਫ਼ਾਂ ਸਬੰਧੀ ਬੇਭਰੋਸਗੀਆਂ ਵਰਗੀਆਂ ਬਾਹਰੀ ਚੁਣੌਤੀਆਂ ਦੇ ਬਾਵਜੂਦ ਭਾਰਤ ਦਾ ਵਾਧਾ ਆਪਣੀ ਘਰੇਲੂ ਖਪਤ ਦੀ ਵਜ੍ਹਾ ਕਾਫ਼ੀ ਹੱਦ ਤਕ ਸੁਰੱਖਿਅਤ ਬਣੀ ਹੋਈ ਹੈ। GST ਦਰ ਢਾਂਚੇ ’ਚ ਤਾਜ਼ਾ ਬਦਲਾਅ ਖਪਤ ਵਾਧੇ ਲਈ ਇੱਕ ਵੱਡਾ ਹਾਂ-ਪੱਖੀ ਪਹਿਲੂ ਸਾਬਿਤ ਹੋਇਆ ਹੈ।

ਅਧਿਐਨ ’ਚ ਕਿਹਾ ਗਿਆ ਹੈ ਕਿ ਇਸ ਦਾ ਇੱਕ ਵੱਡਾ ਹਿੱਸਾ ਵਿਆਹਾਂ ਨਾਲ ਜੁੜੇ ਖ਼ਰਚਿਆਂ ਤੋਂ ਆਵੇਗਾ ਜਿਸ ਤੋਂ ਬਾਅਦ ਕੱਪੜਿਆਂ, ਆਟੋਮੋਬਾਇਲ ਅਤੇ ਇਲੈਕਟ੍ਰੌਨਿਕਸ ਵਸਤਾਂ ਦੀ ਮੰਗ ਮਜ਼ਬੂਤ ਰਹੇਗੀ। ਇਸ ਤੋਂ ਇਲਾਵਾ FMCG ਅਤੇ QSR ਵਰਗੇ ਖੇਤਰਾਂ ਨੂੰ ਨਿੱਜੀ ਖਪਤ ਦੇ ਨਾਲ-ਨਾਲ ਤੋਹਫ਼ੇ-ਸਬੰਧੀ ਖਰੀਦਦਾਰੀ ’ਚ ਵਾਧੇ ਨਾਲ ਲਾਭ ਹੋਣ ਦੀ ਉਮੀਦ ਹੈ।

# ਮੁੱਖ ਜੱਜ ਅਤੇ ਅਨੁਸੂਚਿਤ ਜਾਤੀ ਭਾਈਚਾਰੇ ਨਾਲ ਸਬੰਧਤ ਇੱਕ ਸੀਨੀਅਰ ਅਧਿਕਾਰੀ ਨਾਲ ਅਜਿਹਾ ਵਿਵਹਾਰ ਅਸਵੀਕਾਰਨਯੋਗ ਹੈ : ਕੈਂਥ

**ਚੰਡੀਗੜ੍ਹ, 13 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਜਦੋਂ ਦੇਸ਼ ਵਿੱਚ ਜਾਤੀ ਪ੍ਰਣਾਲੀ ਨੂੰ ਖਤਮ ਕਰਨ ਦੇ ਯਤਨ ਕੀਤੇ ਜਾ ਰਹੇ ਹਨ, ਤਾਂ ਹਾਲ ਹੀ ਵਿੱਚ ਵਾਪਰੀਆਂ ਦੋ ਘਟਨਾਵਾਂ ਨੇ ਅਨੁਸੂਚਿਤ ਜਾਤੀ ਭਾਈਚਾਰੇ ਵਿੱਚ ਗੰਭੀਰ ਚਿੰਤਾਵਾਂ ਪੈਦਾ ਕੀਤੀਆਂ ਹਨ। ਭਾਰਤੀ ਜਨਤਾ ਪਾਰਟੀ ਦੇ ਅਨੁਸੂਚਿਤ ਜਾਤੀ ਮੋਰਚਾ ਦੇ ਪੰਜਾਬ ਸੂਬਾ ਉਪ ਪ੍ਰਧਾਨ ਪਰਮਜੀਤ ਸਿੰਘ ਕੈਂਥ ਨੇ ਕਿਹਾ, ਜਾਤੀ ਅਤੇ ਸੰਪਰਦਾਇਕ ਭਾਵਨਾਵਾਂ ਦਾ ਸ਼ੋਸ਼ਣ ਕਰਕੇ ਸ਼ਾਂਤੀ ਅਤੇ ਜਨਤਕ ਵਿਵਸਥਾ ਨੂੰ ਭੰਗ ਕਰਨ ਦੀ ਸਿੱਧੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਹ ਦੋ ਦੁਖਦਾਈ ਘਟਨਾਵਾਂ ਦਰਸਾਉਂਦੀਆਂ ਹਨ ਕਿ ਇੱਕ ਉੱਚ ਸਿੱਖਿਆ ਪ੍ਰਾਪਤ ਜੱਜ ਅਤੇ ਅਨੁਸੂਚਿਤ ਜਾਤੀ ਭਾਈਚਾਰੇ ਨਾਲ ਸਬੰਧਤ ਇੱਕ ਸੀਨੀਅਰ ਅਧਿਕਾਰੀ ਨਾਲ ਅਜਿਹਾ ਵਿਵਹਾਰ ਕੀਤਾ ਗਿਆ ਹੈ ਜੋ ਇੱਕ ਸੱਭਿਅਕ ਸਮਾਜ ਵਿੱਚ ਅਸਵੀਕਾਰਨਯੋਗ ਹੈ। ਇਹ ਦੁਖਦਾਈ ਅਤੇ ਦਿਲ ਦਹਿਲਾ ਦੇਣ ਵਾਲੀਆਂ ਘਟਨਾਵਾਂ ਮਨੁੱਖਤਾ ਲਈ ਸ਼ਰਮਨਾਕ ਹਨ। ਭਾਰਤੀ ਜਨਤਾ ਪਾਰਟੀ ਦੇ ਨੇਤਾ ਸਰਦਾਰ ਕੈਂਥ ਨੇ ਕਿਹਾ, ਸੋਸ਼ਲ ਮੀਡੀਆ ’ਤੇ ਭਾਰਤ ਦੇ ਮਾਣਯੋਗ ਚੀਫ਼ ਜਸਟਿਸ ਬੀ.ਆਰ. ਗਵਈ ਨੂੰ ਨਿਸ਼ਾਨਾ ਬਣਾ ਕੇ ਗੈਰ-ਕਾਨੂੰਨੀ ਅਤੇ ਇਤਰਾਜ਼ਯੋਗ ਸਮੱਗਰੀ ਪ੍ਰਸਾਰਿਤ ਕੀਤੀ ਜਾ ਰਹੀ ਹੈ, ਜਿਸ ਨਾਲ ਸਮਾਜ ਨੂੰ ਗਲਤ ਸੁਨੇਹਾ ਭੇਜਿਆ ਜਾ ਸਕਦਾ ਹੈ, ਜੋ ਕਿ ਬਹੁਤ ਨਿੰਦਣਯੋਗ ਹੈ। ਅਜਿਹੀਆਂ ਘਟਨਾਵਾਂ ਇੱਕ ਚੰਗੇ ਸਮਾਜ ਦੀ ਕਲਪਨਾ ਵੀ ਨਹੀਂ ਕਰ ਸਕਦੀਆਂ। ਅਜਿਹੀਆਂ ਘਟਨਾਵਾਂ ਸਮਾਜ ਵਿੱਚ ਸਿਰਫ ਨਫ਼ਰਤ ਅਤੇ ਤਣਾਅ ਪੈਦਾ ਕਰਨਗੀਆਂ, ਜੋ ਕਿ ਇੱਕ ਵਿਕਸਤ ਭਾਰਤ ਲਈ ਖ਼ਤਰਨਾਕ ਹੈ। ਸਰਦਾਰ ਕੈਂਥ ਨੇ ਕਿਹਾ ਕਿ ਦਲਿਤ ਭਾਈਚਾਰੇ ਅਜੇ ਵੀ ਸੰਵਿਧਾਨ ਦੁਆਰਾ ਗਰੰਟੀਸ਼ੁਦਾ ਸਮਾਨਤਾ ਤੋਂ ਵਾਂਝੇ ਹਨ। ਡਾ. ਬੀ.ਆਰ. ਅੰਬੇਡਕਰ ਦਾ ਸੁਪਨਾ ਅਧੂਰਾ ਹੈ।

ਉਨ੍ਹਾਂ ਅੱਗੇ ਕਿਹਾ ਕਿ ਹਰਿਆਣਾ ਸਰਕਾਰ ਦੇ ਸੀਨੀਅਰ ਆਈ.ਪੀ.ਐਸ. ਅਧਿਕਾਰੀ ਅਤੇ ਪੁਲਿਸ ਦੇ ਵਧੀਕ ਡਾਇਰੈਕਟਰ ਜਨਰਲ ਵਾਈ. ਪੂਰਨ ਕੁਮਾਰ ਦੀ ਖੁਦਕੁਸ਼ੀ ਦੇ ਸੰਬੰਧ ਵਿੱਚ, ਉਨ੍ਹਾਂ ਨੇ ਆਪਣੇ ਕਰੀਅਰ ਦੌਰਾਨ ਪਰੇਸ਼ਾਨੀ ਅਤੇ ਵਿਤਕਰੇ ਦੇ ਆਪਣੇ ਅਨੁਭਵ ਸਾਂਝੇ ਕੀਤੇ, ਲਿਖਿਆ ਕਿ ਉਨ੍ਹਾਂ ਨੂੰ ਆਪਣੇ ਆਈ.ਪੀ.ਐਸ. ਅਤੇ ਆਈ.ਏ.ਐਸ. ਅਧਿਕਾਰੀ ਸਾਥੀਆਂ ਦੁਆਰਾ ਲਗਾਤਾਰ ਮਾਨਸਿਕ ਅਤੇ ਪ੍ਰਸ਼ਾਸਕੀ ਦਬਾਅ ਕਾਰਨ ਖੁਦਕੁਸ਼ੀ ਕਰਨ ਲਈ ਮਜਬੂਰ ਹੋਣਾ ਪਿਆ। ਇਹ ਬਹੁਤ ਨਿੰਦਣਯੋਗ ਹੈ। ਅਨੁਸੂਚਿਤ ਜਾਤੀ ਭਾਈਚਾਰੇ ਦੇ ਹਿੱਤਾਂ ਦੀ ਰਾਖੀ ਕਰਨ ਵਾਲੇ ਭਾਰਤੀ ਜਨਤਾ ਪਾਰਟੀ ਦੇ ਨੇਤਾ ਪਰਮਜੀਤ ਕੈਂਥ ਨੇ ਕਿਹਾ ਕਿ ਕੇਂਦਰ ਸਰਕਾਰ ਅਤੇ ਹਰਿਆਣਾ ਸਰਕਾਰ ਨੂੰ ਇਸ ਦਾ ਨੋਟਿਸ ਲੈਣਾ ਚਾਹੀਦਾ ਹੈ ਅਤੇ ਨਿਆਂ ਯਕੀਨੀ ਬਣਾਉਣਾ ਚਾਹੀਦਾ ਹੈ। ਅਨੁਸੂਚਿਤ ਜਾਤੀ ਭਾਈਚਾਰੇ ਅੰਦਰ ਪੈਦਾ ਹੋ ਰਹੇ ਗੁੱਸੇ ਅਤੇ ਨਾਰਾਜ਼ਗੀ ਨੂੰ ਸ਼ਾਂਤ ਕੀਤਾ ਜਾਣਾ ਚਾਹੀਦਾ ਹੈ। ਭਾਜਪਾ ਨੇਤਾ ਪਰਮਜੀਤ ਸਿੰਘ ਕੈਂਥ ਨੇ ਅੱਗੇ ਕਿਹਾ, ਆਜ਼ਾਦੀ ਦੇ 79 ਸਾਲਾਂ ਬਾਅਦ ਵੀ, ਅਨੁਸੂਚਿਤ ਜਾਤੀ ਦੇ ਮੈਂਬਰਾਂ ਨੂੰ ਅਪਮਾਨ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਭਾਵੇਂ ਇਹ ਭਾਰਤ ਦੇ ਚੀਫ ਜਸਟਿਸ ’ਤੇ ਜੁੱਤੀ ਸੁੱਟਣ ਦੀ ਘਟਨਾ ਹੋਵੇ ਜਾਂ ਸੀਨੀਅਰ ਆਈਪੀਐਸ ਅਧਿਕਾਰੀ ਵਾਈ. ਪੂਰਨ ਕੁਮਾਰ ਦੀ ਖੁਦਕੁਸ਼ੀ, ਦੋਵੇਂ ਇੱਕੋ ਜਿਹੇ ਡੂੰਘੇ ਪੱਖਪਾਤ ਨੂੰ ਦਰਸਾਉਂਦੇ ਹਨ। ਉਨ੍ਹਾਂ ਨੇ ਹਮੇਸ਼ਾ ਵਿਤਕਰੇ ਅਤੇ ਅਣਗਹਿਲੀ ਵਿਰੁੱਧ ਆਵਾਜ਼ ਉਠਾਈ ਅਤੇ ਅੰਤ ਵਿੱਚ ਆਪਣੀ ਜਾਨ ਦੇ ਕੇ ਇਸਦੀ ਕੀਮਤ ਚੁਕਾਈ। ਅਨੁਸੂਚਿਤ ਜਾਤੀ ਭਾਈਚਾਰੇ ਦੇ ਕਾਜ਼ ਨੂੰ ਅੱਗੇ ਵਧਾਉਣ ਵਾਲੇ ਭਾਰਤੀ ਜਨਤਾ ਪਾਰਟੀ ਦੇ ਨੇਤਾ ਪਰਮਜੀਤ ਕੈਂਥ ਨੇ ਰਾਸ਼ਟਰੀ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਨੂੰ ਅਜਿਹੀਆਂ ਘਟਨਾਵਾਂ ਦਾ ਤੁਰੰਤ ਨੋਟਿਸ ਲੈਣ ਅਤੇ ਪੀੜਤਾਂ ਲਈ ਨਿਆਂ ਯਕੀਨੀ ਬਣਾਉਣ ਲਈ ਕਾਰਵਾਈ ਕਰਨ ਦੀ ਅਪੀਲ ਕੀਤੀ।

# ਪੰਜਾਬ ਸਰਕਾਰ ਕਿਸਾਨਾਂ ਨੂੰ 20 ਹਜਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਭਰਪਾਈ ਕਰੇ : ਚੰਦੂਮਾਜਰਾ

**ਰਾਜਪੁਰਾ,13 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪ੍ਰੋਫੈਸਰ ਪ੍ਰੇਮ ਸਿੰਘ ਚੰਦੂ ਮਾਜਰਾ ਸਨੋਰਾ ਅਨਾਜ ਮੰਡੀ ਘਨੌਰ ਅਨਾਜ ਮੰਡੀ ਹੁੰਦੇ ਹੋਏ ਰਾਜਪੁਰਾ ਅਨਾਜ ਮੰਡੀ ਵਿੱਚ ਪਹੁੰਚੇ ਅਤੇ ਕਿਹਾ ਕਿ ਇਹਨਾਂ ਮੰਡੀਆਂ ਵਿੱਚ ਦੇਖਣ ਨੂੰ ਮਿਲਿਆ ਹੈ ਕਿ ਪੰਜਾਬ ਵਿੱਚ ਹੜਾਂ ਨੇ ਕਾਫੀ ਤਬਾਹੀ ਮਚਾਈ ਹੋਈ ਹੈ। ਜਿਸ ਦਾ ਕਿ ਬਹੁਤਾ ਨੁਕਸਾਨ ਪੰਜਾਬ ਨੂੰ ਝੱਲਣਾ ਪਿਆ ਹੈ ਅਤੇ ਇਸ ਹੜਾਂ ਸਬੰਧੀ ਨੁਕਸਾਨ ਦੀ ਰਿਪੋਰਟ ਅਜੇ ਤੱਕ ਪੰਜਾਬ ਸਰਕਾਰ ਤਿਆਰ ਨਹੀਂ ਕਰ ਸਕੀ ਹੈ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਜਲਦੀ ਰਿਪੋਰਟ ਤਿਆਰ ਕਰਵਾ ਕੇ ਕੇਂਦਰ ਸਰਕਾਰ ਸਾਹਮਣੇ ਰੱਖੇ ਅਤੇ ਹੜਾਂ ਦੀ ਤਬਾਹੀ ਤੋਂ ਇਲਾਵਾ ਇੱਕ ਹੋਰ ਮਾਰ, ਜੋ ਕਿ ਕਿਸਾਨ ਵਰਗ ਨੂੰ ਬਹੁਤ ਜਿਆਦਾ ਝੱਲਣੀ ਪਈ ਹੈ ਉਹ ਹੈ ਬਦਰੰਗੀ ਦਾਣਾ, ਹਲਦੀ ਰੋਗ, ਬੋਨਾ ਵਾਇਰਸ ਆਦਿ ਕਾਰਨਾ ਕਰਕੇ ਤਕਰੀਬਨ ਸਿਰਫ 40% ਪ੍ਰਤੀ ਏਕੜ ਝਾੜ ਹੀ ਆਇਆ ਹੈ ਜਿਸ ਕਾਰਨ ਤਕਰੀਬਨ ਸਾਰੇ ਕਿਸਾਨਾਂ ਨੂੰ ਆੜਤੀਆਂ ਨੂੰ ਅਤੇ ਆਮ ਜਨਤਾ ਨੂੰ ਵੀ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ ਰਿਹਾ ਹੈ। ਅਤੇ ਸਰਕਾਰ ਨੂੰ ਵੀ 20 ਹਜਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਭਰਭਾਈ ਕਰਨੀ ਚਾਹੀਦੀ ਹੈ ਦਰ ਅਸਲ ਇਸ ਨੂੰ ਯੂਆਰਐਸ ਵਿੱਚ ਲਿਆਉਣ ਦੀ ਲੋੜ ਹੈ ਯੂ ਆਰ ਐਸ ਵਿੱਚ ਲਿਆ ਕੇ 75% ਕੇਂਦਰ ਸਰਕਾਰ ਨੂੰ ਅਤੇ 25% ਪੰਜਾਬ ਸਰਕਾਰ ਨੂੰ ਭਰਭਾਈ ਕਰਨ ਦੀ ਲੋੜ ਹੈ ਕਿਉਂਕਿ ਇਕੱਲਾ ਪੰਜਾਬ ਹੀ 95% ਅਨਾਜ ਦੇਸ਼ ਲਈ ਪੈਦਾ ਕਰਦਾ ਹੈ ਇਸ ਲਈ ਘਾਟੇ ਦੀ ਭਰਭਾਈ ਵੀ ਕੇਂਦਰ ਸਰਕਾਰ ਨੂੰ ਇਹੀ ਕਰਨੀ ਚਾਹੀਦੀ ਹੈ। ਦੂਜਾ ਇੱਕ ਹੋਰ ਰੋਲਾ ਕਾਫੀ ਚੱਲ ਰਿਹਾ ਹੈ ਉਹ ਹੈ 12000 ਕਰੋੜ ਰੁਪਏ ਦਾ ਜੋ ਕਿ ਕੇਂਦਰ ਸਰਕਾਰ ਵੱਲੋਂ 12 ਹਜਾਰ ਕਰੋੜ ਰੁਪਏ ਸਟੇਟ ਡਿਜਾਸਟਰ ਫੰਡ ਵਜੋਂ ਪੰਜਾਬ ਸਰਕਾਰ ਨੂੰ ਦਿੱਤਾ ਗਿਆ ਸੀ ਉਸਦਾ ਵੀ ਵਾਈਟ ਪੇਪਰ ਸਰਕਾਰ ਨੂੰ ਜਾਰੀ ਕਰਨਾ ਚਾਹੀਦਾ ਹੈ। ਜਿਸ ਵਿੱਚ ਹਰ ਤਰ੍ਹਾਂ ਦੀ ਅਤੇ ਖਰਚੇ ਸਬੰਧੀ ਡਿਟੇਲ ਵੀ ਹੋਣੀ ਚਾਹੀਦੀ ਹੈ ਅਤੇ ਅਤੇ ਕੇਂਦਰ ਸਰਕਾਰ ਵੀ ਇਸ ਸਭ ਨੂੰ ਕੁਦਰਤੀ ਆਫਤ ਡਿਕਲੇਅਰ ਕਰਕੇ ਇੱਕ ਵਿਸ਼ੇਸ਼ ਪੈਕੇਜ ਪੰਜਾਬ ਲਈ ਜਾਰੀ ਕਰੇ ਪੰਜਾਬ ਦੇ ਵਿਧਾਨ ਸਭਾ ਸੈਸ਼ਨ ਬਾਰੇ ਪ੍ਰੋਫੈਸਰ ਪ੍ਰੇਮ ਸਿੰਘ ਚੰਦੂ ਮਾਜਰਾ ਨੇ ਕਿਹਾ ਕਿ ਇਸ ਵਿਧਾਨ ਸਭਾ ਸੈਸ਼ਨ ਦੌਰਾਨ ਵੀ ਨਿਰਾਸ਼ਾ ਹੀ ਹੱਥ ਲੱਗੀ ਹੈ ਹੋਰ ਕੁਝ ਨਹੀਂ। ਪਹਿਲਾਂ ਤਾਂ ਪੋਂਗ ਡੈਮ ਅਤੇ ਭਾਖੜਾ ਡੈਮ ਨੂੰ ਡੀ ਸਿਲਟ ਕਰਾਉਣ ਲਈ ਮਤਾ ਪਾਸ ਕਰਨਾ ਚਾਹੀਦਾ ਹੈ। ਅਤੇ ਮੋਹਾਲੀ ਤੋਂ ਲੈ ਕੇ ਪਠਾਨਕੋਟ ਤੱਕ ਤਕਰੀਬਨ 24 ਤੋਂ ਵੱਧ ਚੈੱਕ ਡੈਮ ਹਨ ਜੋ ਕਿ ਰੇਤੇ ਨਾਲ ਭਰੇ ਹੋਏ ਹਨ। ਇਹਨਾਂ ਨੂੰ ਵੀ ਐਨਵਾਇਰਨਮੈਂਟ ਮੰਤਰਾਲੇ ਨਾਲ ਸਲਾਹ ਮਸ਼ਵਰਾ ਕਰਕੇ ਅਤੇ ਕਾਨੂੰਨ ਵਿੱਚ ਸੋਧ ਕਰਕੇ ਡੀ ਸੀਲਟ ਕਰਨਾ ਚਾਹੀਦਾ ਹੈ।ਤਰਨ ਤਾਰਨ ਦੀਆਂ ਚੋਣਾਂ ਸਬੰਧੀ ਚੰਦੂ ਮਾਜਰਾ ਸਾਹਿਬ ਨੇ ਕਿਹਾ ਕਿ ਪਾਰਟੀ ਆਪਣਾ ਉਮੀਦਵਾਰ ਨਾ ਉਤਾਰ ਕੇ ਹੋਰ ਕਿਸ ਪਾਰਟੀ ਦੇ ਉਮੀਦਵਾਰ ਨੂੰ ਸਪੋਰਟ ਕਰਨਾ ਹੈ ਇਹ ਸਭ ਕੁਝ ਕਮੇਟੀ ਹੀ ਤੈਅ ਕਰੇਗੀ।

ਕੌਮੀ ਪੱਤ੍ਰਿਕਾ

## ਸੰਪਾਦਕੀ

# ਕੁਦਰਤੀ ਆਫ਼ਤਾਂ ਅਤੇ ਰੋਪਵੇਅ ਵਿਉਂਤਬੰਦੀਆਂ

ਹਿਮਾਚਲ ਪ੍ਰਦੇਸ਼ ਇਸ ਸਾਲ ਵੀ 2023 ਵਾਂਗ ਕੁਦਰਤੀ ਆਫ਼ਤਾਂ ਦੀ ਮਾਰ ਝੱਲ ਰਿਹਾ ਹੈ। ਮੌਨਸੂਨ ਵਾਲੇ ਮੀਂਹਾਂ ਨਾਲ ਸਬੰਧਿਤ ਘਟਨਾਵਾਂ ਅਤੇ ਸੜਕ ਹਾਦਸਿਆਂ ਵਿੱਚ ਸਾਢੇ ਤਿੰਨ ਸੌ ਤੋਂ ਉਪਰ ਜਾਨਾਂ ਜਾ ਚੁੱਕੀਆਂ ਹਨ। ਹਜ਼ਾਰਾਂ ਘਰ ਅਤੇ ਸੈਂਕੜੇ ਦੁਕਾਨਾਂ ਤੇ ਕਾਰਖਾਨੇ ਪੂਰੀ ਤਰ੍ਹਾਂ ਜਾਂ ਅੰਸ਼ਿਕ ਤੌਰ ਉੱਤੇ ਨੁਕਸਾਨੇ ਗਏ ਹਨ। ਪਹਾੜ ਖਿਸਕਣ ਦੀਆਂ ਘਟਨਾਵਾਂ ਆਏ ਦਿਨ ਵਧ ਰਹੀਆਂ ਹਨ। ਪਹਾੜ ਖਿਸਕਣ ਕਾਰਨ ਬਹੁਤ ਥਾਈਂ ਆਵਾਜਾਈ ਠੱਪ ਰਹੀ। 1600 ਦੇ ਕਰੀਬ ਬਿਜਲੀ ਟਰਾਂਸਫਾਰਮਰ ਅਤੇ ਚਾਰ ਦੇ ਲਗਭਗ ਜਲ ਸਪਲਾਈ ਯੋਜਨਾਵਾਂ ਪ੍ਰਭਾਵਿਤ ਹੋਈਆਂ। ਇਸੇ ਦੌਰਾਨ ਸੂਬੇ ਦੇ ਉਪ ਮੁੱਖ ਮੰਤਰੀ ਅਨੁਸਾਰ, 6 ਸਤੰਬਰ ਨੂੰ ਸ਼ਿਮਲੇ ਵਿੱਚ 13.79 ਕਿਲੋਮੀਟਰ ਲੰਮਾ ਰੋਪਵੇਅ ਬਣਾਉਣ ਨੂੰ ਅੰਤਿਮ ਮਨਜ਼ੂਰੀ ਦੇ ਦਿੱਤੀ ਗਈ ਹੈ। ਇਸ ਯੋਜਨਾ 'ਤੇ 1,734 ਕਰੋੜ ਰੁਪਏ ਲੱਗਣੇ ਹਨ। ਰੋਪਵੇਅ ਬਣਨ ਨਾਲ ਸ਼ਹਿਰ ਵਾਸੀਆਂ ਨੂੰ ਸਫ਼ਰ ਵਿੱਚ ਸਹੂਲਤ ਅਤੇ ਜਾਮ ਲੱਗਣ ਦੀ ਸਿਰਦਰਦੀ ਤੋਂ ਛੁਟਕਾਰਾ ਮਿਲਣ ਬਾਰੇ ਵੀ ਆਖਿਆ ਗਿਆ ਹੈ। ਇਹ ਰੋਪਵੇਅ ਮੁਲਕ ਦਾ ਸਭ ਤੋਂ ਲੰਮਾ ਅਤੇ ਦੁਨੀਆ ਵਿੱਚ ਦੂਜੇ ਨੰਬਰ ਉੱਤੇ ਹੋਵੇਗਾ। ਉੱਪ ਮੁੱਖ ਮੰਤਰੀ ਅਨੁਸਾਰ ਇਹ ਸੂਬੇ ਨੂੰ ਸਵਿਟਜ਼ਰਲੈਂਡ ਵਰਗੀ ਸੈਰਗਾਹ ਬਣਾਉਣ ਲਈ ਉਪਰਾਲਾ ਹੈ। ਉਨ੍ਹਾਂ ਅਨੁਸਾਰ ਇਸ ਦੇ ਨਾਲ-ਨਾਲ ਕਈ ਹੋਰ ਰੋਪਵੇਅ ਜਿਵੇਂ ਬਾਬਾ ਬਾਲਕ ਨਾਥ (65 ਕਰੋੜ ਰੁਪਏ), ਮਾਤਾ ਚਿੰਤਪੂਰਨੀ ਮੰਦਿਰ (75 ਕਰੋੜ ਰੁਪਏ) ਅਤੇ ਬਿਜਲੀ ਮਹਾਂਦੇਵ (278.62 ਕਰੋੜ ਰੁਪਏ) ਉਸਾਰੀ ਅਧੀਨ ਹਨ। ਸੂਬਾ ਸਰਕਾਰ ਦੀ ਯੋਜਨਾ ਅਨੁਸਾਰ ਸ਼ਿਮਲਾ ਤੋਂ ਪਰਵਾਣੂ ਤੱਕ 38 ਕਿਲੋਮੀਟਰ ਲੰਮਾ ਰੋਪਵੇਅ ਬਣਾਉਣ ਦੀ ਵੀ ਯੋਜਨਾ ਹੈ। ਸਵਾਲ ਹੈ: ਕੀ ਹਿਮਾਚਲ ਪ੍ਰਦੇਸ਼ ਵਰਗੇ ਪਹਾੜੀ ਸੂਬੇ ਵਿੱਚ ਇੰਨੇ ਜ਼ਿਆਦਾ ਰੋਪਵੇਅ ਬਣਾਉਣੇ ਵਾਜਿਬ ਹਨ ? ਵਿਸਫੋਟਕਾਂ ਦੇ ਭੰਨੇ ਅਤੇ ਦਰੱਖ਼ਤ ਵਿਹੂਣੇ ਪਹਾੜ ਇਨ੍ਹਾਂ ਰੋਪਵੇਅ ਦਾ ਭਾਰ ਸਹਿ ਸਕਣਗੇ ? ਕੀ ਇੱਥੋਂ ਦੇ ਵਾਸੀ ਅਤੇ ਸੈਲਾਨੀ ਇਨ੍ਹਾਂ ਰੋਪਵੇਅ ਦੁਆਰਾ ਸੌਖਾ ਅਤੇ ਸੁਰੱਖਿਅਤ ਸਫ਼ਰ ਕਰ ਸਕਣਗੇ ? ਹਿਮਾਚਲ ਪ੍ਰਦੇਸ਼ ਨੂੰ ਕੁਦਰਤ ਨੇ ਅਥਾਹ ਕੁਦਰਤੀ ਖ਼ੂਬਸੂਰਤੀ ਬਖ਼ਸ਼ੀ ਹੈ। ਠੰਢਾ ਮੌਸਮ, ਸਾਫ਼ ਤੇ ਠੰਢੀ ਹਵਾ, ਤਾਜ਼ੇ ਪਾਣੀ ਦੇ ਝਰਨੇ ਤੇ ਚਸ਼ਮੇ, ਨਦੀਆਂ ਤੇ ਉਨ੍ਹਾਂ ਦੀਆਂ ਸਹਾਇਕ ਛੋਟੀਆਂ ਨਦੀਆਂ, ਉੱਚੇ ਲੰਮੇ ਦਰੱਖ਼ਤ ਅਤੇ ਉੱਚੀਆਂ ਪਹਾੜੀਆਂ ਹਰ ਇੱਕ ਦਾ ਮਨ ਮੋਹ ਲੈਂਦੀਆਂ ਹਨ। ਇਸੇ ਕਰ ਕੇ ਨੇੜਲੇ ਸੂਬਿਆਂ ਦੇ ਲੋਕ ਗਰਮੀਆਂ ਦੇ ਮਹੀਨਿਆਂ ਵਿੱਚ ਇੱਥੇ ਖਿੱਚੇ ਚਲੇ ਆਉਂਦੇ ਹਨ। ਹਿਮਾਚਲ ਸਰਕਾਰ ਨੇ ਸੂਬੇ ਦੀ ਕੁਦਰਤੀ ਸੁੰਦਰਤਾ ਅਤੇ ਸਰੋਤਾਂ ਦਾ ਫ਼ਾਇਦਾ ਉਠਾਉਂਦੇ ਹੋਏ ਇਸ ਨੂੰ ਧਨ ਬਣਾਉਣ ਵਾਲੀ ਵਸਤੂ ਵਜੋਂ ਵਰਤਣਾ ਸ਼ੁਰੂ ਕਰ ਦਿੱਤਾ ਹੈ ਤੇ ਇਸ ਨੂੰ ਸੂਬੇ ਦੇ ਆਰਥਿਕ ਵਿਕਾਸ ਦਾ ਨਾਮ ਦਿੱਤਾ ਜਾਣ ਲੱਗਿਆ ਹੈ। ਹਰ ਸੂਬੇ ਲਈ ਆਰਥਿਕ ਵਿਕਾਸ ਜ਼ਰੂਰੀ ਹੈ, ਪਰ ਕੁਦਰਤੀ ਸਰੋਤਾਂ ਨੂੰ ਕਿਵੇਂ ਵਰਤਣਾ ਹੈ ਅਤੇ ਕੁਦਰਤ ਨਾਲ ਕਿਵੇਂ ਤਾਲਮੇਲ ਬਣਾਉਣਾ ਹੈ, ਇਹ ਸਰਕਾਰ ਦੀਆਂ ਯੋਜਨਾਵਾਂ ਉੱਤੇ ਨਿਰਭਰ ਕਰਦਾ ਹੈ। ਹਿਮਾਚਲ ਪਹਾੜੀ, ਭੂਚਾਲ ਸੰਵੇਦਨਸ਼ੀਲ, ਜੰਗਲਾਂ ਅਤੇ ਬਰਫ਼ ਦੀ ਬਹੁਤਾਤ ਵਾਲਾ ਸੂਬਾ ਹੈ। ਇੱਥੇ ਕਿਸੇ ਵੀ ਤਰ੍ਹਾਂ ਦੇ ਵਿਕਾਸ ਤੋਂ ਪਹਿਲਾਂ ਭੂ-ਵਿਗਿਆਨੀਆਂ, ਵਾਤਾਵਰਨ ਮਾਹਿਰਾਂ ਅਤੇ ਸਥਾਨਕ ਲੋਕਾਂ ਦੀ ਰਾਇ ਲੈਣੀ ਬਹੁਤ ਜ਼ਰੂਰੀ ਹੈ, ਪਰ ਹਿਮਾਚਲ ਸਰਕਾਰ ਨੇ ਵਿਕਾਸ ਦੇ ਬਹਾਨੇ ਇੱਥੇ ਫਟਾਫਟ ਸ਼ਿਮਲਾ, ਮਨਾਲੀ, ਕੁੱਲੂ, ਮੰਡੀ, ਧਰਮਸ਼ਾਲਾ, ਡਲਹੌਜ਼ੀ ਵਰਗੇ ਸ਼ਹਿਰਾਂ ਨੂੰ ਜੋੜਨ ਲਈ ਚਾਰ-ਮਾਰਗੀ ਸੜਕਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਸ਼ਹਿਰਾਂ ਵਿਚਲੀ ਦੂਰੀ ਘਟਾਉਣ ਲਈ ਸੁਰੰਗਾਂ ਵੀ ਬਣਾ ਲਈਆਂ। ਪਹਾੜੀ ਖੇਤਰ ਵਿੱਚ ਕਿਸੇ ਵੀ ਤਰ੍ਹਾਂ ਦੀ ਉਸਾਰੀ ਤੋਂ ਪਹਿਲਾਂ ਦਰੱਖ਼ਤ ਕੱਟਣੇ ਅਤੇ ਪਹਾੜ ਤੋੜਨੇ ਪੈਂਦੇ ਹਨ। ਦਰੱਖ਼ਤਾਂ ਦੀ ਅਣਹੋਂਦ ਕਾਰਨ ਪਹਾੜਾਂ ਤੋਂ ਮਿੱਟੀ ਖੁਰਨ ਦੇ ਨਾਲ-ਨਾਲ ਮਿੱਟੀ ਦੀਆਂ ਢਿੱਗਾਂ ਡਿਗਣ ਲੱਗਦੀਆਂ ਹਨ ਅਤੇ ਦਰੱਖ਼ਤ ਵਿਹੂਣੇ ਪਹਾੜਾਂ ਤੋਂ ਮੀਂਹ ਪੈਣ ਨਾਲ ਪਾਣੀ ਦਾ ਵਹਾਓ ਵੀ ਵਧ ਜਾਂਦਾ ਹੈ। ਦੂਜੇ ਪਾਸੇ, ਪਹਾੜਾਂ ਨੂੰ ਵਿਸਫੋਟਕ ਸਮੱਗਰੀ ਦੁਆਰਾ ਉਡਾਏ ਹੋਣ ਨਾਲ ਉਹ ਖੋਖਲੇ ਹੋ ਜਾਂਦੇ ਹਨ ਅਤੇ ਜ਼ਿਆਦਾ ਕਟਾਈ ਹੋਣ ਕਾਰਨ ਆਪਣਾ ਸੰਤੁਲਨ ਗੁਆਉਣ ਕਾਰਨ ਖਿਸਕਣਾ ਸ਼ੁਰੂ ਹੋ ਜਾਂਦੇ ਹਨ। ਨਤੀਜੇ ਵਜੋਂ ਸੜਕਾਂ ਬੰਦ ਹੋ ਜਾਂਦੀਆਂ ਹਨ। ਇਸ ਲਈ ਹਰ ਸਾਲ ਹਿਮਾਚਲ ਪ੍ਰਦੇਸ਼ ਅਤੇ ਹੋਰ ਪਹਾੜੀ ਸੂਬਿਆਂ ਵਿੱਚ ਪਹਾੜ ਖਿਸਕਣ ਅਤੇ ਢਿੱਗਾਂ ਡਿੱਗਣ ਦੀਆਂ ਘਟਨਾਵਾਂ ਦੀ ਗਿਣਤੀ ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਸਾਲ 2020 ਵਿੱਚ ਸਿਰਫ਼ 16 ਸੀ ਜੋ 2022 ਵਿੱਚ 117 ਹੋ ਗਈ; ਤਿੰਨ ਸਾਲਾਂ ਵਿੱਚ 7 ਗੁਣਾ ਵਾਧਾ। ਜੀਓਲੌਜੀਕਲ ਸਰਵੇ ਆਫ ਇੰਡੀਆ ਅਨੁਸਾਰ ਹਿਮਾਚਲ ਪ੍ਰਦੇਸ਼ ਵਿੱਚ 17,120 ਥਾਵਾਂ ਅਜਿਹੀਆਂ ਹਨ ਜਿੱਥੇ ਪਹਾੜ ਖਿਸਕਣ ਦੀਆਂ ਘਟਨਾਵਾਂ ਵਾਪਰ ਸਕਦੀਆਂ ਹਨ। ਇਨ੍ਹਾਂ ਵਿੱਚੋਂ 675 ਅਜਿਹੀਆਂ ਹਨ ਜੋ ਰਿਹਾਇਸ਼ੀ ਇਮਾਰਤਾਂ ਅਤੇ ਬੁਨਿਆਦੀ ਢਾਂਚੇ ਦੇ ਯੋਗ ਹੀ ਨਹੀਂ ਹਨ।
ਚਾਰ-ਮਾਰਗੀ ਸੜਕਾਂ ਤੋਂ ਇਲਾਵਾ ਹਿਮਾਚਲ 'ਚ ਤੇਜ਼ੀ ਨਾਲ ਲੱਗ ਰਹੇ ਪਣ-ਬਿਜਲੀ ਪ੍ਰਾਜੈਕਟ ਵੀ ਕੁਦਰਤੀ ਆਫ਼ਤਾਂ ਦੀ ਮਾਰ ਵਧਾ ਰਹੇ ਹਨ। ਹਿਮਧਾਰਾ ਐਨਵਾਇਨਰਮੈਂਟ ਰਿਸਰਚ ਤੇ ਐਕਸ਼ਨ ਕੁਲੈਕਟਿਵ ਦੇ ਅਧਿਐਨ ਅਨੁਸਾਰ ਭਾਰਤ ਦੇ ਸਾਰੇ ਹਿਮਾਲਿਅਨ ਸੂਬਿਆਂ ਵਿੱਚੋਂ ਪਣ-ਬਿਜਲੀ ਵਿਕਾਸ ਦੀ ਗਤੀ ਹਿਮਾਚਲ ਪ੍ਰਦੇਸ਼ ਵਿੱਚ ਸਭ ਤੋਂ ਜ਼ਿਆਦਾ ਹੈ। ਇਕੱਲੇ ਕਿਨੌਰ ਜ਼ਿਲ੍ਹੇ ਵਿੱਚ 53 ਪਣ-ਬਿਜਲੀ ਲਗਾਉਣ ਦੀ ਵਿਉਂਤਬੰਦੀ ਹੈ। ਹਿਮਾਚਲ ਪ੍ਰਦੇਸ਼ ਭੂਚਾਲ ਸੰਵੇਦਨਸ਼ੀਲ ਖੇਤਰ ਵਿੱਚ ਵੀ ਪੈਂਦਾ ਹੈ। ਅਰੇਬੀਅਨ ਅਤੇ ਇੰਡੀਅਨ ਪਲੇਟਾਂ ਭਾਰਤ ਨੂੰ ਲਗਾਤਾਰ ਯੂਰੇਸ਼ੀਅਨ ਪਲੇਟ ਵੱਲ ਧੱਕ ਰਹੀਆਂ ਹਨ ਜਿਸ ਕਾਰਨ ਹਿਮਾਲਿਅਨ ਖੇਤਰਾਂ ਵਿੱਚ ਭੂਚਾਲ ਆਉਣ ਦਾ ਖ਼ਤਰਾ ਹੈ। ਇਸੇ ਸਾਲ ਅਗਸਤ ਮਹੀਨੇ ਹਿਮਾਚਲ ਵਿੱਚ ਚਾਰ ਭੂਚਾਲ ਆਏ। ਅਰਥਕੁਇਕ ਆਰਗਨਾਈਜੇਸ਼ਨ ਅਨੁਸਾਰ ਪਿਛਲੇ 10 ਸਾਲਾਂ ਵਿੱਚ ਹਿਮਾਚਲ ਪ੍ਰਦੇਸ਼ ਵਿੱਚ 4 ਸਿ ?ਦਤ ਅਤੇ ਇਸ ਤੋਂ ਉੱਤੇ ਦੇ 140 ਭੂਚਾਲ ਆਏ ਹਨ। ਵਿਗਿਆਨੀਆਂ ਦੀਆਂ ਖੋਜਾਂ ਅਨੁਸਾਰ, ਹਿਮਾਲਿਅਨ ਖੇਤਰ ਵਿੱਚ ਕਿਸੇ ਵੇਲੇ ਵੀ ਵੱਡਾ ਭੂਚਾਲ ਆ ਸਕਦਾ ਹੈ ਜਿਹੜਾ 8 ਜਾਂ 8 ਤੋਂ ਵੱਧ ਸਿ ?ਦਤ ਵਾਲਾ ਹੋ ਸਕਦਾ ਹੈ। ਤਾਪਮਾਨ ਦੇ ਵਾਧੇ ਨਾਲ ਗਲੇਸ਼ੀਅਰ ਤੇਜ਼ੀ ਨਾਲ ਪਿਘਲ ਰਹੇ ਹਨ। ਹਿਮਾਚਲ ਵਿੱਚ ਗਲੇਸ਼ੀਅਰ ਪਿਘਲਣ ਨਾਲ ਭਾਰੀ ਤਬਾਹੀ ਹੋ ਸਕਦੀ ਹੈ। ਗਲੇਸ਼ੀਅਰ ਪਿਘਲਣ ਨਾਲ ਗਲੇਸ਼ੀਅਲ ਝੀਲਾਂ ਵਿੱਚ ਪਾਣੀ ਦੀ ਮਾਤਰਾ ਤੇਜ਼ੀ ਨਾਲ ਵਧੇਗੀ। ਇਨ੍ਹਾਂ ਵਿੱਚ ਪਾਣੀ ਵਧਣ ਨਾਲ ਇਨ੍ਹਾਂ ਦੇ ਫਟਣ ਦਾ ਖ਼ਤਰਾ ਵੀ ਵਧੇਗਾ ਜਿਸ ਕਾਰਨ ਪਹਾੜੀ ਤੇ ਮੈਦਾਨੀ ਇਲਾਕਿਆਂ ਵਿੱਚ ਅਚਨਚੇਤ ਹੜ੍ਹ ਆਉਣ ਨਾਲ ਭਾਰੀ ਜਾਨੀ ਮਾਲੀ ਨੁਕਸਾਨ ਹੋ ਸਕਦਾ ਹੈ। ਹਿਮਾਚਲ ਵਿੱਚ ਇਸ ਸਾਲ ਮੌਨਸੂਨ ਦੌਰਾਨ ਭਾਰੀ ਮੀਂਹ ਪੈਣ ਨਾਲ ਪੰਜਾਬ ਦੇ ਸਾਰੇ ਜ਼ਿਲ੍ਹੇ ਹੜ੍ਹ ਦੇ ਪਾਣੀ ਨਾਲ ਪ੍ਰਭਾਵਿਤ ਹੋਏ ਹਨ। ਜੇ ਗਲੇਸ਼ੀਅਲ ਝੀਲਾਂ ਫਟਣਗੀਆਂ ਤਾਂ ਹਿਮਾਚਲ ਦੇ ਨਾਲ-ਨਾਲ ਪੰਜਾਬ 'ਤੇ ਵੀ ਅਸਰ ਪਵੇਗਾ। 2023 ਵਿੱਚ ਭਾਰੀ ਮੀਂਹ ਪੈਣ ਅਤੇ ਬਹੁਤ ਜ਼ਿਆਦਾ ਨੁਕਸਾਨ ਹੋਣ ਤੋਂ ਬਾਅਦ ਹਿਮਾਚਲ ਸਰਕਾਰ ਨੇ 16 ਹੈਲੀਪੋਰਟ ਬਣਾਉਣ ਦੀ ਯੋਜਨਾ ਉਲੀਕੀ ਸੀ; ਹੁਣ ਫਿਰ ਸੂਬਾ ਸਰਕਾਰ ਨੇ ਹੜ੍ਹਾਂ ਨਾਲ ਹੋਈ ਭਾਰੀ ਬਰਬਾਦੀ ਤੋਂ ਬਾਅਦ ਰੋਪਵੇਅਜ਼ ਬਣਾਉਣ ਦਾ ਐਲਾਨ ਕਰ ਦਿੱਤਾ ਹੈ। ਸੂਬੇ ਦੇ ਲੋਕ ਅਜੇ ਚਾਰ-ਮਾਰਗੀ ਸੜਕਾਂ, ਪਣ-ਬਿਜਲੀ ਪ੍ਰਾਜੈਕਟਾਂ ਅਤੇ ਸੈਰ-ਸਪਾਟੇ ਦੇ ਅਖੌਤੀ ਆਰਥਿਕ ਵਿਕਾਸ ਦੀ ਮਾਰ ਤੋਂ ਹੀ ਨਹੀਂ ਉਭਰੇ ਹਨ ਕਿ ਰੋਪਵੇਅਜ਼ ਦੁਆਰਾ ਆਰਥਿਕ ਵਿਕਾਸ ਦੀ ਨਵੀਂ ਯੋਜਨਾ ਲਿਆਂਦੀ ਹੈ। ਰੋਪਵੇਅਜ਼ ਬਣਾਉਣ ਲਈ ਫਿਰ ਦਰੱਖ਼ਤ ਕੱਟੇ ਜਾਣਗੇ। ਭਾਰੀ ਮਸ਼ੀਨਾਂ ਨਾਲ ਪਹਾੜਾਂ ਉੱਤੇ ਰੋਪਵੇਅਜ਼ 'ਤੇ ਚੱਲਣ ਵਾਲੀਆਂ ਭਾਰੀਆਂ ਟਰਾਲੀਆਂ ਅਤੇ ਲੋਕਾਂ ਦਾ ਭਾਰ ਸੰਭਾਲਣ ਲਈ ਲੋਹੇ ਦੀ ਭਾਰੀ ਮਸ਼ੀਨਰੀ ਲਾਈ ਜਾਵੇਗੀ ਜੋ ਸੰਵੇਦਨਸ਼ੀਲ ਵਾਤਾਵਰਨ ਲਈ ਖ਼ਤਰੇ ਖੜ੍ਹੇ ਕਰੇਗੀ। ਸ਼ਿਮਲੇ ਵਾਲਾ ਰੋਪਵੇਅ ਰਿੱਜ ਅਤੇ ਲੱਕੜ ਬਾਜ਼ਾਰ ਤੋਂ ਹੋ ਕੇ ਗੁਜ਼ਰੇਗਾ, ਪਰ ਰਿੱਜ ਤੇ ਲੱਕੜ ਬਾਜ਼ਾਰ ਦਾ ਕੁਝ ਹਿੱਸਾ 2000 ਵਿੱਚ ਗਰਕਣਾ ਸ਼ੁਰੂ ਹੋ ਗਿਆ ਸੀ। ਰਿੱਜ ਦਾ ਕੁਝ ਹਿੱਸਾ 2015 ਤੇ 2017 'ਚ ਵੀ ਗਰਕਿਆ, 2019 ਵਿੱਚ ਤਾਂ ਰਿੱਜ ਕੁਝ ਹਿੱਸਾ 2 ਫੁੱਟ ਤੱਕ ਗਰਕ ਗਿਆ ਸੀ। ਅਜਿਹੇ ਥਾਵਾਂ ਉੱਤੇ ਬਣਾਏ ਜਾਣ ਵਾਲੇ ਰੋਪਵੇਅ ਲੋਕਾਂ ਦੀ ਜਾਨ ਨੂੰ ਖ਼ਤਰੇ ਵਿੱਚ ਪਾ ਸਕਦੇ ਹਨ; ਹਿਮਾਚਲ ਦੀ ਆਪਣੀ ਹੋਂਦ ਵੀ ਖ਼ਤਰੇ ਵਿੱਚ ਪੈ ਸਕਦੀ ਹੈ।

# ਖ਼ੁਰਾਕ ਸੁਰੱਖਿਆ ਵਿੰਗ ਨੇ ਜ਼ਿਲ੍ਹਾ ਤਰਨ ਤਾਰਨ ਦੇ ਵੱਖ-ਵੱਖ ਕਸਬਿਆਂ ਚ ਖੋਏ ਅਤੇ ਪਨੀਰ ਦੇ ਸੈਂਪਲ ਭਰੇ



**ਤਰਨ ਤਾਰਨ, 13 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਵਲ ਸਰਜਨ ਡਾ. ਗੁਰਪ੍ਰੀਤ ਸਿੰਘ ਰਾਏ ਦੀ ਅਗਵਾਈ ਅਤੇ ਜ਼ਿਲ੍ਹਾ ਸਿਹਤ ਅਫਸਰ ਡਾ. ਸੁਖਬੀਰ ਕੌਰ ਔਲਖ ਦੀ ਦੇਖ ਰੇਖ ਹੇਠ ਜ਼ਿਲ੍ਹੇ ਦਾ ਖ਼ੁਰਾਕ ਸੁਰੱਖਿਆ ਵਿੰਗ ਤਿਉਹਾਰਾਂ ਦੇ ਮੱਦੇਨਜ਼ਰ ਪੂਰੀ ਤਰ੍ਹਾਂ ਮੁਸ਼ਤੈਦ ਹੈ। ਖ਼ੁਰਾਕ ਸੁਰੱਖਿਆ ਵਿੰਗ ਵੱਲੋਂ ਵੀਰਵਾਰ ਨੂੰ ਤਰਨ ਤਾਰਨ ਸ਼ਹਿਰ ਤੋਂ ਇਲਾਵਾ ਕਸਬਾ ਸਰਹਾਲੀ ਸਰਹੱਦੀ ਕਸਬਾ ਭਿੱਖੀਵਿੰਡ, ਖਾਲੜਾ ਅਤੇ ਪੂਹਲਾ ਵਿਖੇ ਡੇਅਰੀਆਂ ਅਤੇ ਮਿਠਾਈਆਂ ਵੇਚਣ ਵਾਲੀਆਂ ਦੁਕਾਨਾਂ ਦੀ ਜਾਂਚ ਕਰ ਖੋਏ ਅਤੇ ਅਤੇ ਪਨੀਰ ਦੇ ਸੈਂਪਲ ਅਗਲੇਰੀ ਜਾਂਚ ਲਈ ਭੇਜੇ ਗਏ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ. ਗੁਰਪ੍ਰੀਤ ਸਿੰਘ ਰਾਏ ਨੇ ਦੱਸਿਆ ਕਿ ਜ਼ਿਲ੍ਹੇ ਦੇ ਨਾਗਰਿਕਾਂ ਦੀ ਚੰਗੀ ਸਿਹਤ ਨੂੰ ਧਿਆਨ ਵਿੱਚ ਰੱਖਦਿਆਂ ਸਿਹਤ ਵਿਭਾਗ ਦੇ ਖ਼ੁਰਾਕ ਸੁਰੱਖਿਆ ਵਿੰਗ ਵੱਲੋਂ ਖਾਣ ਪੀਣ ਦੀਆਂ ਵਸਤੂਆਂ ਵੇਚਣ ਵਾਲੀਆਂ ਦੁਕਾਨਾਂ ਅਤੇ ਰੇਹੜੀਆਂ ਦੀ ਜਾਂਚ ਕੀਤੀ ਜਾਂਦੀ ਹੈ ਅਤੇ ਇਸੇ ਲੜੀ ਤਹਿਤ ਵਿੰਗ ਵੱਲੋਂ ਅੱਜ ਫਿਰ ਡੇਅਰੀਆਂ ਅਤੇ ਮਿਠਾਈਆਂ ਵਾਲੀਆਂ ਦੁਕਾਨਾਂ ਦੀ ਜਾਂਚ ਕੀਤੀ ਗਈ। ਉਹਨਾਂ ਕਿਹਾ ਕਿ ਨਾਗਰਿਕਾਂ ਦੀ ਸਿਹਤ ਨਾਲ ਖਿਲਵਾੜ ਬਿਲਕੁਲ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਜੇਕਰ ਕੋਈ ਵੀ ਡੇਅਰੀ ਮਾਲਕ, ਹਲਵਾਈ, ਰੈਸਟੋਰੈਂਟ, ਢਾਬੇ ਜਾਂ ਫਿਰ ਰੇਹੜੀਆਂ ਵਾਲੇ ਘਟੀਆ ਪੱਧਰ ਦਾ ਸਮਾਨ ਵੇਚਦੇ ਪਾਏ ਗਏ ਤਾਂ ਉਨ੍ਹਾਂ ਵਿਰੁੱਧ ਢੁੱਕਵੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਜ਼ਿਲ੍ਹਾ ਸਿਹਤ ਅਫ਼ਸਰ ਡਾਕਟਰ ਸੁਖਬੀਰ ਕੌਰ ਨੇ ਕਿਹਾ ਵਿਭਾਗ ਦੀ ਟੀਮ ਵੱਲੋਂ ਡੇਅਰੀਆਂ ਅਤੇ ਮਿਠਾਈਆਂ ਵਾਲੀਆਂ ਦੁਕਾਨਾਂ ਦੀ ਜਾਂਚ ਕਰਕੇ ਖੋਏ ਅਤੇ ਪਨੀਰ ਦੇ ਸੈਂਪਲਾਂ ਨੂੰ ਅਗਲੇਰੀ ਜਾਂਚ ਲਈ ਭੇਜਿਆ ਗਿਆ ਹੈ। ਉਹਨਾਂ ਦੱਸਿਆ ਕਿ ਖ਼ੁਰਾਕ ਸੁਰੱਖਿਆ ਵਿੰਗ ਵੱਲੋਂ ਖੋਏ ਅਤੇ ਪਨੀਰ ਦੇ 5 ਸੈਂਪਲ ਵੀ ਖਰੜ ਲੈਬੋਰਟਰੀ ਵਿਖੇ ਭੇਜੇ ਗਏ ਹਨ।

ਜ਼ਿਲ੍ਹਾ ਸਿਹਤ ਅਫ਼ਸਰ ਨੇ ਕਿਹਾ ਕਿ ਮੌਜੂਦਾ ਮੌਸਮ ਨੂੰ ਧਿਆਨ ਵਿੱਚ ਰੱਖਦਿਆਂ ਡੇਅਰੀ ਮਾਲਕਾਂ ਅਤੇ ਹਲਵਾਈਆਂ ਨੂੰ ਸਾਫ-ਸਫਾਈ ਦਾ ਵਿਸ਼ੇਸ਼ ਧਿਆਨ ਰੱਖਣ ਦੀ ਹਦਾਇਤ ਕੀਤੀ ਗਈ ਅਤੇ ਉਹਨਾਂ ਨੂੰ ਹਦਾਇਤ ਕੀਤੀ ਗਈ ਕਿ ਕੰਮ-ਕਾਜ ਵਾਲੇ ਸਥਾਨ ▼ਤੇ ਪਾਣੀ ਨੂੰ ਇਕੱਠਾ ਨਾ ਹੋਣ ਦੇਣ ਤਾਂ ਜੋ ਮੱਖੀ-ਮੱਛਰ ਦੇ ਪੈਦਾ ਹੋਣ ਦਾ ਖਦਸਾ ਨਾ ਬਣੇ।

ਉਹਨਾਂ ਕਿਹਾ ਕਿ ਖਾਣ ਪੀਣ ਦੀਆਂ ਵਸਤੂਆਂ ਵੇਚਣ ਵਾਲਿਆਂ ਨੂੰ ਵਸਤੂਆਂ ਲਈ ਲੋੜੀਂਦਾ ਤਾਪਮਾਨ ਬਰਕਰਾਰ ਰੱਖਣ ਦੀ ਹਦਾਇਤ ਕੀਤੀ ਗਈ ਹੈ ਤਾਂ ਜੋ ਵਸਤੂਆਂ ਖਰਾਬ ਨਾ ਹੋਣ। ਇਸ ਮੌਕੇ ਫੂਡ ਸੇਫ਼ਟੀ ਅਫਸਰ ਅਸ਼ਵਨੀ ਕੁਮਾਰ ਅਤੇ ਸਾਕਸ਼ੀ ਖੋਸਲਾ ਵੀ ਮੌਜੂਦ ਰਹੇ।

# ਡੀ.ਸੀ ਨੇ ਚੱਲ ਰਹੀ ਝੋਨੇ ਦੀ ਖਰੀਦ ਦੀ ਸਮੀਖਿਆ ਕੀਤੀ

**ਲੁਧਿਆਣਾ, 13 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਵੀਰਵਾਰ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੀ ਕਿਸਾਨਾਂ ਦੀ ਸਹਾਇਤਾ ਲਈ ਇੱਕ ਨਿਰਵਿਘਨ ਅਤੇ ਕੁਸ਼ਲ ਝੋਨੇ ਦੀ ਖਰੀਦ ਪ੍ਰਕਿਰਿਆ ਨੂੰ ਯਕੀਨੀ ਬਣਾਉਣ ਦੀ ਵਚਨਬੱਧਤਾ ਨੂੰ ਦੁਹਰਾਇਆ।

ਜ਼ਿਲ੍ਹੇ ਵਿੱਚ ਚੱਲ ਰਹੇ ਝੋਨੇ ਦੀ ਖਰੀਦ ਕਾਰਜਾਂ ਦੀ ਸਮੀਖਿਆ ਦੌਰਾਨ ਹਿਮਾਂਸ਼ੂ ਜੈਨ ਨੇ ਪ੍ਰਸ਼ਾਸਨ ਦੇ ਝੋਨੇ ਦੇ ਹਰ ਦਾਣੇ ਨੂੰ ਤੁਰੰਤ ਅਤੇ ਬਿਨਾਂ ਕਿਸੇ ਪਰੇਸ਼ਾਨੀ ਦੇ ਚੁੱਕਣ ਦੇ ਸਮਰਪਣ 'ਤੇ ਜ਼ੋਰ ਦਿੱਤਾ। ਜ਼ਿਲ੍ਹਾ ਪ੍ਰਸ਼ਾਸਨ ਨੇ ਅਨਾਜ ਮੰਡੀਆਂ ਤੋਂ ਕਿਸਾਨਾਂ ਦੀ ਫਸਲ ਦੀ ਤੇਜ਼ੀ ਨਾਲ ਇਕੱਤਰਤਾ ਨੂੰ ਯਕੀਨੀ ਬਣਾਉਣ ਲਈ ਵਿਆਪਕ ਉਪਾਅ ਲਾਗੂ ਕੀਤੇ ਹਨ।

ਹਿਮਾਂਸ਼ੂ ਜੈਨ ਨੇ ਦੱਸਿਆ ਕਿ ਸਾਰੇ ਉਪ ਮੰਡਲ ਮੈਜਿਸਟ੍ਰੇਟਾਂ ਅਤੇ ਖਰੀਦ ਏਜੰਸੀਆਂ ਦੇ ਮੁਖੀਆਂ ਨੂੰ ਕੁਸ਼ਲਤਾ ਅਤੇ ਪਾਰਦਰਸ਼ਤਾ ਬਣਾਈ ਰੱਖਣ ਲਈ ਕਾਰਜਾਂ ਦੀ ਨਿੱਜੀ ਤੌਰ 'ਤੇ ਨਿਗਰਾਨੀ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਤਾਜ਼ਾ ਅੰਕੜਿਆਂ ਅਨੁਸਾਰ ਜ਼ਿਲ੍ਹੇ ਵਿੱਚ ਇਸ ਸੀਜ਼ਨ ਦੌਰਾਨ ਹੁਣ ਤੱਕ 69,847 ਮੀਟ੍ਰਿਕ ਟਨ (ਐਮ.ਟੀ.) ਅਨਾਜ ਮੰਡੀਆਂ ਵਿੱਚ ਝੋਨੇ ਦੀ ਆਮਦ ਦਰਜ ਕੀਤੀ ਗਈ ਹੈ ਅਤੇ ਖਰੀਦ ਏਜੰਸੀਆਂ ਵੱਲੋਂ ਹੁਣ 63,431 ਮੀਟ੍ਰਿਕ ਟਨ ਝੋਨੇ ਖਰੀਦ ਕੀਤੀ ਜਾ ਚੁੱਕੀ ਹੈ। ਕਿਸਾਨਾਂ ਨੂੰ 151.94 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ, ਜਿਸ ਨਾਲ ਸਮੇਂ ਸਿਰ ਵਿੱਤੀ ਸਹਾਇਤਾ ਯਕੀਨੀ ਬਣਾਈ ਜਾ ਰਹੀ ਹੈ।

ਇਸ ਪ੍ਰਕਿਰਿਆ ਨੂੰ ਹੋਰ ਸੁਚਾਰੂ ਬਣਾਉਣ ਲਈ ਡਿਪਟੀ ਕਮਿਸ਼ਨਰ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਅਨਾਜ ਮੰਡੀਆਂ ਵਿੱਚੋਂ ਝੋਨੇ ਦੀ ਤੁਰੰਤ ਲਿਫਟਿੰਗ ਕੀਤੀ ਜਾਵੇ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਗੁਣਵੱਤਾ ਨੂੰ ਯਕੀਨੀ ਬਣਾਉਣ ਅਤੇ ਸੁਚਾਰੂ ਖਰੀਦ ਨੂੰ ਯਕੀਨੀ ਬਣਾਉਣ ਲਈ 17 ਫੀਸਦੀ ਜਾਂ ਇਸ ਤੋਂ ਘੱਟ ਨਮੀ ਵਾਲਾ ਝੋਨਾ ਅਨਾਜ ਮੰਡੀਆਂ ਵਿੱਚ ਲਿਆਉਣ।

ਇਸ ਤੋਂ ਇਲਾਵਾ ਹਿਮਾਂਸ਼ੂ ਜੈਨ ਨੇ ਫਸਲ ਦੀ ਨਮੀ ਦੇ ਪੱਧਰ ਨੂੰ ਘੱਟ ਕਰਨ ਲਈ ਕੰਬਾਈਨ ਹਾਰਵੈਸਟਰ ਦੇ ਕੰਮ ਕਰਨ ਦੇ ਘੰਟਿਆਂ (ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ) ਦੀ ਸਖ਼ਤੀ ਨਾਲ ਪਾਲਣਾ ਕਰਨ ਦੇ ਆਦੇਸ਼ ਦਿੰਦਿਆਂ ਕਿਹਾ ਕਿ ਉਲੰਘਣਾਵਾਂ ਕਰਨ 'ਤੇ ਜੁਰਮਾਨੇ ਹੋ ਸਕਦੇ ਹਨ, ਜਿਸ ਵਿੱਚ ਉਪਕਰਣ ਜ਼ਬਤ ਕਰਨਾ ਵੀ ਸ਼ਾਮਲ ਹੈ। ਉਨ੍ਹਾਂ ਕਿਸਾਨਾਂ ਨੂੰ ਗੰਭੀਰ ਵਾਤਾਵਰਣ ਪ੍ਰਭਾਵਾਂ ਦਾ ਹਵਾਲਾ ਦਿੰਦੇ ਹੋਏ ਪਰਾਲੀ ਨੂੰ ਸਾੜਨ ਤੋਂ ਗੁਰੇਜ਼ ਕਰਨ ਦੀ ਅਪੀਲ ਕੀਤੀ।

# 35 ਸਾਲਾਂ ਮਗਰੋਂ ਬਣੇਗੀ ਸ਼ਹੀਦ ਦੇ ਨਾਮ ਉਪਰ ਸੜਕ, ਮਨਵਿੰਦਰ ਸਿੰਘ ਗਿਆਸਪੁਰਾ ਨੇ ਰੱਖਿਆ ਨੀਂਹ ਪੱਥਰ

**ਖੰਨਾ , 13 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਪਾਇਲ ਦੇ ਪਿੰਡ ਜੱਲ੍ਹਾ ਵਿੱਚ ਮਹਾਨ ਸ਼ਹੀਦ ਸਿਪਾਹੀ ਸ਼ੀਤਲ ਸਿੰਘ ਦੀ ਯਾਦ ਵਿੱਚ ਸੜਕ ਆਖਿਰਕਾਰ 35 ਸਾਲਾਂ ਬਾਅਦ ਮੁੜ ਬਣਾਈ ਜਾ ਰਹੀ ਹੈ। ਕਈ ਸਾਲਾਂ ਤੋਂ ਖਰਾਬ ਹਾਲਤ ਵਿੱਚ ਪਈ ਇਹ ਸੜਕ ਹੁਣ ਦੁਬਾਰਾ ਬਣਨ ਜਾ ਰਹੀ ਹੈ। ਇਸ ਮਹੱਤਵਪੂਰਨ ਸੜਕ ਨਾਲ ਕਰੀਬ 15 ਪਿੰਡ ਜੁੜੇ ਹੋਏ ਹਨ ਅਤੇ ਇਹ ਪਾਇਲ ਹਲਕੇ ਨੂੰ ਖੰਨਾ ਨਾਲ ਸਿੱਧਾ ਜੋੜਦੀ ਹੈ।

ਸੜਕ ਦੇ ਨਵੇਂ ਨਿਰਮਾਣ ਦਾ ਨੀਂਹ ਪੱਥਰ ਆਪ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਨੇ ਰੱਖਿਆ।

ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਸ਼ਹੀਦਾਂ ਦੀ ਯਾਦ ਵਿਚ ਬਣੀਆਂ ਥਾਵਾਂ ਸਾਡੀ ਵਿਰਾਸਤ ਹਨ ਅਤੇ ਉਨ੍ਹਾਂ ਦੀ ਸੰਭਾਲ ਕਰਨਾ ਸਾਡਾ ਫਰਜ਼ ਹੈ। ਉਨ੍ਹਾਂ ਨੇ ਭਰੋਸਾ ਦਿੱਤਾ ਕਿ ਪਾਇਲ ਹਲਕੇ ਵਿੱਚ ਵਿਕਾਸ ਦੇ ਕੰਮਾਂ ਨੂੰ ਤੇਜ਼ੀ ਨਾਲ ਅੱਗੇ ਵਧਾਇਆ ਜਾਵੇਗਾ, ਖ਼ਾਸ ਕਰਕੇ ਉਹਨਾਂ ਇਲਾਕਿਆਂ ਵਿੱਚ ਜਿੱਥੇ ਸਾਲਾਂ ਤੋਂ ਲੋਕ ਬੁਨਿਆਦੀ ਸਹੂਲਤਾਂ ਤੋਂ ਵਾਂਝੇ ਰਹੇ ਹਨ।

ਯਾਦ ਰਹੇ ਕਿ ਸਿਪਾਹੀ ਸ਼ੀਤਲ ਸਿੰਘ ਨੇ 1965 ਦੀ ਭਾਰਤ-ਪਾਕਿਸਤਾਨ ਜੰਗ ਦੌਰਾਨ ਸ਼ਹੀਦੀ ਪ੍ਰਾਪਤ ਕੀਤੀ ਸੀ। ਉਨ੍ਹਾਂ ਦੀ ਯਾਦ ਵਿੱਚ ਬਣਿਆ ਇਹ ਮਾਰਗ ਕਈ ਸਾਲਾਂ ਤੋਂ ਟੁੱਟਿਆ ਪਿਆ ਸੀ, ਜਿਸ ਕਾਰਨ ਪਿੰਡ ਵਾਸੀਆਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ।

ਪਿੰਡ ਦੇ ਸਰਪੰਚ ਲਛਮਣ ਸਿੰਘ ਨੇ ਕਿਹਾ ਕਿ ਸੜਕ ਦੇ ਨਿਰਮਾਣ ਨਾਲ ਪਿੰਡ ਵਾਸੀਆਂ ਨੂੰ ਬਹੁਤ ਵੱਡੀ ਰਾਹਤ ਮਿਲੇਗੀ।

ਇਹ ਸੜਕ ਕਈ ਸਾਲਾਂ ਤੋਂ ਖਰਾਬ ਹਾਲਤ ਵਿੱਚ ਸੀ, ਪਰ ਹੁਣ ਪੰਜਾਬ ਸਰਕਾਰ ਨੇ ਸਾਡੀ ਲੰਬੇ ਸਮੇਂ ਤੋਂ ਲਟਕਦੀ ਮੰਗ ਪੂਰੀ ਕਰ ਦਿੱਤੀ ਹੈ। ਹੁਣ ਤੱਕ ਪਿਛਲੀਆਂ ਸਰਕਾਰਾਂ ਨੇ ਇਸਦੀ ਸਾਰ ਨਹੀਂ ਲਈ ਸੀ। ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਲੋਕਾਂ ਦੀ ਬਾਂਹ ਫੜੀ ਹੈ।

ਇਸ ਮੌਕੇ ਆੜ੍ਹਤੀ ਐਸੋਸੀਏਸ਼ਨ ਪੰਜਾਬ ਦੇ ਮੀਤ ਪ੍ਰਧਾਨ ਏ.ਪੀ. ਜੱਲ੍ਹਾ, ਬੂਟਾ ਸਿੰਘ ਰਾਣੋ, ਕੌਂਸਲਰ ਸੁਖਪ੍ਰੀਤ ਸਿੰਘ ਸੋਹੀ, ਅਮਰਜੀਤ ਸਿੰਘ ਗਿੱਲ, ਮੋਹਨ ਸਿੰਘ ਪੰਚ, ਕੁਲਦੀਪ ਸਿੰਘ ਗਰਚਾ, ਫਤਹਿ ਸਿੰਘ, ਬਲਦੇਵ ਸਿੰਘ ਨੰਬਰਦਾਰ, ਦਰਸ਼ਨ ਸਿੰਘ, ਤੇਜਵੰਤ ਸਿੰਘ ਨੰਬਰਦਾਰ ਅਤੇ ਮੋਹਨਪ੍ਰੀਤ ਸਿੰਘ ਬੈਂਸ ਸਮੇਤ ਕਈ ਹੋਰ ਹਸਤੀਆਂ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਤੇ ਐਸਐਸਪੀ ਨੇ ਪਰਾਲੀ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਨੂੰ ਰੋਕਣ ਲਈ ਕੀਤੀ ਅਧਿਕਾਰੀਆਂ ਨਾਲ ਵਿਸ਼ੇਸ਼ ਬੈਠਕ



**ਫਾਜ਼ਿਲਕਾ,13 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਵੱਲੋਂ ਪਰਾਲੀ ਨੂੰ ਅੱਗ ਲੱਗਣ ਤੋਂ ਰੋਕਣ ਲਈ ਕੀਤੀਆਂ ਗਈਆਂ ਕਾਰਵਾਈਆਂ ਸਬੰਧੀ ਵੱਖ-ਵੱਖ ਵਿਭਾਗੀ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਉਨ੍ਹਾਂ ਕਿਹਾ ਕਿ ਝੋਨੇ ਦੀ ਪਰਾਲੀ ਤੇ ਰਹਿੰਦ-ਖੂਹੰਦ ਨੂੰ ਸਾੜਨ ਤੋਂ ਰੋਕਣ ਲਈ ਸਿਵਲ ਪ੍ਰਸ਼ਾਸਨ ਤੇ ਪੁਲਿਸ ਪ੍ਰਸ਼ਾਸਨ ਵੱਲੋਂ ਲਗਾਤਾਰ ਪਹਿਲਕਦਮੀਆਂ ਕੀਤੀਆਂ ਜਾ ਰਹੀਆਂ ਹਨ। ਇਸ ਮੌਕੇ ਜ਼ਿਲਾ ਪੁਲਿਸ ਮੁਖੀ ਗੁਰਮੀਤ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਜਨ.) ਡਾ.ਮਨਦੀਪ ਕੌਰ, ਐਸਡੀਐਮ ਵੀਰਪਾਲ ਕੌਰ, ਕੰਵਰਜੀਤ ਸਿੰਘ ਮਾਨ, ਕ੍ਰਿਸ਼ਨਾ ਪਾਲ ਰਾਜਪੂਤ ਤੇ ਸਹਾਇਕ ਕਮਿਸ਼ਨਰ ਅਮਨਦੀਪ ਸਿੰਘ ਮਾਵੀ ਵੀ ਮੌਜੂਦ ਸਨ!

ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਕਿਹਾ ਕਿ ਨੋਡਲ/ਕਲਸਟਰ ਅਫਸਰਾਂ ਨੂੰ ਪਾਬੰਦ ਕੀਤਾ ਜਾਵੇ ਕਿ ਉਹ ਲਗਾਤਾਰ ਕਿਸਾਨ ਵੀਰਾਂ ਨਾਲ ਰਾਬਤਾ ਕਾਇਮ ਕਰਨ ਤੇ ਪਰਾਲੀ ਨੂੰ ਅੱਗ ਨਾ ਲਗਾਉਣ ਬਾਰੇ ਵੱਧ ਤੋਂ ਵੱਧ ਜਾਗਰੂਕ ਕਰਨ। ਉਨ੍ਹਾਂ ਉਨ੍ਹਾਂ ਕਿਹਾ ਕਿ ਪਰਾਲੀ ਨੂੰ ਅੱਗ ਲੱਗਣ ਵਾਲੀਆਂ ਘਟਨਾ ਤੇ ਨਜ਼ਰ ਰੱਖੀ ਜਾਵੇ ਤੇ ਖਾਸ ਕਰਕੇ ਹੋਟ ਸਪੌਟ ਏਰੀਏ ਤੇ ਤਿੱਖੀ ਨਜ਼ਰ ਰੱਖੀ ਜਾਵੇ!

ਜ਼ਿਲ੍ਹਾ ਪੁਲਿਸ ਮੁਖੀ ਸ. ਗੁਰਮੀਤ ਸਿੰਘ ਨੇ ਕਿਹਾ ਕਿ ਜਿਹੜੇ ਪਿੰਡਾਂ ਵਿੱਚ ਝੋਨੇ ਦੀ ਵਾਢੀ ਹੋ ਗਈ ਹੈ ਉੱਥੇ ਜਿਲਾ ਤੇ ਪੁਲਿਸ ਪ੍ਰਸ਼ਾਸਨ ਦੀਆਂ ਟੀਮਾਂ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਬਾਰੇ ਜਾਗਰੂਕ ਕਰਨ! ਉਨ੍ਹਾਂ ਕਿਹਾ ਕਿ ਕਿਸਾਨ ਵੀਰਾਂ ਨੂੰ ਪਰਾਲੀ ਨੂੰ ਅੱਗ ਲਗਾਉਣ ਨਾਲ ਹੁੰਦੇ ਬੁਰੇ ਪ੍ਰਭਾਵਾਂ ਬਾਰੇ ਵੀ ਜਾਣੂੰ ਕਰਵਾਇਆ ਜਾਵੇ। ਉਹਨਾਂ ਕਿਹਾ ਕਿ ਪਿੰਡਾਂ ਵਿੱਚ ਨਿਯੁਕਤ ਕਲਸਟਰ ਅਫਸਰ ਤੇ ਐਸਐਚਓ ਆਪਸ ਵਿੱਚ ਤਾਲਮੇਲ ਨਾਲ ਅੱਗ ਲੱਗਣ ਵਾਲੀਆਂ ਘਟਨਾਵਾਂ ਨੂੰ ਰੋਕਣ ਲਈ ਹੰਭਲਾ ਮਾਰਨਇਸ ਮੌਕੇ ਡੀ.ਐਸ.ਪੀ. ਅਬਨਾਸ਼ ਚੰਦਰ, ਖੇਤੀਬਾੜੀ ਅਫਸਰ ਮਮਤਾ, ਪ੍ਰਦੂਸ਼ਨ ਕੰਟਰੋਲ ਬੋਰਡ ਤੋਂ ਵਾਤਾਵਰਣ ਇੰਜੀਨੀਅਰ ਰਵੀਪਾਲ ਆਦਿ ਅਧਿਕਾਰੀ ਸਾਹਿਬਾਨ ਮੌਜੂਦ ਸਨ।

# ਪਿੰਡ ਬੋਜਾ ਅਤੇ ਮਾੜੀ ਬੁੱਚੀਆਂ ਵਿਖੇ ਪਰਾਲੀ ਪ੍ਰਬੰਧਨ ਸੰਬੰਧੀ ਜਾਗਰੂਕਤਾ ਕੈਂਪ

**ਬਟਾਲਾ, 13 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਡਿਪਟੀ ਕਮਿਸ਼ਨਰ ਗੁਰਦਾਸਪੁਰ, ਸ਼੍ਰੀ ਦਲਵਿੰਦਰਜੀਤ ਸਿੰਘ ਦੀਆਂ ਹਦਾਇਤਾਂ ਤੇ ਉਪ ਮੰਡਲ ਮੈਜਿਸਟਰੇਟ ਬਟਾਲਾ ਵਿਕਰਮਜੀਤ ਸਿੰਘ ਦੇ ਹੁਕਮਾਂ ਅਤੇ ਡਿਪਟੀ ਡਾਇਰੈਕਟਰ ਡਾ ਸ਼ਾਹਬਾਜ ਸਿੰਘ ਚੀਮਾ ਦੀ ਰਹਿਨੁਮਾਈ ਹੇਠ ਬਲਾਕ ਸ਼੍ਰੀ ਹਰਗੋਬਿੰਦਪੁਰ ਸਾਹਿਬ ਦੇ ਪਿੰਡਾਂ ਬੋਹਜਾ ਅਤੇ ਮਾੜੀ ਬੁੱਚੀਆਂ ਵਿਖੇ ਪਰਾਲੀ ਦੀ ਸਾਂਭ ਸੰਭਾਲ ਸਬੰਧੀ ਜਾਗਰੂਕਤਾ ਕੈਂਪ ਲਗਾਇਆ।

ਕੈਂਪ ਵਿੱਚ ਰਜਿੰਦਰ ਕੁਮਾਰ ਖੇਤੀਬਾੜੀ ਵਿਸਥਾਰ ਅਫਸਰ ਘੁਮਾਨ ਨੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਪਰਾਲੀ ਦੀ ਸੁਚੱਜੀ ਵਰਤੋਂ ਕਰਦੇ ਹੋਏ ਸਬਸਿਡੀ ਦੇ ਉਪਲਬਧ ਮਸ਼ੀਨਾਂ ਦੀ ਵਰਤੋਂ ਕਰਕੇ ਪਰਾਲੀ ਦੀ ਸਾਂਭ ਸੰਭਾਲ ਕਰਨ। ਉਨਾਂ ਨੇ ਕਿਹਾ ਕਿ ਕਿਸਾਨ ਆਪਣਾ ਝੋਨਾ ਐਸਐਮਐਸ ਲੱਗੇ ਕੰਬਾਈਨ ਹਾਰਵੈਸਟਰਾਂ ਤੋਂ ਕਟਵਾਉਣ ਤਾਂ ਜੋ ਮਸ਼ੀਨਰੀ ਦੀ ਸਹੀ ਵਰਤੋਂ ਕੀਤੀ ਜਾ ਸਕੇ। ਕੈਂਪ ਵਿੱਚ ਪਰਾਲੀ ਨੂੰ ਅੱਗ ਲਾਉਣ ਨਾਲ ਹੋਣ ਵਾਲੇ ਨੁਕਸਾਨਾਂ ਦੀ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ ਅਤੇ ਨਾਲ ਹੀ ਕਿਸਾਨਾਂ ਨੂੰ ਅਪੀਲ ਕੀਤੀ ਕਿ ਕਿਸਾਨ ਵਿਭਾਗ ਵੱਲੋਂ ਚੱਲ ਰਹੀ ਇਸ ਮੁਹਿਮ ਵਿੱਚ ਸਾਡਾ ਸਾਥ ਦੇ ਕੇ ਹਵਾ ਪਾਣੀ ਅਤੇ ਮਿੱਟੀ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਅਤੇ ਨਾਲ ਹੀ ਕਿਹਾ ਕਿ ਸਾਡਾ ਸਾਰਿਆਂ ਦਾ ਫਰਜ ਬਣਦਾ ਹੈ ਕਿ ਅਸੀਂ ਆਪਣੇ ਵਾਤਾਵਰਨ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਈਏ। ਕੈਂਪ ਦੌਰਾਨ ਕਿਸਾਨਾਂ ਨੂੰ ਇਹ ਵੀ ਅਪੀਲ ਕੀਤੀ ਕਿ ਕਿਸਾਨ ਪੱਕਿਆ ਹੋਇਆ ਝੋਨਾ ਹੀ ਵਢਾ ਤੇ ਮੰਡੀਆਂ ਵਿੱਚ ਲੈ ਕੇ ਜਾਣ ਕਿਉਂਕਿ ਨਮੀ ਜਿਆਦਾ ਹੋਣ ਕਾਰਨ ਮੰਡੀਕਰਨ ਵਿੱਚ ਮੁਸ਼ਕਿਲ ਆ ਸਕਦੀ ਹੈ।

ਕੈਂਪ ਵਿੱਚ ਗੁਰਸੇਵਕ ਸਿੰਘ ਖੇਤੀਬਾੜੀ ਸਬ ਇੰਸਪੈਕਟਰ ਨੇ ਵੀ ਕਿਸਾਨਾਂ ਨੂੰ ਅਪੀਲ ਕੀਤੀ ਕਿ ਕਿਸਾਨ ਵੀਰ ਅੱਗ ਨਾ ਲਗਾਉਣ ਸਗੋਂ ਪਰਾਲੀ ਨੂੰ ਮਿੱਟੀ ਵਿੱਚ ਹੀ ਵਾਹ ਕੇ ਉਸ ਦੀ ਉਪਜਾਊ ਸ਼ਕਤੀ ਵਧਾਉਣ।

ਕੈਂਪ ਵਿੱਚ ਜਗਸੀਰ ਸਿੰਘ ਫੀਡਬੈਕ ਫਾਊਂਡੇਸ਼ਨ ਟਰਸਟ ਵੱਲੋਂ ਵੀ ਕਿਸਾਨਾਂ ਨੂੰ ਪਰਾਲੀ ਦੀ ਸੁਚੱਜੀ ਵਰਤੋਂ ਕਰਨ ਲਈ ਕਿਹਾ ਅਤੇ ਉਸ ਦੇ ਢੁਕਵੇ ਹੱਲਾਂ ਬਾਰੇ ਜਾਣਕਾਰੀ ਸਾਂਝੀ ਕੀਤੀ।

ਕੈਂਪ ਵਿੱਚ ਹੋਰਨਾਂ ਤੋਂ ਇਲਾਵਾ ਸ਼ੁਭਪ੍ਰੀਤ ਸਿੰਘ, ਮੱਸਾ ਸਿੰਘ, ਸਹਿਜਪ੍ਰੀਤ ਸਿੰਘ, ਗੁਰਪਾਲ ਸਿੰਘ, ਜਗਤਾਰ ਸਿੰਘ ਅਗਾਹ ਵਧੂ ਕਿਸਾਨ, ਜਸਵੰਤ ਸਿੰਘ, ਆਦਿ ਹਾਜ਼ਰ ਹੋਏ।

# ਲੋਕ ਸਭਾ ਮੈਂਬਰ ਮਾਲਵਿੰਦਰ ਸਿੰਘ ਕੰਮ ਨੇ ਕੀਤਾ ਹਲਕਾ ਗੜ੍ਹਸ਼ੰਕਰ ਦੀਆਂ ਮੰਡੀਆਂ ਦਾ ਦੌਰਾ

**ਹੁਸ਼ਿਆਰਪੁਰ, 13 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਅਨੰਦਪੁਰ ਸਾਹਿਬ ਦੇ ਲੋਕ ਸਭਾ ਮੈਂਬਰ ਮਾਲਵਿੰਦਰ ਸਿੰਘ ਕੰਮ ਨੇ ਅੱਜ ਹਲਕਾ ਗੜ੍ਹਸ਼ੰਕਰ ਦੀਆਂ ਵੱਖ-ਵੰਖ ਅਨਾਜ ਮੰਡੀਆਂ ਦਾ ਦੌਰਾ ਕਰਕੇ ਝੋਨੇ ਦੀ ਖਰੀਦ ਦਾ ਜਾਇਜ਼ਾ ਲਿਆ। ਇਸ ਦੌਰਾਨ ਉਨ੍ਹਾਂ ਕਿਸਾਨਾਂ ਨਾਲ ਮੁਲਾਕਾਤ ਵੀ ਕੀਤੀ। ਉਨ੍ਹਾਂ ਦਾਣਾ ਮੰਡੀ ਰੋੜ ਮਜਾਰਾ, ਸਮੁੰਦੜਾ, ਪਨਾਮ, ਗੜ੍ਹਸ਼ੰਕਰ ਅਤੇ ਸੈਲਾ ਮੰਡੀਆਂ ਦਾ ਨਿਰੀਖਣ ਕੀਤਾ।

ਲੋਕ ਸਭਾ ਮੈਂਬਰ ਨੇ ਕਿਸਾਨਾਂ ਨਾਲ ਉਨ੍ਹਾਂ ਦੀਆਂ ਸਮੱਸਿਆਵਾਂ ਬਾਰੇ ਵਿਚ ਵਿਸਥਾਰ ਨਾਲ ਗੱਲਬਾਤ ਕੀਤੀ ਅਤੇ ਭਰੋਸਾ ਦਿਵਾਇਆ ਕਿ ਕਿਸਾਨਾਂ ਦੀਆਂ ਹਰ ਜਾਇਜ਼ਾ ਮੰਗਾ ਅਤੇ ਸਮੱਸਿਆਵਾਂ ਦਾ ਜਲਦ ਨਿਪਟਾਰਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਫ਼ਸਲ ਦੀ ਲਿਫਟਿੰਗ ਸਮੇਂ 'ਤੇ ਕੀਤੀ ਜਾ ਰਹੀ ਹੈ ਅਤੇ ਕਿਸਾਨਾਂ ਦੀ ਫ਼ਸਲ ਦਾ ਨਾਲੋ-ਨਾਲ ਭੁਗਤਾਨ ਵੀ ਯਕੀਨੀ ਬਣਾਇਆ ਜਾ ਰਿਹਾ ਹੈ।

ਉਨ੍ਹਾਂ ਮੰਡੀਆਂ ਵਿਚ ਖਰੀਦ ਪ੍ਰਕਿਰਿਆ, ਪ੍ਰਬੰਧ, ਸਫਾਈ ਅਤੇ ਸਹੂਲਤਾਂ ਦਾ ਜਾਇਜ਼ਾ ਲਿਆ ਅਤੇ ਸਬੰਧਤ ਅਧਿਕਾਰੀਆਂ ਨੂੰ ਦਿਸ਼ਾ-ਨਿਰਦੇਸ਼ ਦਿੱਤੇ। ਲੋਕ ਸਭਾ ਮੈਂਬਰ ਕੰਗ ਨੇ ਕਿਹਾ ਕਿ ਸੂਬਾ ਸਰਕਾਰ ਕਿਸਾਨਾਂ ਦੇ ਹਿੱਤਾਂ ਦੀ ਰੱਖਿਆ ਲਈ ਵਚਨਬੱਧ ਹੈ ਅਤੇ ਇਹ ਯਕੀਨੀ ਬਣਾਇਆ ਜਾਵੇਗਾ ਕਿ ਕਿਸਾਨਾਂ ਨੂੰ ਆਪਣੀ ਫ਼ਸਲ ਵੇਚਣ ਦੌਰਾਨ ਕਿਸੇ ਤਰ੍ਹਾਂ ਦੀ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ।

ਇਸ ਦੌਰਾਨ ਸਥਾਨਕ ਪ੍ਰਸ਼ਾਸਨਿਕ ਅਧਿਕਾਰੀ, ਮੰਡੀ ਬੋਰਡ ਦੇ ਨੁਮਾਇੰਦੇ, ਆੜ੍ਹਤੀ ਐਸੋਸੀਏਸ਼ਨ ਦੇ ਮੈਂਬਰ ਅਤੇ ਵੱਡੀ ਗਿਣਤੀ ਨਾਲ ਉਨ੍ਹਾਂ ਦੀਆਂ ਸਮੱਸਿਆਵਾਂ ਬਾਰੇ ਵਿਚ ਵਿਸਥਾਰ ਨਾਲ ਗੱਲਬਾਤ ਕੀਤੀ ਅਤੇ ਭਰੋਸਾ ਦਿਵਾਇਆ ਕਿ ਕਿਸਾਨਾਂ ਦੀਆਂ ਹਰ ਜਾਇਜ਼ਾ ਮੰਗਾ ਅਤੇ ਸਮੱਸਿਆਵਾਂ ਦਾ ਜਲਦ ਨਿਪਟਾਰਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਫ਼ਸਲ ਦੀ ਲਿਫਟਿੰਗ ਸਮੇਂ 'ਤੇ ਕੀਤੀ ਜਾ ਰਹੀ ਹੈ ਅਤੇ ਕਿਸਾਨਾਂ ਲੋਕ ਸਭਾ ਮੈਂਬਰ ਕੰਗ ਨੇ ਕਿਹਾ ਕਿ ਸੂਬਾ ਸਰਕਾਰ ਕਿਸਾਨਾਂ ਦੇ ਹਿੱਤਾਂ ਦੀ ਰੱਖਿਆ ਲਈ ਵਚਨਬੱਧ ਹੈ ਅਤੇ ਇਹ ਯਕੀਨੀ ਦੀ ਫ਼ਸਲ ਦਾ ਨਾਲੋ-ਨਾਲ ਭੁਗਤਾਨ ਵੀ ਯਕੀਨੀ ਬਣਾਇਆ ਜਾ ਰਿਹਾ ਹੈ ਵਿਚ ਕਿਸਾਨ ਮੌਜੂਦ ਸਨ।

# ਅਦਾਲਤ ਦੇ ਹੁਕਮਾਂ ਉਤੇ ਸਟੇਟ ਬੈਂਕ ਆਫ਼ ਇੰਡੀਆ ਜੀਵਨ ਬੀਮਾ ਕੰਪਨੀ ਦੇ ਪਟਿਆਲਾ ਦਫਤਰ ਦੀ ਕੁਰਕੀ ਕਰਨ ਖ਼ੁਦ ਪਹੁੰਚੇ ਪ੍ਰਸਿੱਧ ਕਾਰੋਬਾਰੀ ਕੰਧਾਰੀ

## ➢ ਬੈਂਕ ਦੇ ਵੱਡੇ ਅਫਸਰਾਂ ਨੇ ਮਿੰਨਤ ਕਰਕੇ ਕੰਧਾਰੀ ਗਰੁੱਪ ਤੋਂ ਮੰਗਿਆ ਇੱਕ ਹਫ਼ਤੇ ਦਾ ਸਮਾਂ ➢ ਬੈਂਕ ਨੇ ਕੰਧਾਰੀਆਂ ਦੇ ਦੇਣੇ ਹਨ ਲੱਖਾਂ ਰੁਪਏ !

**ਪਟਿਆਲਾ, 13 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪਟਿਆਲਾ ਦੀ ਮਾਣਯੋਗ ਅਦਾਲਤ ਮਿਸ ਸਿਮਰਨ, ਪੀਸੀਐਸ, ਸਿਵਲ ਜੱਜ ਜੂਨੀਅਰ ਡਿਵੀਜ਼ਨ, ਦੇ ਹੁਕਮਾਂ ਉਤੇ ਸਟੇਟ ਬੈਂਕ ਆਫ਼ ਇੰਡੀਆ ਜੀਵਨ ਬੀਮਾ ਕੰਪਨੀ ਦੇ ਪਟਿਆਲਾ ਦੇ ਦਫਤਰ ਦੀ ਕੁਰਕੀ ਕਰਨ ਲਈ ਸਰਕਾਰੀ ਕਰਮਚਾਰੀ ਅਤੇ ਲੇਬਰ ਲੈ ਕੇ ਪ੍ਰਸਿੱਧ ਸਮਾਜ ਸੇਵਕ ਤੇ ਕਾਰੋਬਾਰੀ ਹਰਮੀਤ ਕੰਧਾਰੀ ਖ਼ੁਦ ਪਹੁੰਚੇ। ਪਟਿਆਲਾ ਦੇ ਹੈੱਡ ਪੋਸਟ ਆਫ਼ਿਸ ਦੇ ਨੇੜੇ ਸਥਿਤ ਇਹ ਮਾਮਲਾ ਸਟੇਟ ਬੈਂਕ ਦੀ ਜੀਵਨ ਬੀਮਾ ਕੰਪਨੀ ਦਾ ਹੈ।

ਕੁਰਕੀ ਦਾ ਕਾਰਵਾਈ ਟਾਲਣ ਲਈ ਕੰਪਨੀ ਦੇ ਬ੍ਰਾਂਚ ਮੈਨੇਜਰ ਨਾਲ ਬੈਂਕ ਦੇ ਅਫ਼ਸਰਾਂ ਨਾਲ ਕਾਫੀ ਦੇਰ ਚੱਲੀ। ਅਖ਼ੀਰ, ਲਗਭਗ 2 ਘੰਟੇ ਤਰਲੇ ਮਿੰਨਤਾਂ ਕਰਕੇ ਵੱਡੇ ਅਫਸਰਾਂ ਨੇ ਕੰਧਾਰੀ ਗਰੁੱਪ ਦੇ ਐਮ.ਡੀ.ਸ੍ਰ. ਹਰਮੀਤ ਸਿੰਘ ਕੰਧਾਰੀ ਤੋਂ ਇੱਕ ਹਫ਼ਤੇ ਦਾ ਸਮਾਂ ਮੰਗ ਹੀ ਲਿਆ।

ਬੈਂਕ ਦੇ ਉੱਚ ਅਧਿਕਾਰੀ ਨੇ ਲਿਖਤੀ ਰੂਪ ਵਿੱਚ ਮੰਨਿਆ ਕਿ 17 ਅਕਤੂਬਰ ਤੱਕ ਉਹ ਸ੍ਰ. ਹਰਮੀਤ ਸਿੰਘ ਕੰਧਾਰੀ ਨੂੰ 27 ਲੱਖ ਰੁਪਏ ਤੋਂ ਵੱਧ ਦੀ ਬਣਦੀ ਰਕਮ ਵਿਆਜ਼ ਸਮੇਤ ਦੇ ਦੇਣਗੇ।

ਜ਼ਿਕਰਯੋਗ ਹੈ ਕਿ ਪਟਿਆਲਾ ਸਮਾਜ ਸੇਵੀ ਪਰਿਵਾਰ ਦੀ ਕੰਪਨੀ ਮੈਸਰਜ਼ ਜਾਨਕੀ ਦੇਵੀ ਕੰਧਾਰੀ ਅਸਟੇਟ ਪ੍ਰਾਈਵੇਟ ਲਿਮਟਿਡ, ਹਾਊਸ ਨੰਬਰ 1, ਭੂਪਿੰਦਰਾ ਰੋਡ, ਸਟੇਡੀਅਮ ਪਟਿਆਲਾ ਦੇ ਨੇੜੇ, ਇਸਦੇ ਐਮ.ਡੀ. ਹਰਮੀਤ ਸਿੰਘ ਕੰਧਾਰੀ ਪੁੱਤਰ ਸਵਰਗੀ ਜੋਗਿੰਦਰ ਸਿੰਘ ਵਾਸੀ ਫਲੈਟ ਨੰਬਰ ਜੀ 201, ਐਂਬੀਅਨਸ, ਐਨਐਚ-8 ਆਈਲੈਂਡ, ਐਂਬੀਅਨਸ ਮਾਲ ਦੇ ਨੇੜੇ, ਗੁੜਗਾਉਂ, ਹਰਿਆਣਾ, ਨੇ ਪਟਿਆਲਾ ਦੀ ਅਦਾਲਤ ਵਿੱਚ ਉਪਰੋਕਤ ਵਿਅਕਤੀਆਂ / ਕੰਪਨੀਆਂ ਆਦਿ ਵਿਰੁੱਧ ਮੁਕੱਦਮਾ ਕੀਤਾ ਸੀ ਅਤੇ ਮਾਣਯੋਗ ਸ਼੍ਰੀਮਤੀ ਸੁਚੇਤਾ ਆਸ਼ੀਸ਼ ਦੇਵ, ਐਡੀਸ਼ਨਲ ਸੈਸ਼ਨ ਪਟਿਆਲਾ ਨੇ 04-12-2024 ਦੇ ਹੁਕਮਾਂ ਮੁਤਾਬਕ ਸ਼ਿਕਾਇਤਕਰਤਾ ਡਿਕਰੀ ਹੋਲਡਰ ਕੰਧਾਰੀ ਕੰਪਨੀ ਨੂੰ 2713110 ਰੁਪਏ ਵਿਆਜ ਸਮੇਤ ਅਦਾ ਕੀਤੇ ਜਾਣੇ ਸੀ ਪ੍ਰੰਤੂ ਸਟੇਟ ਬੈਂਕ ਆਫ਼ ਇੰਡੀਆ ਵੱਲੋਂ ਡਿਕਰੀ ਹੋਲਡਰ ਕੰਧਾਰੀਆਂ ਨੂੰ ਰਕਮ ਨਹੀਂ ਦਿੱਤੀ ਹੈ। ਹੁਣ, ਇਸ ਉਕਤ ਜਾਇਦਾਦ ਨੂੰ ਅਟੈਚ ਕਰਨ ਦੇ ਹੁਕਮ ਦਿੱਤੇ ਗਏ ਸਨ। ਜ਼ਿਕਰਯੋਗ ਹੈ ਕਿ ਜ਼ਬਤ ਕੀਤੇ ਜਾਣ ਵਾਲੀਆਂ ਜਾਇਦਾਦਾਂ ਦੀ ਸੂਚੀ ਵਿੱਚ ਐਸਬੀਆਈ ਲਾਈਫ ਇੰਸ਼ੋਰੈਂਸ ਕੰਪਨੀ ਦੇ ਪਹਿਲੀ ਮੰਜ਼ਿਲ ਉਤੇ ਸਥਿਤ ਬੈਂਕ ਬਿਲਡਿੰਗ, ਫਰਨੀਚਰ ਅਤੇ ਏਸੀ ਵੀ ਸ਼ਾਮਲ ਹਨ।

ਦੱਸ ਦੇਈਏ ਕਿ ਇਹ ਹੁਕਮ, 1) ਐਸਬੀਆਈ ਲਾਈਫ ਇੰਸ਼ੋਰੈਂਸ ਕੰਪਨੀ ਲਿਮਟਿਡ ਇਸਦੇ ਬ੍ਰਾਂਚ ਮੈਨੇਜਰ ਰਾਹੀਂ, ਬ੍ਰਾਂਚ ਆਫਿਸ, ਪਟਿਆਲਾ ਹੁਣ ਐਸਸੀਓ 6, ਪਹਿਲੀ ਮੰਜ਼ਿਲ, ਛੋਟੀ ਬਾਰਾਂਦਰੀ, ਪਟਿਆਲਾ ਅਤੇ 2) ਐਸਬੀਆਈ ਲਾਈਫ ਇੰਸ਼ੋਰੈਂਸ ਕੰਪਨੀ ਲਿਮਟਿਡ ਆਪਣੇ ਖੇਤਰੀ ਨਿਰਦੇਸ਼ਕ (ਉੱਤਰੀ-1) ਐਸਸੀਓ 109-110, ਤੀਜੀ ਮੰਜ਼ਿਲ, ਸੈਕਟਰ 17ਬੀ, ਚੰਡੀਗੜ੍ਹ ਅਤੇ ਇਸਦੇ ਨਾਲ ਹੀ, 3) ਸ਼੍ਰੀ ਆਸ਼ੂਤੋਸ਼ ਸ਼ਰਮਾ, ਖੇਤਰੀ ਨਿਰਦੇਸ਼ਕ (ਉੱਤਰੀ 1) ਐਸਬੀਆਈ ਲਾਈਫ ਇੰਸ਼ੋਰੈਂਸ ਕੰਪਨੀ ਲਿਮਟਿਡ, ਐਸਸੀਓ 109-110, ਸੈਕਟਰ 17ਬੀ. ਚੰਡੀਗੜ੍ਹ ਵਿਰੁੱਧ ਚੱਲੇ ਮੁੱਕਦਮੇ ਵਿੱਚ ਕੀਤੇ ਗਏ ਹਨ। ਜ਼ਿਕਰਯੋਗ ਹੈ ਕਿ ਪਟਿਆਲਾ ਸਮਾਜ ਸੇਵੀ ਪਰਿਵਾਰ ਦੀ ਕੰਪਨੀ ਮੈਸਰਜ਼ ਜਾਨਕੀ ਦੇਵੀ ਕੰਧਾਰੀ ਅਸਟੇਟ ਪ੍ਰਾਈਵੇਟ ਲਿਮਟਿਡ, ਹਾਊਸ ਨੰਬਰ 1, ਭੂਪਿੰਦਰਾ ਰੋਡ, ਸਟੇਡੀਅਮ ਪਟਿਆਲਾ ਦੇ ਨੇੜੇ, ਇਸਦੇ ਪਟਿਆਲਾ ਦੇ ਹੈੱਡ ਪੋਸਟ ਆਫ਼ਿਸ ਦੇ ਨੇੜੇ ਸਥਿਤ ਕੰਧਾਰੀ ਪੁੱਤਰ ਸਵਰਗੀ ਜੋਗਿੰਦਰ ਸਿੰਘ ਵਾਸੀ ਫਲੈਟ ਨੰਬਰ ਜੀ 201, ਐਂਬੀਅਨਸ, ਐਨਐਚ-8 ਆਈਲੈਂਡ, ਐਂਬੀਅਨਸ ਮਾਲ ਦੇ ਨੇੜੇ, ਗੁੜਗਾਉਂ, ਹਰਿਆਣਾ, ਨੇ ਪਟਿਆਲਾ ਦੀ ਅਦਾਲਤ ਵਿੱਚ ਉਪਰੋਕਤ ਵਿਅਕਤੀਆਂ / ਕੰਪਨੀਆਂ ਆਦਿ ਵਿਰੁੱਧ ਮੁਕੱਦਮਾ ਕੀਤਾ ਸੀ ਅਤੇ ਮਾਣਯੋਗ ਸ਼੍ਰੀਮਤੀ ਸੁਚੇਤਾ ਆਸ਼ੀਸ਼ ਦੇਵ, ਐਡੀਸ਼ਨਲ ਸੈਸ਼ਨ ਪਟਿਆਲਾ ਨੇ 04-12-2024 ਦੇ ਹੁਕਮਾਂ ਮੁਤਾਬਕ ਸ਼ਿਕਾਇਤਕਰਤਾ ਡਿਕਰੀ ਹੋਲਡਰ ਕੰਧਾਰੀ ਕੰਪਨੀ ਨੂੰ 2713110 ਰੁਪਏ ਵਿਆਜ ਸਮੇਤ ਅਦਾ ਕੀਤੇ ਜਾਣੇ ਸੀ ਪ੍ਰੰਤੂ ਸਟੇਟ ਬੈਂਕ ਆਫ਼ ਇੰਡੀਆ ਵੱਲੋਂ ਡਿਕਰੀ ਹੋਲਡਰ ਕੰਧਾਰੀਆਂ ਨੂੰ ਰਕਮ ਨਹੀਂ ਦਿੱਤੀ ਹੈ। ਹੁਣ, ਇਸ ਉਕਤ ਜਾਇਦਾਦ ਨੂੰ ਅਟੈਚ ਕਰਨ ਦੇ ਹੁਕਮ ਦਿੱਤੇ ਗਏ ਹਨ। ਜ਼ਿਕਰਯੋਗ ਹੈ ਕਿ ਜ਼ਬਤ ਕੀਤੇ ਜਾਣ ਵਾਲੀਆਂ ਜਾਇਦਾਦਾਂ ਦੀ ਸੂਚੀ ਵਿੱਚ ਐਸਬੀਆਈ ਲਾਈਫ ਇੰਸ਼ੋਰੈਂਸ ਕੰਪਨੀ ਦੇ ਪਹਿਲੀ ਮੰਜ਼ਿਲ ਉਤੇ ਸਥਿਤ ਬੈਂਕ ਬਿਲਡਿੰਗ, ਫਰਨੀਚਰ ਅਤੇ ਏਸੀ ਵੀ ਸ਼ਾਮਲ ਹਨ। ਹੁਣ ਦੇਖਣਾ ਹੈ ਕਿ ਸਟੇਟ ਬੈਂਕ ਆਫ਼ ਇੰਡੀਆ ਲਾਈਫ ਕੇਅਰ ਕੰਪਨੀ ਵਲੋਂ ਇੱਕ ਹਫ਼ਤੇ ਦੇ ਅੰਦਰ ਪ੍ਰਸਿੱਧ ਕਾਰੋਬਾਰੀ ਗਰੁੱਪ ਦੇ ਲੱਖਾਂ ਰੁਪਏ ਦਿੰਦੇ ਹਨ ਜਾਂ ਕੁਝ ਹੋਰ ਹੁੰਦਾ ਹੈ।

# ਪਟਾਖਿਆਂ ਦੀ ਵਿਕਰੀ ਲਈ ਅਸਥਾਈ ਲਾਇਸੰਸ ਜਾਰੀ ਕੀਤੇ ਜਾਣਗੇ

**ਤਰਨ ਤਾਰਨ, 13 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦੀਵਾਲੀ/ਗੁਰਪੂਰਬ ਦੇ ਤਿਉਹਾਰ ਦੇ ਮੌਕੇ ਜ਼ਿਲ੍ਹਾ ਤਰਨ ਤਾਰਨ ਵਿੱਚ ਪਟਾਖਿਆਂ (ਗਰੀਨ ਕਰੈਕਰਸ) ਦੀ ਵਿਕਰੀ ਲਈ ਅਸਥਾਈ ਲਾਇਸੰਸ ਜਾਰੀ ਕੀਤੇ ਜਾਣਗੇ। ਡਿਪਟੀ ਕਮਿਸ਼ਨਰ ਸ੍ਰੀ ਰਾਹੁਲ, ਆਈ.ਏ.ਐਸ. ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਆਮ ਪਬਲਿਕ ਪਟਾਖਿਆਂ (ਗਰੀਨ ਕਰੈਕਰਸ) ਦੀ ਵਿਕਰੀ ਲਈ ਅਸਥਾਈ ਲਾਇਸੰਸ ਲੈਣ ਲਈ ਮਿਤੀ 13 ਅਕਤੂਬਰ 2025 ਤੋਂ 15 ਅਕਤੂਬਰ 2025 ਤੱਕ ਸੇਵਾ ਕੇਂਦਰ ਤੋਂ ਅਪਲਾਈ ਕਰ ਸਕਦੇ ਹਨ ਅਤੇ ਇਸ ਉਪਰੰਤ ਮਿਤੀ 16 ਅਕਤੂਬਰ 2025 ਨੂੰ ਡਰਾਅ ਕੱਢਿਆ ਜਾਵੇਗਾ।

ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਮੈਰਿਜ ਪੈਲੇਸਾਂ ਵਿਚ ਵਿਆਹ ਅਤੇ ਹੋਰ ਸਮਾਗਮਾਂ ਦੇ ਮੌਕੇ ਪਟਾਖੇ (ਗਰੀਨ ਕਰੈਕਰਸ) ਚਲਾਉਣ ਲਈ ਡਿਪਟੀ ਕਮਿਸ਼ਨਰ ਦਫ਼ਤਰ ਪਾਸੋਂ ਲਾਇਸੰਸ ਲੈਣਾ ਹੋਵੇਗਾ। ਜਿਸ ਦੀ ਪੂਰਨ ਤੌਰ ▼ਤੇ ਜ਼ਿੰਮੇਵਾਰੀ ਮੈਰਿਜ ਪੈਲੇਸ ਦੇ ਮਾਲਿਕ ਦੀ ਹੋਵੇਗੀ।

# ਧਰਮ ਤੇ ਵਿਰਸਾ

# ਗੁਰਬਾਣੀ ਵਿਚ ਸਾਵਣ ਦੀ ਮਹਿਮਾ



ਪ੍ਰੋ. ਜਸਵੰਤ ਸਿੰਘ ਗੰਡਮ
98766-55055

ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨਕੋਸ਼ ਅਨੁਸਾਰ ਸੰਸਕ੍ਰਿਤ ਦੇ ਸ਼੍ਰਾਵਣ, ਸੰਗਿਆ-ਸ਼੍ਰਵਣ, ਨਛਤ੍ਰ ਹੋਵੇ ਜਿਸ ਦੀ ਪੂਰਨਮਾਸ਼ੀ ਵਿਚ, ਐਸਾ ਮਹੀਨਾ ਸਾਉਣ (ਹੈ)। ਗੁਰਬਾਣੀ ਵਿਚ ਸਾਵਣ ਮਹੀਨੇ ਦਾ ਬੜਾ ਵਰਨਣ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੋ ਬਾਰਹ ਮਾਹਾ ਅੰਕਿਤ ਹਨ। ਇਕ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਰਾਗ ਮਾਂਝ ਵਿਚ ਅਤੇ ਦੂਜਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਰਾਗ ਤੁਖਾਰੀ ਵਿਚ ਹੈ : -ਸਾਵਣ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰ (ਬਾਰਹ ਮਾਹਾ ਮਾਂਝ ਮਹਲਾ 5)। -ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ (ਤੁਖਾਰੀ ਛੰਤ ਮਹਲਾ 1 ਬਾਰਹਮਾਹਾ)। ਬਾਣੀ ਵਿਚ ਹੋਰ ਅਨੇਕਾਂ ਪ੍ਰਮਾਣ ਹਨ। ਭਾਈ ਗੁਰਦਾਸ ਜੀ ਨੇ ਵੀ ਆਪਣੀਆਂ ਵਾਰਾਂ ਵਿਚ ਸਾਵਣ ਮਹੀਨੇ ਦਾ ਜ਼ਿਕਰ ਕੀਤਾ ਹੈ। ਵੰਨਗੀ ਮਾਤਰ ਕੁਝ ਟੂਕਾਂ ਹਾਜ਼ਰ ਹਨ : -ਸਾਵਣ ਵਣ ਹਰੀਆਵਲੇ ਵੁਠੇ ਸੁਕੈ ਅਕੁ ਜਵਾਹਾ। -ਸਾਵਣ ਲਹਿਰ ਤਰੰਗ ਨੀਰੁ ਨੀਵਾਨਿਆ। - ਸਾਵਣ ਵਣ ਹਰੀਆਵਲੇ ਅਕੁ ਜੰਮੇ ਅਉੜੀ। ਸਾਵਣ ਦਾ ਮਹੱਤਵ ਸਭਿਆਚਾਰ, ਸਾਹਿਤ ਅਤੇ ਸਮਾਜਿਕ ਪਰਿਪੇਖ ਵਿਚ ਵੀ ਬਹੁਤ ਹੈ ਪਰ ਗੁਰਬਾਣੀ ਵਿਚ ਮਾਘ ਮਹੀਨੇ ਵਾਲੀ ਬਸੰਤ ਰੁੱਤ ਅਤੇ ਸਾਵਣ ਮਹੀਨੇ ਸਬੰਧੀ ਬਹੁਤ ਜ਼ਿਕਰ ਹੈ। ਹੋਰ ਧਰਮ ਵੀ ਇਨ੍ਹਾਂ ਮਹੀਨਿਆਂ ਵਿਚ ਆਪੋ ਆਪਣੇ ਰੀਤੀ ਰਿਵਾਜਾਂ ਅਨੁਸਾਰ ਤਿਉਹਾਰ ਮਨਾਉਂਦੇ ਹਨ ਪਰ ਸਿੱਖ ਧਰਮ ਵਿਚ ਇਸ ਸਮੇਂ ਦਾ ਵੱਖਰਾ ਹੀ ਮਹੱਤਵ ਹੈ। ਇਨ੍ਹਾਂ ਦੋਵਾਂ ਰੁੱਤਾਂ/ ਮਹੀਨਿਆਂ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੋਂ ਹੋਣ ਵਾਲੇ ਰਸਭਿੰਨੇ ਕੀਰਤਨ ਦੌਰਾਨ ਹਰ ਰੋਜ਼ ਬਸੰਤ, ਸਾਵਣ, ਮੀਂਹ, ਬੱਦਲ, ਝੜੀ ਆਦਿ ਨਾਲ ਸਬੰਧਿਤ ਸ਼ਬਦ ਵਾਰ-ਵਾਰ ਗਾਏ ਜਾਂਦੇ ਹਨ। ਬਸੰਤ ਰੁੱਤ ਵੇਲੇ 'ਬਸੰਤੁ ਕੀ ਵਾਰ (ਮਹਲਾ ਪੰਜਵਾਂ ਤੋਂ ਇਲਾਵਾ 'ਨਾਨਕ ਤਿਨਾ ਬਸੰਤੁ ਹੈ ਜਿਨ ਘਰਿ ਵਸਿਆ ਕੰਤੁ', 'ਸਬਦੇ ਸਦਾ ਬਸੰਤੁ ਹੈ','ਬਸੰਤੁ ਚੜਿਆਂ ਫੂਲ਼ੀ ਬਨਰਾਇ','ਬਨਸਪਤਿ ਮਉਲੀ ਚੜਿਆ ਬਸੰਤੁ" ਆਦਿ ਸ਼ਬਦਾਂ ਦਾ ਗਾਇਨ ਅਕਸਰ ਸੁਣਨ ਨੂੰ ਮਿਲਦਾ ਹੈ। ਅੱਜ ਕਲ੍ਹ ਸਾਵਣ ਮਹੀਨੇ ਦੌਰਾਨ ਹੇਠ ਲਿਖੇ ਸ਼ਬਦਾਂ 'ਚੋਂ ਕਿਸੇ ਨਾ ਕਿਸੇ ਦਾ ਗਾਇਣ ਹਰ ਰੋਜ਼ ਸੁਣਨ ਨੂੰ ਮਿਲਦਾ ਹੈ: -ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ -ਸਾਵਣੁ ਆਇਆ ਝਿਮਝਿਮਾ ਹਰਿ ਗੁਰਮੁਖਿ ਨਾਮੁ ਧਿਆਇ -ਸਾਵਣੁ ਆਇਆ ਹੇ ਸਖੀ ਕੰਤੈ ਚਿਤਿ ਕਰੇਹੁ -ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰਿ - ਸਾਵਣੁ ਆਇਆ ਹੇ ਸਖੀ ਜਲਹਰੁ ਬਰਸਨਹਾਰੁ -ਬਰਸੁ ਮੇਘ ਜੀ ਤਿਲ ਬਿਲਮੁ ਨਾ ਲਾਉ -ਬਰਸੈ ਅੰਮ੍ਰਿਤ ਧਾਰ ਬੂੰਦ ਸੁਹਾਵਣੀ -ਬਰਸੈ ਮੇਘੁ ਸਖੀ ਘਰਿ ਪਾਹੁਨ ਆਏ -ਬਰਸੁ ਸਰਸੁ ਆਗਿਆ -ਸਾਵਣਿ ਸਰਸੀ ਕਾਮਣੀ -ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ -ਬਾਬੀਹਾ ਜਿਸ ਨੋ ਤੂ ਪੁਕਾਰਦਾ ਤਿਸ ਨੋ ਲੋਚੈ ਸਭੁ ਕੋਇ -ਬਾਬੀਹਾ ਬੇਨਤੀ ਕਰੇ ਕਰਿ ਕਿਰਪਾ ਦੇਹੁ ਜੀਅ ਦਾਨ ਹੋਰਨਾਂ ਗੁਰਦਵਾਰਿਆਂ, ਖ਼ਾਸ ਕਰ ਕੇ ਇਤਿਹਾਸਕ ਗੁਰਦਵਾਰਿਆਂ ਵਿਚ ਵੀ ਅਜਿਹੇ ਸ਼ਬਦਾਂ ਦਾ ਗਾਇਨ ਕੀਤਾ ਜਾਂਦੈ। ਇਨ੍ਹਾਂ ਸਾਰੇ ਅਤੇ ਗੁਰਬਾਣੀ ਦੇ ਇਨ੍ਹਾਂ ਵਰਗੇ ਹੋਰ ਅਨੇਕਾਂ ਸ਼ਬਦਾਂ ਵਿਚ ਸਾਵਣ ਮਹੀਨੇ ਵਿਚ ਹੋਣ ਵਾਲੀ ਰੱਜਵੀਂ ਬਰਸਾਤ, ਝੜੀ, ਜਲਥਲ, ਹਰਿਆਵਲ, ਮੋਰਾਂ ਅਤੇ ਪਪੀਹਿਆਂ ਦੇ ਪ੍ਰਸੰਨ ਹੋਣ, ਪ੍ਰੇਮਿਕਾ ਤੇ ਪ੍ਰੇਮੀ ਦੇ ਮਿਲਾਪ ਦੀ ਤੜਪ, ਜੀਵ- ਇਸਤਰੀ ਦੇ ਪ੍ਰਮਾਤਮਾ ਨਾਲ ਮੇਲ ਦੀ ਤਾਂਘ, ਸਖੀਆਂ-ਭੈਣਾਂ ਦਾ ਆਪਸੀ ਸੰਵਾਦ, ਪ੍ਰਾਣੀਆਂ, ਜੀਵ-ਜੰਤੂਆਂ,ਪੰਖੇਰੂਆਂ, ਪੌਦਿਆਂ, ਵਣਤ੍ਰਿਣ, ਕੁਲ ਬਨਸਪਤੀ ਅਤੇ ਕਾਇਨਾਤ ਦੇ ਮੌਲਣ, ਵਿਗਸਣ, ਖਿੜਨ, ਪ੍ਰਸੰਨ ਹੋਣ ਅਤੇ ਅਨੰਦਮਈ ਆਲਮ ਦਾ ਸੁਖਾਵਾਂ ਚਿੱਤਰ ਖਿੱਚਿਆ ਗਿਆ ਹੈ। ਪਰ ਦੁੱਖ ਦੀ ਗਲ ਹੈ ਇਹ ਹੈ ਕਿ ਅਸੀਂ ਸਾਵਣ ਮਹੀਨੇ ਦੇ ਇਸ ਕਾਲਜੇ ਵਿਚ ਠੰਢ ਪਾਉਣ ਵਾਲੇ ਆਲਮ ਨੂੰ ਅੱਜ ਕਲ੍ਹ ਖਰਾਬ ਹੀ ਨਹੀਂ ਕੀਤਾ ਸਗੋਂ ਰੱਜ ਕੇ ਖੱਜਲ-ਖੁਆਰ ਵੀ ਕਰ ਦਿਤਾ ਹੈ। ਚਾਰ- ਪੰਜ ਦਹਾਕੇ ਪਹਿਲਾਂ ਅਸੀਂ ਸੌਣ ਦੀ ਝੜੀ ਦੌਰਾਨ ਪੰਜਾਬ ਦੇ ਕਈ ਭਾਗਾਂ ਵਿਚ ਖੇਤਾਂ ਅਤੇ ਖੂਹਾਂ ਦਾ ਪਾਣੀ ਇਕ ਦੂਜੇ ਦੇ ਬਰੋ- ਬਰਾਬਰ ਹੋਇਆ ਆਪ ਦੇਖਿਆ ਹੈ। ਖੂਹ ਦੀ ਮੌਣ ਕੋਲ ਬਹਿ ਕੇ ਉਪਰੋਂ ਹੀ ਬੁੱਕ ਭਰ ਭਰ ਪੀਤਾ ਵੀ ਹੈ। ਅੱਜ ਕਲ੍ਹ ਇਹ ਨੌਬਤ ਆ ਗਈ ਹੈ ਕਿ ਮੋਟਰ ਲਾਉਣ ਲਈ 300-400 ਫੁੱਟ ਡੂੰਘਾ ਬੋਰ ਕਰ ਕੇ ਸਬਮਰਸੀਬਲ ਪੰਪ ਰਾਹੀਂ ਪਾਣੀ ਖਿੱਚਣਾ ਪੈਂਦੈ ਟਿਊਬਲ ਚਲਾਉਣ ਲਈ। ਨਲਕਿਆਂ ਦਾ ਪਾਣੀ ਤਾਂ ਭਲਾ ਸੁੱਕੇ ਨੂੰ ਦਹਾਕੇ ਹੋ ਗਏ ਹਨ। ਮਨੁੱਖ ਦੇ ਕੁਦਰਤ ਪ੍ਰਤੀ ਬਦਲੇ ਰਵੱਈਏ ਕਾਰਨ ਕੁਦਰਤ ਨੇ ਵੀ ਮਨੁੱਖ ਪ੍ਰਤੀ ਆਪਣਾ ਰਵੱਈਆ ਬਦਲ ਲਿਆ ਹੈ। ਜਿਨ੍ਹਾਂ ਪ੍ਰਾਂਤਾਂ ਵਿਚ ਪਿਛਲੇ 50-50 ਸਾਲਾਂ ਤੋਂ ਕਦੀ ਹੜ੍ਹ ਨਹੀਂ ਸਨ ਆਏ ਤੇ ਲੋਕ ਪਾਣੀ ਨੂੰ ਤਰਸਦੇ ਸਨ ਉਥੇ ਹੜ੍ਹ ਆਏ ਹੋਏ ਹਨ। ਜਿਸ ਪ੍ਰਾਂਤ ਦਾ ਨਾਂ ਹੀ ਪਾਣੀਆਂ ਉੱਪਰ ਹੈ ਅਤੇ ਜਿਥੇ ਕਦੀ ਮੂਸਲਾਧਾਰ ਬਾਰਿਸ਼ ਹੁੰਦੀ ਸੀ, ਉੱਥੇ ਧਰਤੀ ਹੇਠਲੇ ਪਾਣੀ ਦਾ ਪੱਧਰ ਖ਼ਤਰਨਾਕ ਹੱਦ ਤੀਕ ਹੇਠਾਂ ਚਲਾ ਗਿਆ ਹੈ ਅਤੇ ਹੋਰ ਜਾ ਰਿਹਾ ਹੈ। ਸਾਵਣ ਦੀ ਝੜੀ ਭਲਾ ਗਈ ਕਿਥੇ? ਇਹ ਅੱਤ-ਆਧੁਨੀਕਰਨ, ਵਿਨਾਸ਼ਕਾਰੀ ਵਿਕਾਸ, ਅੰਨ੍ਹੇ ਪਦਾਰਥਵਾਦ, ਦਰੱਖ਼ਤਾਂ ਦੀ ਅੰਧਾ-ਧੁੰਦ ਕਟਾਈ, ਕੁਦਰਤ ਨਾਲ ਨਿਰਦਈ ਛੇੜਛਾੜ, ਉਦਯੋਗੀਕਰਨ, ਗੱਡੀਆਂ 'ਚੋਂ ਨਿਕਲਦੀ ਅੱਗ ਅਤੇ ਧੂੰਏਂ, ਧਰਤੀ ਦੀ ਤਪਸ਼, ਪਰਦੂਸ਼ਣ, ਵਾਤਾਵਰਨ ਦੇ ਅਸਾਵੇਂਪਨ ਦੀ ਬਲੀ ਚੜ੍ਹ ਗਈ ਹੈ। ਗਰਮੀਆਂ 'ਚ ਸ਼ਹਿਰਾਂ ਵਿਚ ਪੀਣ ਵਾਲੇ ਪਾਣੀ ਦਾ ਸੰਕਟ ਪੈਦਾ ਹੋ ਜਾਂਦੈ। ਫਿਜ਼ਾ 'ਚ ਸੇਕ, ਗੁਬਾਰ, ਗਰਦ, ਕਾਲਖ, ਮਿੱਟੀ-ਘੱਟਾ, ਧੂੜ-ਹਨੇਰੀ, ਸਾਹ-ਘੁਟਵੇਂ ਧੂੰਏਂ ਦੀ ਧੁੰਦ ਆਮ ਗੱਲ ਹੋ ਗਈ ਹੈ। ਸਾਡੀਆਂ ਲਾਪਰਵਾਹੀਆਂ ਨੇ ਮੌਸਮਾਂ ਦੇ ਸੁਭਾਉ ਬਦਲ ਦਿੱਤੇ ਹਨ ਸਾਡੀ ਮੁਜਰਮਾਨਾ ਛੇੜ-ਛਾੜ ਨੇ ਮੌਸਮਾਂ ਦਾ ਮਿਜ਼ਾਜ਼ ਇਸ ਕਦਰ ਬਦਲ ਦਿਤਾ ਹੈ ਕਿ ਮੌਸਮ ਇਕ-ਡੇਢ ਮਹੀਨਾ ਅੱਗੋਂ-ਪਿੱਛੋਂ ਆਉਣ ਲੱਗ ਪਏ ਹਨ, ਭਾਵੇਂ ਮਹੀਨਿਆਂ ਦੇ ਨਾਂ ਤਾਂ ਉਹੀ ਹਨ ਅਤੇ ਉਹੀ ਰਹਿਣੇ ਹਨ। ਲਾਲਚੀ ਬੰਦੇ ਨੇ ਮੌਸਮਾਂ ਦੀ ਮੱਤ ਮਾਰ ਦਿਤੀ ਹੈ, ਰੁੱਤਾਂ ਦੀ ਰੱਤ ਨਿਚੋੜ ਛੱਡੀ ਹੈ, ਪੌਣਾਂ ਦੀ ਪੱਤ ਲੁੱਟ ਲਈ ਹੈ, ਪਾਣੀਆਂ ਨੂੰ ਪਤਿਤ ਕਰ ਮਾਰਿਆ ਹੈ,ਧਰਤੀ ਮਾਂ ਦੀ ਮਿੱਟੀ ਪਲੀਤ ਕਰ ਦਿਤੀ ਹੈ!

ਦੁਨੀਆ ਭਰ ਵਿਚ ਗਲੋਬਲ ਵਾਰਮਿੰਗ, ਗਰੀਨ-ਹਾਊਸ ਗੈਸਾਂ, ਕਾਰਬਨ ਡਾਈਆ ਕਸਾਈਡ ਦੀ ਬਹੁਤਾਤ, ਜੰਗਲਾਂ ਦੀ ਕਟਾਈ ਕਾਰਨ ਤਪਸ਼ ਵਿਚ ਬੇਇੰਤਹਾ ਵਾਧਾ ਹੋਇਆ ਹੈ। ਸੁਹਾਵੀ ਧਰਤ, ਜਲ ਤੇ ਸਾਵਣ ਨੂੰ ਸੰਭਾਲੋ। ਕਿਧਰੇ ਇਹ ਐਨਾ ਨਾ ਸੁੱਕ ਜਾਣ ਕਿ ਸਿਰਫ਼ ਸਾਵਣ ਦੇ ਅੰਧੇ ਨੂੰ ਹੀ ਹਰਾ ਦਿਸੇ! ਪਪੀਹਾ ਤਾਂ ਸਵਾਂਤੀ ਬੂੰਦ ਨੂੰ ਤਰਸਦਾ ਪੀਹੂ ਪੀਹੂ ਦੀ ਪੁਕਾਰ ਨਾਲ ਹਲਕਾਨ ਹੋ ਜਾਂਦੈ, ਕਿਧਰੇ ਅਸੀਂ ਸਧਾਰਨ ਬੂੰਦ ਨੂੰ ਵੀ ਨਾ ਤਰਸ ਜਾਈਏ।•

---

ਜੋੜ ਮੇਲੇ 'ਤੇ ਵਿਸ਼ੇਸ਼

## ਇਤਿਹਾਸਕ ਗੁਰਦੁਆਰਾ ਸ੍ਰੀ ਝਾੜ ਸਾਹਿਬ ਪਾਤਸ਼ਾਹੀ ਦਸਵੀ



ਤਸਵਿੰਦਰ ਸਿੰਘ ਵੜੈਚ

ਗੁਰਦੁਆਰਾ ਸ੍ਰੀ ਝਾੜ ਸਾਹਿਬ ਸਮਰਾਲਾ-ਬਹਿਲੋਲਪੁਰ ਸੜਕ 'ਤੇ ਸਮਰਾਲਾ ਤੋਂ 10 ਕੁ ਕਿਲੋਮੀਟਰ ਅਤੇ ਸਰਹੰਦ ਨਹਿਰ ਦੇ ਕਿਨਾਰੇ-ਕਿਨਾਰੇ ਜਾਂਦੀ ਰੋਪੜ-ਦੋਰਾਹਾ ਸੜਕ ਤੋਂ ਕੁੱਝ ਕੁ ਮੀਟਰ ਦੀ ਦੂਰੀ 'ਤੇ ਸਥਿਤ ਹੈ। ਇਸ ਨੂੰ ਖ਼ਾਲਸਾ ਪੰਥ ਦੇ ਸਿਰਜਕ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਦੀ ਛੋਹ ਪ੍ਰਾਪਤ ਹੈ। 1704 ਵਿਚ ਜ਼ੁਲਮੀ ਕਹਿਰ ਵਿਰੁੱਧ ਲੜਦੇ ਹੋਏ ਉਨ੍ਹਾਂ ਚਮਕੌਰ ਦੀ ਗੜ੍ਹੀ ਵਿਚੋਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਉਪਰੰਤ ਪੰਜ ਪਿਆਰਿਆਂ ਦਾ ਹੁਕਮ ਮੰਨਦੇ ਹੋਏ ਪੋਹ ਮਹੀਨੇ ਦੀ ਠੰਢੀ-ਠਾਰ ਰਾਤ ਵਿਚ ਚੱਲ ਕੇ ਪਿੰਡ ਚੂਹੜਪੁਰ ਵਿਖੇ ਇਕ ਝਾੜ ਹੇਠਾਂ ਆਰਾਮ ਕੀਤਾ। ਇਥੇ ਹੀ ਗੁਰੂ ਸਾਹਿਬ ਨੇ ਆਪਣੇ ਇਕ ਅਨਿਨ ਸਾਧੂ ਨੂੰ ਦਰਸ਼ਨ ਦੇ ਕੇ ਉਸਦੇ ਮਨ ਦੀਆਂ ਮੁਰਾਦਾਂ ਪੂਰੀਆਂ ਕੀਤੀਆਂ ਅਤੇ ਉਸਦਾ ਜੀਵਨ ਸਫ਼ਲ ਕੀਤਾ। ਇਸ ਅਸਥਾਨ 'ਤੇ ਦਸਮੇਸ਼ ਪਿਤਾ ਜੀ ਦੀ ਯਾਦ ਵਿਚ ਗੁਰਦੁਆਰਾ ਸ੍ਰੀ ਝਾੜ ਸਾਹਿਬ ਦੀ ਆਲੀਸ਼ਾਨ ਇਮਾਰਤ ਸੁਸ਼ੋਭਿਤ ਹੈ। ਇਸ ਗੁਰੂ-ਘਰ ਦੀ ਸ਼ਾਨਦਾਰ ਸਫ਼ੈਦ ਇਮਾਰਤ ਹੈ, ਜੋ ਬੁਲੰਦ ਨਿਸ਼ਾਨ ਸਾਹਿਬ ਕਾਰਨ ਦੂਰ ਤੋਂ ਹੀ ਨਜ਼ਰ ਆਉਂਦੀ ਹੈ। ਇਥੇ ਹਰ ਮਹੀਨੇ ਸੰਗਰਾਂਦ ਦੇ ਦਿਹਾੜੇ 'ਤੇ ਭਾਰੀ ਜੋੜ ਮੇਲਾ ਲੱਗਦਾ ਹੈ। ਉਂਜ ਵੀ ਹਰ ਸਮੇਂ ਨਤਮਸਤਕ ਹੋਣ ਵਾਲੀਆਂ ਸੰਗਤਾਂ ਦਾ ਤਾਂਤਾ ਲੱਗਿਆ ਰਹਿੰਦਾ ਹੈ। ਇਸ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਅਧੀਨ ਹੈ। ਇਸ ਗੁਰਦੁਆਰਾ ਸਾਹਿਬ ਦੀ ਸੇਵਾ ਕਰਨ ਵਾਲੇ ਬਾਬਾ ਪਿਆਰਾ ਸਿੰਘ ਦੀ ਯਾਦ ਨੂੰ ਸਮਰਪਿਤ ਇਥੇ ਹਰ ਸਾਲ ਅਗਸਤ ਮਹੀਨੇ 'ਚ ਵਿਸ਼ਾਲ ਸਾਲਾਨਾ ਜੋੜ ਮੇਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਦੇਖ-ਰੇਖ ਹੇਠ ਮਨਾਇਆ ਜਾਂਦਾ ਹੈ, ਜਿੱਥੇ ਸੰਤ-ਮਹਾਂਪੁਰਸ, ਉੱਚ ਕੋਟੀ ਦੇ ਰਾਗੀ, ਢਾਡੀ-ਕਵੀਸ਼ਰ, ਪ੍ਰਚਾਰਕ ਤੇ ਕਥਾਵਾਚਕ ਪਹੁੰਚਦੇ ਹਨ, ਜੋ ਕਥਾ-ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਦੇ ਹਨ। ਗੁਰਦੁਆਰਾ ਸਾਹਿਬ ਦੇ ਨਜ਼ਦੀਕ ਹੀ ਲੰਗਰ ਹਾਲ ਦੀ ਵਿਸ਼ਾਲ ਇਮਾਰਤ ਹੈ, ਜਿੱਥੇ ਸੰਗਤਾਂ ਨੂੰ ਗੁਰੂ ਕਾ ਲੰਗਰ ਛਕਾਇਆ ਜਾਂਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਇਲਾਕਾ ਨਿਵਾਸੀਆਂ ਵੱਲੋਂ ਸੌਂਪਿਆ ਲੜਕੀਆਂ ਦਾ ਗੁਰੂ ਗੋਬਿੰਦ ਸਿੰਘ ਕਾਲਜ ਵੀ ਕੁੱਝ ਕੁ ਮੀਟਰ ਦੀ ਦੂਰੀ 'ਤੇ ਸਥਿਤ ਹੈ। ਇਸ ਅਸਥਾਨ 'ਤੇ ਵਿਸਰਾਮ ਕਰਨ ਤੋਂ ਬਾਅਦ ਗੁਰੂ ਜੀ ਮਾਛੀਵਾੜੇ ਦੇ ਜੰਗਲਾਂ ਵਿਚ ਜਾ ਪਹੁੰਚੇ, ਜਿੱਥੇ ਗੁਰਦੁਆਰਾ ਚਰਨ ਕੰਵਲ ਸਾਹਿਬ ਸੁਸ਼ੋਭਿਤ ਹੈ।

## ਗੁਰਬਾਣੀ ਕੀਰਤਨ ਨੂੰ ਸਮਰਪਿਤ ਅਮਨਦੀਪ ਕੌਰ ਖ਼ਾਲਸਾ

ਗੁਰੂਆਂ, ਭਗਤਾਂ, ਭੱਟਾਂ 'ਤੇ ਸਿੱਖਾਂ ਦੀ ਗੁਰਬਾਣੀ ਦੇ ਕੀਰਤਨ ਦੀ ਸੇਵਾ ਮਹਾਨ ਹੈ। ਗੁਰੂ ਦੀ ਬਖਸ਼ਿਸ਼ ਨਾਲ ਹੀ ਇਹ ਸੇਵਾ ਦਾ ਸੁਭਾਗ ਪ੍ਰਾਪਤ ਹੁੰਦਾ ਹੈ। ਸਿੱਖ ਪ੍ਰੰਪਰਾਵਾਂ ਅਤੇ ਸਿੱਖੀ ਸਿਧਾਂਤ ਵਿਚ ਗੁਰੂ ਸਾਹਿਬ ਨੇ ਆਪਣੇ ਪੁੱਤਰਾਂ ਧੀਆਂ ਨੂੰ ਖ਼ਾਲਸਾ ਕਹਿ ਕੇ ਮਾਣ ਦਿੱਤਾ। ਜਿੱਥੇ ਇਕ ਸਿੱਖ ਖ਼ਾਲਸਾ ਹੈ ਉੱਥੇ ਹੀ ਇਕ ਸਿੰਘਣੀ ਵੀ ਖ਼ਾਲਸਾ ਅਖਵਾਉਂਦੀ ਹੈ। ਗੁਰੂ ਆਸ਼ੇ ਅਨੁਸਾਰ ਜੀਵਨ ਬਤੀਤ ਕਰਨ ਵਾਲਿਆਂ ਵਿੱਚੋਂ ਇਕ ਹੈ ਰਾਗੀ ਬੀਬੀ ਅਮਨਦੀਪ ਕੌਰ ਖ਼ਾਲਸਾ ਮਜੀਠਾ ਵਾਲੇ। ਉਸ ਦਾ ਜਨਮ 5 ਅਪ੍ਰੈਲ 1989 ਨੂੰ ਮਾਤਾ ਸਤਵੰਤ ਕੌਰ ਅਤੇ ਪਿਤਾ ਬਲਦੇਵ ਸਿੰਘ ਦੇ ਘਰ ਮਜੀਠਾ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਬਚਪਨ ਤੋਂ ਹੀ ਅਮਨਦੀਪ ਕੌਰ ਖ਼ਾਲਸਾ ਨੂੰ ਕੀਰਤਨ ਕਰਨ 'ਤੇ ਗੁਰਬਾਣੀ ਪੜ੍ਹਨ ਸੁਣਨ ਦੀ ਤਾਂਘ ਰਹਿੰਦੀ ਸੀ, ਜਿਸ ਕਰਕੇ ਅੱਜ ਉਹ ਗੁਰਬਾਣੀ ਦੇ ਕੀਰਤਨ ਦੀ ਸੇਵਾ ਕਰ ਰਹੀ ਹੈ। ਉਸ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ (ਸ੍ਰੀ ਅੰਮ੍ਰਿਤਸਰ ਸਾਹਿਬ) ਤੋਂ ਬੀ ਸੀ ਏ/ਐੱਮ ਸੀ ਏ ਦੀ ਪੜ੍ਹਾਈ ਕੀਤੀ। ਨੌਕਰੀ ਕਰਨ ਦੀ ਥਾਂ ਉਸ ਨੇ ਗੁਰੂ ਘਰਾਂ, ਕੀਰਤਨ ਦਰਬਾਰਾਂ 'ਤੇ ਧਾਰਮਿਕ ਸਮਾਗਮਾਂ ਵਿਚ ਕੀਰਤਨ ਕਰ ਕੇ ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ ਨੂੰ ਪਹਿਲ ਦਿੱਤੀ। ਜਿਸ ਕਰਕੇ 2 ਸਾਲ ਪਹਿਲਾਂ ਰਾਗੀ ਭਾਈ ਸੁਰਜੀਤ ਸਿੰਘ (ਮਜੀਠਾ ਵਾਲੇ) ਨੂੰ ਉਸਤਾਦ ਮੰਨ ਕੇ ਕੀਰਤਨ ਕਰਨ ਦੀਆਂ ਸਿੱਖਿਆਵਾਂ, ਵੱਖ-ਵੱਖ ਰਾਗਾਂ ਦੀਆਂ ਬਰੀਕੀਆਂ ਨੂੰ ਜਾਣਿਆ। ਉਸ ਦੀ ਮਿੱਠੀ 'ਤੇ ਪਿਆਰੀ ਆਵਾਜ਼ ਵਿਚ ਕੀਤਾ ਗੁਰਬਾਣੀ ਦਾ ਕੀਰਤਨ ਸੰਗਤਾਂ ਦੇ ਮਨ ਨੂੰ ਸਕੂਨ ਬਖਸ਼ਦਾ ਹੈ। ਖ਼ਾਲਸਾ ਨੇ ਹੁਣ ਤਕ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ, ਦਰਬਾਰ ਸਾਹਿਬ ਦਿੱਲੀ, ਯੂਪੀ, ਰਾਜਸਥਾਨ ਤੇ ਦੇਸ਼ ਦੇ ਅਨੇਕਾਂ ਵੱਡੇ ਸ਼ਹਿਰਾਂ ਵਿਚ ਕੀਰਤਨ ਦੀ ਸੇਵਾ ਕਰਨ ਦੇ ਨਾਲ-ਨਾਲ ਪੰਜਾਬ ਦੇ ਹਰ ਕੋਨੇ ਵਿਚ ਹੁੰਦੇ ਕੀਰਤਨ ਦਰਬਾਰਾਂ, ਧਾਰਮਿਕ ਸਮਾਗਮਾਂ ਤੇ ਇਤਿਹਾਸਿਕ ਧਰਮ ਅਸਥਾਨਾਂ ਵਿਚ ਆਪਣੇ ਜਥੇ ਸਮੇਤ ਜਿਸ ਵਿਚ ਬੀਬੀ ਭੁਪਿੰਦਰ ਕੌਰ ਮਜੀਠਾ (ਬੀਏ) ਤਬਲਾ ਵਾਦਕ ਭਾਈ ਤਲਜੀਤ ਸਿੰਘ ਮਜੀਠਾ ਨਾਲ ਕੀਰਤਨ ਦੀ ਸੇਵਾ ਕਰਕੇ ਸੰਗਤਾਂ ਨੂੰ ਗੁਰੂ ਨਾਲ ਜੋੜਨ ਦਾ ਮਹਾਨ ਕਾਰਜ ਕਰ ਰਹੀ ਹੈ। ਬੀਬੀ ਅਮਨਦੀਪ ਕੌਰ ਖ਼ਾਲਸਾ ਸਿੱਖ ਸਿਧਾਂਤਾਂ ਵਿਚ ਪਰਪੱਕ ਰਹਿ ਕੇ ਸਿੱਖ ਰਹਿਤ ਮਰਿਆਦਾ ਅਨੁਸਾਰ ਸਿੱਖੀ ਬਾਣੇ ਵਿਚ ਜੀਵਨ ਜਿਊਂਦੀ ਹੈ। ਵਿਹਲੇ ਸਮੇਂ ਵਿਚ ਸਿੱਖ ਇਤਿਹਾਸ ਪੜ੍ਹਣਾ, ਬੱਚਿਆਂ ਨੂੰ ਕੀਰਤਨ ਸਿਖਾਉਣਾ ਤੇ ਗੁਰਬਾਣੀ ਦੀ ਸੰਥਿਆ ਕਰਾਉਣੀ, ਕਲਾਸੀਕਲ ਗੁਰਮਤਿ ਸੰਗੀਤ ਸੁਣਨਾ, ਇਤਿਹਾਸਿਕ ਧਰਮ ਅਸਥਾਨਾਂ ਦੀ ਯਾਤਰਾ ਕਰਕੇ ਗੁਰੂ ਸਹਿਬਾਨ, ਸ਼ਹੀਦ ਸਿੰਘਾਂ ਸਿੰਘਣੀਆਂ ਤੇ ਭੁਝੰਗੀਆਂ ਨੂੰ ਸਿਜਦਾ ਕਰਨਾ ਉਸ ਦੀਆਂ ਰੁਚੀਆਂ ਹਨ।



ਉਸ ਦੀ ਆਵਾਜ਼ 'ਚੋਂ ਨਿਕਲਿਆ ਹਰ ਸ਼ਬਦ ਸੰਗਤਾਂ ਨੂੰ ਸਮਝ ਆਉਂਦਾ ਹੈ। ਬੀਬੀ ਆਸ਼ੂਪ੍ਰੀਤ ਕੌਰ, ਭਾਈ ਸਤਿੰਦਰ ਸਿੰਘ/ਭਾਈ ਹਰਵਿੰਦਰ ਸਿੰਘ (ਦਿੱਲੀ ਵਾਲੇ), ਭਾਈ ਮਹਿਤਾਬ ਸਿੰਘ (ਦਿੱਲੀ ਵਾਲੇ), ਭਾਈ ਬਲਦੇਵ ਸਿੰਘ ਵਡਾਲਾ, ਬੀਬੀ ਰਾਜਵਿੰਦਰ ਕੌਰ (ਸ੍ਰੀ ਅੰਮ੍ਰਿਤਸਰ ਸਾਹਿਬ ਵਾਲੇ), ਰਾਗੀ ਭਾਈ ਮਨਜੀਤ ਸਿੰਘ ਸ਼ਾਂਤ ਬੀਬੀ ਅਮਨਦੀਪ ਕੌਰ ਖਾਲਸਾ ਦੇ ਪ੍ਰੇਰਨਾ ਸਰੋਤ ਹਨ, ਜਿਨ੍ਹਾਂ ਤੋਂ ਉਹ ਬਹੁਤ ਕੁਝ ਸਿੱਖਣ ਦੀ ਆਸਵੰਦ ਹੈ।•

ਹਰਪਾਲ ਸਿੰਘ ਪਾਲੀ ਵਜੀਦਕੇ

---

ਸਿੱਖ ਆਪਣੀ ਦਸਤਾਰ ਦਾ ਸਤਿਕਾਰ ਅਤੇ ਇੱਜ਼ਤ ਹੀ ਨਹੀਂ ਕਰਦੇ ਸਗੋਂ ਇਹ ਆਪਣੇ ਦੁਸ਼ਮਣਾਂ ਦੀਆਂ ਦਸਤਾਰਾਂ ਦੀ ਵੀ ਪੂਰੀ ਕਦਰ ਕਰਦੇ ਹਨ...

# ਅਣਖ ਤੇ ਗ਼ੈਰਤ ਦੀ ਪ੍ਰਤੀਕ ਦਸਤਾਰ

ਅਵਤਾਰ ਸਿੰਘ ਕੈਂਥ



"ਜੇ ਤਖ਼ਤ ਨਹੀਂ, ਤੇ ਤਾਜ ਨਹੀਂ, ਤਾਂ ਕਿੰਗ ਨਹੀਂ। ਜੇ ਕੇਸ ਨਹੀਂ, ਦਸਤਾਰ ਨਹੀਂ, ਤਾਂ ਸਿੰਘ ਨਹੀਂ।" ਦਸਤਾਰ ਸਰਦਾਰੀ ਦੀ ਨਿਸ਼ਾਨੀ ਹੈ। ਇਸ ਲਈ ਇਸ ਨੂੰ ਸਿੱਖ ਲਿਬਾਸ ਦਾ ਜ਼ਰੂਰੀ ਅੰਗ ਨਿਰਧਾਰਿਤ ਕੀਤਾ ਗਿਆ ਹੈ। ਸਿੱਖੀ ਅਸੂਲਾਂ ਅਨੁਸਾਰ ਸਿੱਖ ਦੀ ਸਾਬਤ-ਸੂਰਤ ਸਿਰ ਉੱਪਰ ਦਸਤਾਰ ਨਾਲ ਹੀ ਪੂਰੀ ਹੁੰਦੀ ਹੈ। ਭਾਈ ਨੰਦ ਲਾਲ ਜੀ ਤਨਖਾਹਨਾਮੇ ਵਿਚ ਲਿਖਦੇ ਹਨ।'ਕੰਘਾ ਦੋਨੋਂ ਵਕਤ ਕਰ, ਪਾਗ ਚੁਨਈ ਕਰ ਬਾਂਧਈ।' ਭਾਵ ਕਿ ਦਸਤਾਰ ਨੂੰ ਇਕੱਲਾ-ਇਕੱਲਾ ਪੇਚ ਕਰਕੇ ਲੜਾਂ ਨੂੰ ਚੁਣ-ਚੁਣ ਕੇ ਬੰਨ, ਨਾ ਹੀ ਟੋਪੀ ਦੀ ਤਰ੍ਹਾਂ ਉਤਾਰੇ ਅਤੇ ਨਾ ਹੀ ਟੋਪੀ ਦੀ ਤਰ੍ਹਾਂ ਰੱਖੇ। ਦਸਤਾਰ ਸਿੱਖੀ ਦੀ ਸ਼ਾਨ ਹੈ ਅਤੇ ਸਿੱਖ ਸਤਿਗੁਰਾਂ ਵੱਲੋਂ ਬਖਸ਼ਿਆ ਉਹ ਮਹਾਨ ਚਿੰਨ੍ਹ ਹੈ ਜਿਸ ਨਾਲ ਸਿੱਖ ਦੇ ਨਿਆਰੇਪਣ ਦੀ ਹੋਂਦ ਦਾ ਪ੍ਰਗਟਾਵਾ ਹੁੰਦਾ ਹੈ। ਇਹ ਇਕ ਅਜਿਹਾ ਚਿੰਨ੍ਹ ਹੈ ਜਿਸ ਨੂੰ ਧਾਰਨ ਕਰ ਕੇ ਹਰ ਸਿੱਖ ਦਾ ਸਿਰ ਫਖ਼ਰ ਨਾਲ ਉੱਚਾ ਹੋ ਜਾਂਦਾ ਹੈ। ਸਿੱਖ ਵਾਸਤੇ ਇਹ ਸਿਰਫ਼ ਇਕ ਧਾਰਮਿਕ ਚਿੰਨ੍ਹ ਹੀ ਨਹੀਂ, ਬਲਕਿ ਸਿੱਖ ਦੇ ਸਿਰ ਦਾ ਤਾਜ ਹੈ। ਇਸ ਦਸਤਾਰ ਰੂਪੀ ਤਾਜ ਨੂੰ ਕਾਇਮ ਰੱਖਣ ਲਈ ਅਨੇਕਾਂ ਕੁਰਬਾਨੀਆਂ ਹੋਈਆਂ ਹਨ। ਸਤਿਗੁਰੂ ਜੀ ਨੇ ਇਸ (ਦਸਤਾਰ) ਦੀ ਪੂਰੀ ਕੀਮਤ ਆਪਣੇ ਚਾਰ ਪੁੱਤਰ, ਮਾਤਾ-ਪਿਤਾ, ਅਤੇ ਬੇਅੰਤ ਸਿੰਘਾਂ ਅਤੇ ਆਪਾ ਵਾਰ ਕੇ ਤਾਰ ਦਿੱਤੀ ਹੈ। ਜਿਸ ਸਦਕਾ ਅੱਜ ਸਾਰੇ ਸੰਸਾਰ ਵਿਚ ਇਕ ਸਾਬਤ- ਸੂਰਤ ਦਸਤਾਰਧਾਰੀ ਨੂੰ "ਸਰਦਾਰ ਜੀ" ਕਹਿ ਕੇ ਬੁਲਾਇਆ ਜਾਂਦਾ ਹੈ। ਇਹ ਦਸਤਾਰ ਸਿੱਖੀ ਦੀ ਇਜ਼ਤ ਤੇ ਅਣਖ ਦੀ ਪ੍ਰਤੀਕ ਹੈ। ਸਾਡੇ ਸਮਾਜ ਵਿਚ ਦਸਤਾਰ ਜਾਂ ਪੱਗ ਨੂੰ ਹੱਥ ਪਾਉਣ, ਪੱਗ ਲਾਹੁਣ, ਪੱਗ ਰੋਲਣ, ਪੱਗ ਪੈਰੀਂ ਰੱਖਣ ਤੋਂ ਵੱਡੀ ਹੋਰ ਬੇਇੱਜ਼ਤੀ ਨਹੀਂ। ਦਸਤਾਰ ਲਈ ਮਰ-ਮਿਟਣ ਵਾਲੇ ਸੂਰਮਿਆਂ ਦੀਆਂ ਵਾਰਤਾਵਾਂ ਆਮ ਪ੍ਰਚੱਲਤ ਹਨ। ਇਕ ਸਮਾਂ ਸੀ ਜਦ ਸਿੱਖੀ ਲਈ, ਕੇਸਾਂ ਲਈ, ਅਤੇ ਗੁਰੂ ਸਾਹਿਬ ਵੱਲੋਂ ਬਖਸ਼ਿਸ਼ ਕੀਤੇ ਸਿਰ ਦੇ ਇਸ ਤਾਜ ਲਈ ਸ਼ਹਾਦਤ ਦਾ ਜਾਮ ਪੀਣ ਵਿਚ ਜ਼ਰਾ ਦੇਰ ਨਹੀਂ ਲਾਉਂਦੇ ਸਨ। ਪਰ ਅਜੋਕੇ ਸਮੇਂ ਸਿੱਖ ਨੌਜਵਾਨਾਂ ਵੱਲੋਂ ਪੱਗ ਦੇ ਮਹੱਤਵ ਨੂੰ ਅਣਗੌਲਿਆ ਜਾ ਰਿਹਾ ਹੈ। ਅੱਜ ਨੌਜਵਾਨ, ਆਪਣੇ ਅਮੀਰ ਵਿਰਸੇ ਤੋਂ ਅਣਜਾਣ, ਗੁੰਮਰਾਹ ਹੋ ਕੇ ਧੜਾਧੜ ਕੇਸਾਂ ਦੀ ਬੇਅਦਬੀ ਕਰ ਰਹੇ ਹਨ। ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਨੇ ਗੁਲਾਮ ਮਾਨਸਿਕਤਾ ਵਾਲੇ ਲੋਕਾਂ ਨੂੰ ਝੰਜੋੜ ਕੇ ਉਨ੍ਹਾਂ ਨੂੰ ਅਣਖ, ਗ਼ੈਰਤ ਨਾਲ ਜੀਊਣ ਲਈ ਪ੍ਰੇਰਿਆ। ਆਪ ਜੀ ਨੇ ਉਹਨਾਂ ਹਿੰਦੁਸਤਾਨੀ ਲੋਕਾਂ ਨੂੰ ਸਖ਼ਤ ਲਾਹਨਤਾਂ ਪਾਈਆਂ ਜਿਹੜੇ ਵਿਦੇਸ਼ੀ ਹਾਕਮਾਂ ਦੀ ਖੁਸ਼ੀ ਪ੍ਰਾਪਤ ਕਰਨ ਲਈ ਆਪਣੀ ਬੋਲੀ, ਆਪਣੇ ਵਿਰਸੇ ਅਤੇ ਆਪਣੇ ਪਹਿਰਾਵੇ ਨੂੰ ਤਿਆਗ ਰਹੇ ਸਨ। ਆਪ ਜੀ ਜਾਣਦੇ ਸਨ ਕਿ ਇਹ ਪ੍ਰਵਿਰਤੀ ਮਾਨਸਿਕ ਗ਼ੁਲਾਮੀ ਦਾ ਕਾਰਨ ਬਣੇਗੀ, ਜੋ ਕਿ ਰਾਜਸੀ ਗੁਲਾਮੀ ਨਾਲੋਂ ਵੱਧ ਖਤਰਨਾਕ ਹੈ। ਇੱਥੇ ਇਕ ਹੋਰ ਗੱਲ ਦੱਸਣਯੋਗ ਹੈ ਕਿ ਸਿੱਖ ਆਪਣੀ ਦਸਤਾਰ ਦਾ ਸਤਿਕਾਰ ਅਤੇ ਇੱਜ਼ਤ ਤਾਂ ਕਰਦੇ ਹੀ ਹਨ, ਸਗੋਂ ਇਹ ਆਪਣੇ ਦੁਸ਼ਮਣਾਂ ਦੀਆਂ ਦਸਤਾਰਾਂ ਦੀ ਵੀ ਪੂਰੀ ਕਦਰ ਕਰਦੇ ਹਨ। ਮੁਹਸਨ ਫਾਨੀ ਨੇ ਲਿਖਿਆ ਹੈ ਕਿ ਸਿੱਖ ਦੁਸ਼ਮਣ ਦੀ ਦਸਤਾਰ ਦੀ ਵੀ ਇੱਜ਼ਤ ਕਰਦੇ ਸਨ, ਜਦੋਂ ਮੈਦਾਨ - ਏ-ਜੰਗ ਵਿਚ ਕਿਸੇ ਦੁਸ਼ਮਣ ਦੇ ਸਿਰ ਤੋਂ ਉਸਦੀ ਪੱਗ ਲੱਥ ਜਾਂਦੀ ਤਾਂ ਇਹ ਤਲਵਾਰ ਦਾ ਵਾਰ ਰੋਕ ਕੇ ਉਸਨੂੰ ਮੁਖਾਤਿਬ ਹੁੰਦਿਆਂ ਕਹਿੰਦੇ ਸਨ, ਭਲੇ -ਮਾਣਸਾ! ਆਪਣੀ ਪੱਗ ਸੰਭਾਲ। ਮੈਂ ਤੇਰੀ ਇੱਜ਼ਤ ਉਤਾਰਨ ਲਈ ਹੀ ਜੰਗ ਵਿਚ ਨਹੀਂ ਆਇਆ ਹਾਂ, ਮੇਰੀ ਲੜਾਈ ਸਿਰਫ਼ ਤੇ ਸਿਰਫ਼ ਜ਼ੁਲਮ ਦੇ ਖ਼ਿਲਾਫ਼ ਹੈ। ਸ.ਗੁਰਬਖਸ਼ ਸਿੰਘ ਜੀ ਯੂ.ਕੇ.ਵਾਲਿਆਂ ਨੇ ਲਿਖਿਆ ਹੈ ਕਿ ਇੱਕ ਵਾਰ ਅਮਰੀਕਾ ਵਿਚ ਇਕ ਸਿੱਖ ਡਾਕਟਰ (ਜੋ ਉਨ੍ਹਾਂ ਦਾ ਦੋਸਤ ਵੀ ਸੀ) ਨੂੰ ਡਿਗਰੀ (ਪੀ.ਐੱਚ.ਡੀ) ਪਾਸ ਕਰਨ ਤੋਂ ਬਾਅਦ ਵੀ ਜਦ ਉਸਨੂੰ ਨੌਕਰੀ ਲਈ ਉਤਰ ਨਾਂਹ ਦਾ ਹੀ ਮਿਲਦਾ ਰਿਹਾ ਤਾਂ ਉਸ ਦੇ ਡੀਨ ਨੇ ਉਸ ਨੂੰ ਕਿਹਾ " ਡਾਕਟਰ ਸਿੰਘ! ਤੇਰੇ ਮੂੰਹ ਦੇ ਉਪਰਲੀ ਦਾਹੜੀ ਅਤੇ ਸਿਰ ਤੇ ਸਜੀ ਤੇਰੀ ਦਸਤਾਰ ਵੇਖ ਕੇ ਤੈਨੂੰ ਕੋਈ ਵੀ ਨੌਕਰੀ ਦੇਣ ਲਈ ਤਿਆਰ ਨਹੀਂ ਹੋ ਰਿਹਾ। ਮੈਂ ਮਨੋਵਿਗਿਆਨੀ ਨੂੰ ਖਰਚਾ ਦੇ ਦਿੰਦੀ ਹਾਂ ਜੋ ਤੈਨੂੰ ਇਹ ਸਮਝਾ ਸਕੇ ਕੇ ਇਨ੍ਹਾਂ ਚੀਜਾਂ ਦੀ ਤੈਨੂੰ ਕੋਈ ਲੋੜ ਨਹੀਂ ਹੈ ਤਾਂ ਕਿ ਤੈਨੂੰ ਆਪਣੇ ਕੇਸ ਦਾਹੜੀ ਦਾ ਤਿਆਗ ਕਰਨ ਅਤੇ ਦਸਤਾਰ ਉਤਾਰਨ ਵਿਚ ਕੋਈ ਵੀ ਦੁੱਖ ਮਹਿਸੂਸ ਨਾ ਹੋਵੇ।" ਤਾਂ ਅੱਗੋਂ ਉਸ ਸਾਬਤ-ਸੂਰਤ ਸਿੱਖ ਡਾਕਟਰ ਦਾ ਜੁਆਬ ਸੀ ਕਿ "ਧੰਨਵਾਦ! ਤੁਹਾਨੂੰ ਇਸ ਦਸਤਾਰ ਦੀ ਕੀਮਤ ਦਾ ਪਤਾ ਨਹੀਂ। ਇਹ ਮੈਨੂੰ ਆਪਣੀ ਜਾਨ ਨਾਲੋਂ ਵੀ ਵੱਧ ਪਿਆਰੀ ਹੈ। ਮੈਂ ਡਾਕਟਰ ਜਾਂ ਪ੍ਰੋਫ਼ੈਸਰੀ ਬਦਲੇ ਇਸਨੂੰ ਤਿਆਗ ਨਹੀਂ ਸਕਦਾ, ਇਸਨੂੰ ਵੇਚ ਨਹੀਂ ਸਕਦਾ।' ਘਰ ਆਉਂਦਾ ਕੋਈ ਹੋਰ ਕੰਮ ਕਰਨ ਬਾਰੇ ਸੋਚ ਰਿਹਾ ਸੀ। ਜਦ ਉਸ ਨੇ ਆਪਣੀ ਡਾਕ ਵੇਖੀ ਤਾਂ ਵੇਖਦਿਆਂ ਹੀ ਆਪਣਾ ਸਿਰ ਗੁਰੂ ਚਰਨਾਂ ਵਿਚ ਝੁਕਾ ਕੇ ਉਸ ਦਾ ਧੰਨਵਾਦ ਕਰਨ ਲੱਗ ਪਿਆ ਕਿ "ਐ ਗੁਰੂ ਪਾਤਸ਼ਾਹ! ਤੇਰਾ ਧੰਨਵਾਦ ਹੈ। ਜੋ ਤੂੰ ਮੈਨੂੰ ਅੱਜ ਲਏ ਇਮਤਿਹਾਨ ਵਿਚ ਪਾਸ ਹੋਣ ਲਈ ਸਮੱਰਥਾ ਅਤੇ ਤਾਕਤ ਦਿੱਤੀ।" ਦਰਅਸਲ ਉਸ ਨੂੰ ਯੂ.ਐੱਨ.ਓ ਵੱਲੋਂ ਇਕ ਬਹੁਤ ਹੀ ਵੱਡੀ ਅਤੇ ਮਾਣ ਵਾਲੀ ਨੌਕਰੀ ਦੀ ਚਿੱਠੀ ਮਿਲੀ ਸੀ। ਫਿਰ ਉਹ ਉੱਚੀ ਪਦਵੀ ਤੋਂ ਦਸਤਾਰ, ਕੇਸਾਂ ਅਤੇ ਦਾਹੜੀ ਸਮੇਤ ਰਿਟਾਇਰ ਹੋ ਕੇ ਅਮਰੀਕਾ ਵਿਚ ਰਹਿਣ ਲੱਗ ਪਿਆ ਸੀ। ਗੁਰਬਖਸ਼ ਸਿੰਘ ਜੀ ਲਿਖਦੇ ਹਨ ਕਿ ਉਹ ਸਾਰੀ ਗੱਲ ਦੱਸ ਕੇ ਕਹਿਣ ਲੱਗਾ ਕਿ "ਅਸੀਂ ਹੀ ਡੋਲ ਜਾਂਦੇ ਹਾਂ ਉਂਝ ਗੁਰੂ ਤਾਂ ਹਰ ਸਮੇਂ ਸਾਡੇ ਨਾਲ ਰਹਿੰਦਾ ਹੈ।" ਅਜੋਕੇ ਸਮੇਂ ਪੱਛਮੀ ਸਭਿਅਤਾ ਦੀ ਨਕਲ ਕਰਨ ਵਾਲੇ ਸੋਚਣ ਕਿ ਆਪਣੇ ਅਨਮੋਲ ਵਿਰਸੇ ਦਾ ਤਿਆਗ ਕਰ ਕੇ ਕਿਉਂ ਅੰਨ੍ਹੇਵਾਹ ਪੱਛਮੀ ਸੱਭਿਆਚਾਰ ਨੂੰ ਧਾਰਨ ਕਰਨ ਵਿਚ ਫਖ਼ਰ ਮਹਿਸੂਸ ਕਰਦੇ ਹਨ। ਕੀ ਇਹ ਗ਼ੁਲਾਮ ਮਾਨਸਿਕਤਾ ਦਾ ਪ੍ਰਗਟਾਵਾ ਨਹੀਂ? ਅੱਜ ਤੋਂ ਪੁਰਾਣੇ ਸਮੇਂ ਵਿਚ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਪਹਿਲਾਂ ਮਾਵਾਂ ਆਪਣੇ ਬੱਚਿਆਂ ਦੀਆਂ ਦਸਤਾਰਾਂ ਚੁੰਮਦੀਆਂ ਹੋਈਆਂ ਬੱਚਿਆਂ ਦੀ ਸੋਹਣੀ ਦਸਤਾਰ 'ਤੇ ਮਾਣ ਕਰਦੀਆਂ ਸਨ। ਪਰ ਉਸ ਦੇ ਬਿਲਕੁਲ ਉਲਟ ਅੱਜ ਦੀਆਂ ਮਾਵਾਂ ਬੱਚਿਆਂ ਦੇ ਕੇਸਾਂ ਨੂੰ ਸੰਭਾਲਣਾ ਵੀ ਬੋਝ ਸਮਝਦੀਆਂ ਹਨ। ਆਪਣੇ ਵਿਰਸੇ ਨੂੰ ਭੁਲਾ ਦੇਣ ਤੋਂ ਵੱਡੀ ਅਕ੍ਰਿਤਘਣਤਾ ਹੋਰ ਕੀ ਹੋ ਸਕਦੀ ਹੈ? ਕਿੰਨੀ ਹੈਰਾਨੀ ਦੀ ਗੱਲ ਹੈ ਕਿ ਅੱਜ ਜਦੋਂ ਵਿਦੇਸ਼ਾਂ ਵਿਚ ਵੱਸਦੇ ਸਿੱਖ ਲੋਹ-ਟੋਪ ਪਹਿਨਣ ਦੀ ਥਾਂ ਦਸਤਾਰ ਦੇ ਗੌਰਵ ਨੂੰ ਬਰਕਾਰ ਰੱਖਣ ਲਈ ਅਦਾਲਤੀ ਸੰਘਰਸ਼ ਕਰ ਰਹੇ ਹਨ ਪਰ ਅਸੀਂ ਆਪਣੀ ਧਰਤੀ 'ਤੇ ਹੀ ਦਸਤਾਰ ਤਿਆਗ ਕੇ ਆਪਣੇ ਗੌਰਵਮਈ ਵਿਰਸੇ ਨੂੰ ਕਲੰਕਿਤ ਕਰ ਰਹੇ ਹਾਂ। ਬੇਸ਼ੱਕ ਇਸਦੇ ਕਾਰਨ ਕੋਈ ਵੀ ਹੋਣ। ਇਸ ਲਈ ਸਾਨੂੰ ਵਿਸ਼ੇਸ਼ ਤੌਰ 'ਤੇ ਯਤਨ ਕਰਨੇ ਚਾਹੀਦੇ ਹਨ ਅਤੇ ਆਪਣੀ ਦਸਤਾਰ ਅਤੇ ਅਣਖ ਨੂੰ ਖ਼ੁੱਦ ਕਾਇਮ ਕਰਨਾ ਹੈ ਤਾਂ ਕਿ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਬਖਸ਼ੀ ਸਰਦਾਰੀ ਨੂੰ ਸੰਸਾਰ ਦੀ ਦਿੱਖ ਬਣਾ ਸਕੀਏ। ਟੋਪੀ ਬਾਰੇ ਕਵੀ ਜਾਚਕ ਨੇ ਬੜਾ ਸੋਹਣਾ ਲਿਖਿਆ ਹੈ। ਸਿੱਖੀ ਸਰੂਪ ਦੇ ਸੁੰਦਰ ਮੁਨਾਰਿਆਂ ਨੂੰ, ਕੈਂਚੀ ਬਲੇਡ ਦੇ ਨਾਲ ਨੇ ਢਾਈ ਫਿਰਦੇ ਕਈ ਗੁਰਸਿੱਖਾਂ ਦੇ ਪੁੱਤ ਪਤਿਤ ਹੋ ਕੇ, ਚਿੱਟੀ ਪੱਗ ਨੂੰ ਦਾਗ਼ ਨੇ ਲਾਈ ਫਿਰਦੇ। ਕਤਲ ਕਰਵਾਂਦੇ ਨੇ ਕੇਸ ਇਹ ਬੋਝ ਕਹਿ ਕੇ, ਐਪਰ ਸਰੀਰ ਦਾ ਬੋਝ ਇਹ ਚਾਈ ਫਿਰਦੇ। ਸੁੰਦਰ ਸੋਹਣੀ 'ਦਸਤਾਰ' ਨੂੰ ਛੱਡ ਕੇ ਤੇ, ਅੱਜ ਟੋਪੀਆਂ ਸਿਰਾਂ 'ਤੇ ਪਾਈ ਫਿਰਦੇ। ਪਾਵਨ ਕੇਸਾਂ ਦਾ ਪੂਰਾ ਸਤਿਕਾਰ ਕਰਨਾ, ਇਹਨੂੰ ਸਮਝ ਕੇ ਸਿੱਖੀ ਦੀ ਮੋਹਰ ਆਪਾਂ। ਰੋਮ ਕੱਟਦੀਆਂ ਸਿੱਖਾਂ ਦੀਆਂ ਬੀਬੀਆਂ ਨੂੰ, ਕਰਨ ਦੇਈਏ ਨਾ ਪਾਪ ਇਹ ਘੋਰ ਆਪਾਂ।

ਸਜਾਉਣੀ ਸੋਹਣੀ ਦਸਤਾਰ ਏ ਸੀਸ ਉੱਤੇ, ਨੰਗੇ ਸਿਰ ਨਹੀਂ ਤੁਰਨੀ ਤੋਰ ਆਪਾਂ। ਰਹਿਣੈ 'ਜਾਚਕ' ਸਦਾ ਹੀ ਸ਼ੇਰ ਬਣਕੇ, ਨਹੀ ਗਿੱਦੜ ਦਾ ਬਣਨਾ ਕੁੱਝ ਹੋਰ ਆਪਾਂ ਅੱਜ ਲੋੜ ਹੈ, ਗੌਰਵਮਈ ਵਿਰਸੇ ਨੂੰ ਸੰਭਾਲਣ ਦੀ। ਆਪਣੀ ਅਣਖ ਅਤੇ ਗੈਰਤ ਨੂੰ ਕਾਇਮ ਰੱਖਣ ਦੀ ਦਸਤਾਰ ਅਣਖ ਅਤੇ ਅਜ਼ਾਦੀ ਦੀ ਨਿਸ਼ਾਨੀ ਹੈ।•

---

## ਬੋਧ ਵਿਚਾਰ: ਉਮਰ ਦੀ ਗਿਣਤੀ

ਇਕ ਵਾਰ ਗੌਤਮ ਬੁੱਧ ਨੂੰ ਮਿਲਣ ਸਮਰਾਟ ਪ੍ਰਸੇਨਜਿਤ ਆਏ। ਉਨ੍ਹਾਂ ਦੋਹਾਂ ਦੀ ਗੱਲਬਾਤ ਸਮੇਂ ਕਿਸੇ ਦੂਜੇ ਵਿਅਕਤੀ ਨੇ ਦਖਲ ਨਹੀਂ ਦਿੱਤਾ। ਇਸ ਦੀ ਇਕ ਮੁੱਖ ਵਜ੍ਹਾ ਇਹ ਹੈ ਕਿ ਖ਼ੁਦ ਗੌਤਮ ਬੁਧ ਸਮਰਾਟ ਨਾਲ ਗੱਲ ਕਰ ਰਹੇ ਸਨ। ਕੁਝ ਹੀ ਦੇਰ ਬਾਅਦ ਇਕ ਬਿਰਧ ਭਿਕਸ਼ੂ ਨੂੰ ਵਿਚ ਦਖਲ ਦੇਣਾ ਪਿਆ, ਕਿਉਂਕਿ ਉਸ ਨੇ ਬੁੱਧ ਦਾ ਸੰਦੇਸ਼ ਪਹੁੰਚਾਉਣ ਲਈ ਸੂਰਜ ਅਸਤ ਹੋਣ ਤੋਂ ਪਹਿਲਾਂ ਜਾਣਾ ਸੀ? ਉਹ ਬਗੈਰ ਬੁੱਧ ਦੇ ਪੈਰ ਛੂਹੇ ਜਾ ਨਹੀਂ ਸਕਦੇ ਸਨ। ਭਿਕਸ਼ੂ ਨੇ ਪ੍ਰਸੇਨਜਿਤ ਨੂੰ ਕਿਹਾ, 'ਮੈਨੂੰ ਮਾਫ਼ ਕਰਨਾ, ਸਿਰਫ਼ ਇਕ ਪਲ..ਮੈਂ ਬਸ ਬੁੱਧ ਦੇ ਪੈਰ ਛੂਹ ਲਵਾਂ। ਮੈਂ ਜਾਣਾ ਹੈ ਸੂਰਜ ਅਸਤ ਹੋਣ ਤੋਂ ਪਹਿਲਾਂ।' ਭਿਕਸ਼ੂ ਦੀ ਉਮਰ ਕਰੀਬ ਪੰਝਤਰ ਸਾਲ ਦੀ ਹੋਵੇਗੀ। ਰਾਜਾ ਨੇ ਉਸ ਤੋਂ ਪੁੱਛਿਆ,'ਭੰਤੇ, ਤੁਹਾਡੀ ਉਮਰ ਕਿੰਨੀ ਹੈ? ਭਿਕਸ਼ੂ ਨੇ ਕਿਹਾ, 'ਮੈਂ ਸਿਰਫ਼ ਚਾਰ ਸਾਲ ਦਾ ਹਾਂ। ਪ੍ਰਸੇਨਜਿਤ ਵਿਸ਼ਵਾਸ ਨਾ ਕਰ ਸਕਿਆ। ਪਝੰਤਰ ਸਾਲ ਦਾ ਬੁੱਢਾ ਵਿਅਕਤੀ! ਇਹ ਪੂਰੀ ਤਰ੍ਹਾਂ ਅਸੰਭਵ ਹੈ ਕਿ ਉਹ ਚਾਰ ਸਾਲ ਦਾ ਹੀ ਹੋਵੇ। ਇਸ ਗੱਲ ਨੂੰ ਗੌਤਮ ਬੁੱਧ ਨੇ ਸਵੀਕਾਰ ਕਰ ਲਿਆ,ਇਹ ਹੋਰ ਵੀ ਵੱਧ ਹੈਰਾਨੀਜਨਕ ਸੀ। ਉਨ੍ਹਾਂ ਨੇ ਗੌਤਮ ਬੁੱਧ ਨੂੰ ਕਿਹਾ,'ਇਹ ਵਿਅਕਤੀ ਚਾਰ ਸਾਲ ਦਾ ਤਾਂ ਨਹੀਂ ਲੱਗਦਾ।' ਬੁੱਧ ਨੇ ਕਿਹਾ,'ਸ਼ਾਇਦ ਤੁਹਾਨੂੰ ਇਹ ਗੱਲ ਪਤਾ ਨਹੀਂ ਹੈ ਕਿ ਕਿਸ ਢੰਗ ਨਾਲ ਅਸੀਂ ਲੋਕ ਉਮਰ ਗਿਣਦੇ ਹਾਂ? ਜਦ ਤਕ ਕਿ ਕੋਈ ਵਿਅਕਤੀ ਡੂੰਘੇ ਧਿਆਨ 'ਚ ਨਾ ਉਤਰੇ, ਉਸ ਜੋਤੀ ਨੂੰ ਨਾ ਜਾਣ ਲਵੇ, ਜੋ ਕੇਂਦਰ ਤੋਂ ਪ੍ਰਕਾਸ਼ਤ ਹੁੰਦੀ ਹੈ, ਉਹ ਅਜੇ ਪੈਦਾ ਨਹੀਂ ਹੋਇਆ ਹੈ। ਇਸ ਵਿਅਕਤੀ ਨੇ ਆਪਣੇ ਹੋਣ ਦੀ ਝਲਕ ਸਿਰਫ ਚਾਰ ਸਾਲ ਪਹਿਲਾਂ ਹੀ ਪਾਈ ਹੈ। ਉਸ ਤੋਂ ਪਹਿਲਾਂ ਜੋ ਪਝੰਤਰ ਸਾਲ ਨਿਕਲੇ, ਉਹ ਗਹਿਰੀ ਨੀਂਦ 'ਚ ਨਿਕਲ ਗਏ। ਉਹ ਇਸ ਦੀ ਉਮਰ ਵਾਂਗ ਨਹੀਂ ਗਿਣਾ ਜਾ ਸਕਦੇ।' ਪ੍ਰਸੇਨਜਿਤ ਬਹੁਤ ਉਲਝਣ 'ਚ ਪੈ ਗਏ, ਪਰ ਇਹ ਸੱਚ ਵੀ ਸੀ। ਪ੍ਰਸੇਨਜਿਤ ਜਦ ਇਸ ਗੱਲ ਦਾ ਮਰਮ ਸਮਝੇ, ਤਾਂ ਉਨ੍ਹਾਂ ਬੁੱਧ ਦੇ ਪੈਰ ਫੜ ਲਏ ਅਤੇ ਕਿਹਾ,'ਮੇਰੀ ਵੀ ਮਦਦ ਕਰੋ, ਤਾਂ ਕਿ ਮੈਂ ਵੀ ਫਿਰ ਜਨਮ ਲੈ ਸਕਾਂ। ਅਜੇ ਤਕ ਮੈਂ ਇਹੀ ਸੋਚਦਾ ਰਿਹਾ ਕਿ ਮੈਂ ਜ਼ਿੰਦਾ ਹਾਂ।



ਤੁਸੀਂ ਮੈਨੂੰ ਦੱਸਿਆ ਕਿ ਮੈਂ ਮੁਰਦਾ ਹਾਂ।' ਗੌਤਮ ਬੁੱਧ ਨੇ ਕਿਹਾ,'ਸਿਰਫ ਇਹ ਜਾਣਨਾ ਕਿ ਅਜੇ ਤਕ ਤੁਸੀਂ ਮੁਰਦਾ ਸੀ, ਬਹੁਤ ਵੱਡੀ ਸ਼ੁਰੂਆਤ ਹੈ।

ਮਿੰਨੀ ਕਹਾਣੀਆਂ



## ਟਿਊਸ਼ਨ

• ਇਕਵਾਕ ਸਿੰਘ ਪੱਟੀ

ਉਜਾਗਰ ਸਿੰਘ ਸੱਥ ਵਿਚ ਬੈਠੇ ਬੰਦਿਆਂ ਨੂੰ ਦੱਸਣ ਲੱਗਾ ਕਿ ਜਦ ਉਹ ਆਪਣੇ ਪੋਤੇ ਨੂੰ ਸਕੂਲ ਦਾਖਲ ਕਰਵਾਉਣ ਗਿਆ ਤਾਂ ਹਰ ਚੀਜ਼ ਸਕੂਲ ਤੋਂ ਲੈਣੀ ਪਈ ਜਿਵੇਂ ਕਾਪੀਆਂ, ਪੈਂਸਿਲਾਂ, ਪੈੱਨ, ਫੁੱਟਾ, ਰਬੜ-ਸ਼ਾਪਨਰ, ਜੁਮੈਟਰੀ, ਕਿਤਾਬਾਂ, ਬੈਗ, ਕਾਪੀਆਂ ਦੇ ਕਵਰ, ਬੂਟ-ਜੁਰਾਬਾਂ, ਪੈਂਟ-ਕਮੀਜ਼, ਟਾਈ-ਬੈਲਟ, ਬੈਚ, ਰੁਮਾਲ ਅਤੇ ਹੋਰ ਬਹੁਤ ਨਿੱਕ-ਸੁੱਕ ਦੇ ਨਾਲ ਮੋਟੀ ਫ਼ੀਸ। ਹਰ ਚੀਜ਼ ਤੇ ਸਕੂਲ ਦਾ ਨਾਂ ਛਪਿਆ ਹੋਇਆ ਸੀ।

ਇਹ ਸੁਣ ਗੁਰਬਚਨ ਸਿੰਘ ਕਹਿਣ ਲੱਗਾ, ਚੱਲ ਰੱਬ ਨੇ ਦਿੱਤਾ ਹੈ ਤਾਂ ਬੱਚਿਆਂ ਤੇ ਹੀ ਖਰਚ ਕਰਨਾ ਆਪਾਂ, ਨਾਲੇ ਮਹਿੰਗੇ ਤੇ ਵਧੀਆ ਸਕੂਲ ਵਿੱਚ ਪੜ੍ਹਾਈ ਵਧੀਆ ਕਰ ਲਊਗਾ ਜੁਆਕ। ਪੜ੍ਹਾਈ ਵਾਲੀ ਗੱਲ ਸੁਣਦਿਆਂ ਵਿੱਚੋਂ ਹੀ ਟੋਕ ਕੇ ਉਜਾਗਰ ਸਿੰਘ ਕਹਿਣ ਲੱਗਾ, ਪੜ੍ਹਾਈ ਲਈ ਤਾਂ ਟਿਊਸ਼ਨ ਰਖਵਾਈ ਆ ਬਾਹਰ। ਸਕੂਲਾਂ ਵਿਚ ਤਾਂ ਬੱਸ ਹੁਣ ਕਾਰੋਬਾਰ ਹੀ ਹੁੰਦਾ ਪੜ੍ਹਾਉਣ-ਲਿਖਾਉਣ ਦੇ ਕੰਮ ਦਾ ਤਾਂ ਬੱਸ ਰੱਬ ਹੀ ਰਾਖਾ...! •



## ਸ਼ਰਾਧ

ਅੱਜ ਪ੍ਰਸ਼ਿਨੀ ਨੇ ਅਪਣੇ ਸਹੁਰੇ ਦੇ ਪਿਤਾ ਦਾ ਸ਼ਰਾਧ ਪਾਉਣਾ ਹੈ। ਉਹ ਪੂਰੀ ਤਿਆਰੀ ਕਰ ਕੇ ਪੰਡਿਤ ਦੇ ਆਉਣ ਦੀ ਉਡੀਕ ਵਿਚ ਹੈ ਪਰ ਬਾਹਮਣ ਨੇ ਪਹਿਲਾਂ ਹੋਰ ਕਈ ਘਰਾਂ ਦੇ ਸ਼ਰਾਧ ਖਾਣ ਜਾਣਾ ਹੈ, ਜਿਸ ਕਰਕੇ ਕਾਫ਼ੀ ਦੇਰ ਹੋ ਗਈ। ਘਰ ਦੇ ਛੋਟੇ-ਛੋਟੇ ਬੱਚੇ ਦੇਰ ਕਾਰਨ ਭੁੱਖ ਨਾਲ ਵਿਲਕ ਦੇ ਦਾਦੇ ਤੋਂ ਦੇਖੇ ਨਾ ਗਏ।

ਮਨ ਵਿਚ ਸੋਚਦਾ ਹੋਇਆ ਆਪਣੀ ਨਹੁੰ ਨੂੰ ਬੋਲਿਆ, 'ਬਹੂ ਰਾਣੀ, ਇਨ੍ਹਾਂ ਬੱਚਿਆਂ ਨੂੰ ਭੁੱਖਾ ਕਿਉਂ ਮਾਰਿਆ ਹੈ। ਦੇਖ ਤਾਂ ਭਾਈ ਇਨ੍ਹਾਂ ਦਾ ਕਿੰਨਾਂ ਬੁਰਾ ਹਾਲ ਹੋਇਆ ਪਿਆ ਹੈ...।' ਅਪਣੀ ਬਹੂ (ਨੂੰਹ ਰਾਣੀ) ਨੂੰ ਤਾਕੀਦ ਕਰਦਾ ਸਹੁਰਾ ਬੋਲਿਆ, 'ਲਿਆ ਭਾਈ ਇਨ੍ਹਾਂ ਬੱਚਿਆਂ ਨੂੰ ਖਾਣ ਨੂੰ ਦੇ, ਜੋ ਕੁਝ ਮੇਰੇ ਪਿਤਾ ਦੇ ਸ਼ਰਾਧ ਲਈ ਤਿਆਰ ਕੀਤਾ ਹੈ। ਭੁੱਖ ਨਾਲ ਵਿਲਕਦੇ ਬੱਚਿਆਂ ਨੂੰ ਭੋਜਨ ਸਮੇਂ ਸਿਰ ਖਵਾ ਦੇਣਾ ਹੀ ਸ਼ਰਾਧ ਖਵਾਉਣ ਤੋਂ ਵੀ ਮਹਾਨ ਤੇ ਸ਼ੁਭ ਕੰਮ ਹੈ।' ਦਾਦਾ ਬੱਚਿਆਂ ਨੂੰ ਰੋਟੀ (ਸ਼ਰਾਧ) ਖਾਂਦਿਆਂ ਵੇਖ ਕੇ ਬਹੁਤ ਹੀ ਖ਼ੁਸ਼ੀ ਮਹਿਸੂਸ ਕਰ ਰਿਹਾ ਸੀ ਤੇ ਸੋਚ ਰਿਹਾ ਸੀ 'ਅਸਲ ਸ਼ਰਾਧ ਤਾਂ ਮੈਂ ਅੱਜ ਪਾਇਆ ਹੈ'।

• ਰਣਜੀਤ ਆਜ਼ਾਦ ਕਾਂਝਲਾ

# ਉਸਤਾਦ ਗ਼ਜ਼ਲਗੋ ਗੁਰਦੀਪ ਭਾਟੀਆ 'ਦੀਪ'



ਅਮਰਜੀਤ ਸਿੰਘ ਸੰਧੂ

ਮੋਬਾਈਲ : 94636-13528

*ਗੁਰਦੀਪ ਨੇ ਮਲੇਰਕੋਟਲੇ ਇਕ ਵੱਡਾ ਸਾਹਿਤਕ ਸਮਾਗਮ ਰੱਖ ਲਿਆ, ਜਿਸ ਦੀ ਪ੍ਰਧਾਨਗੀ ਡਾ. ਸਾਧੂ ਸਿੰਘ ਹਮਦਰਦ ਅਤੇ ਉਨ੍ਹਾਂ ਦੀ ਸੁਪਤਨੀ ਬੀਬੀ ਪ੍ਰਕਾਸ਼ ਕੌਰ ਨੇ ਕਰਨੀ ਸੀ। ਸਾਰੇ ਮਲੇਰਕੋਟਲੇ ਦੇ ਸਾਹਿਤਕ ਹਲਕਿਆਂ ਵਿਚ ਦੀਪ ਦਾ ਮੌਜੂ ਉਡਾਇਆ ਗਿਆ ਕਿ ਇਕ 'ਫੇਰੀ ਲਾਉਣ ਵਾਲੇ' ਦੇ ਸਮਾਗਮ ਵਿਚ ਹਮਦਰਦ ਨਾ ਆਇਆ ਪਰ ਸਦਕੇ ਜਾਈਏ ਦੀਪ ਦੇ ਸਿਦਕ ਦੇ ਤੇ ਹਮਦਰਦ ਦੀ ਵਾਅਦਾ ਨਿਭਾਉਣੀ ਫ਼ਿਤਰਤ ਦੇ, ਪ੍ਰੋਗਰਾਮ ਸਾਢੇ ਨੌਂ ਵਜੇ ਸ਼ੁਰੂ ਹੋਣਾ ਸੀ ਤੇ ਹਮਦਰਦ ਹੁਰੀਂ ਸਾਢੇ ਅੱਠ ਵਜੇ ਹੀ ਆਪਣੇ ਲਾਓ-ਲਸ਼ਕਰ ਨਾਲ ਦੀਪ ਦਾ ਘਰ ਲੱਭਦੇ ਫਿਰ ਰਹੇ ਸਨ...*

ਗੁਰਦੀਪ ਭਾਟੀਆ ਨੂੰ ਮੈਂ ਉਸ ਦੀ ਅੱਲ੍ਹੜ ਉਮਰ ਤੋਂ ਜਾਣਦਾ ਹਾਂ। ਉਦੋਂ ਉਹ ਆਪਣੀ ਗੋਤ 'ਭਾਟੀਆ' ਨੂੰ ਹੀ ਤਖ਼ੱਲਸ ਦੇ ਤੌਰ 'ਤੇ ਵਰਤਿਆ ਕਰਦਾ ਸੀ। 'ਦੀਪ' ਉਪਨਾਮ ਤਾਂ ਉਸ ਨੂੰ ਡਾ. ਸਾਧੂ ਸਿੰਘ ਹਮਦਰਦ ਨੇ ਲਾਡ ਨਾਲ ਦਿੱਤਾ ਸੀ, ਜੋ ਭਾਟੀਆ ਨੇ ਤਗਮੇ ਵਾਂਗ ਆਪਣੇ ਦਿਲ 'ਤੇ ਅਤੇ ਕਲਗੀ ਵਾਂਗ ਆਪਣੀ ਦਸਤਾਰ 'ਤੇ ਸਜਾ ਲਿਆ। ਹਮਦਰਦ 'ਦੀਪ' ਨੂੰ ਆਪਣੇ ਪੁੱਤਰਾਂ ਸਮਾਨ ਹੀ ਸਮਝਿਆ ਕਰਦਾ ਸੀ। ਮੈਨੂੰ ਯਾਦ ਹੈ ਜਦ ਦੀਪ ਨੇ ਮਲੇਰ ਕੋਟਲੇ ਇਕ ਵੱਡਾ ਸਾਹਿਤਕ ਸਮਾਗਮ ਰੱਖ ਲਿਆ, ਜਿਸ ਦੀ ਪ੍ਰਧਾਨਗੀ ਡਾ. ਹਮਦਰਦ ਅਤੇ ਉਨ੍ਹਾਂ ਦੀ ਸੁਪਤਨੀ ਬੀਬੀ ਪ੍ਰਕਾਸ਼ ਕੌਰ ਨੇ ਕਰਨੀ ਸੀ। ਸਾਰੇ ਮਲੇਰ ਕੋਟਲੇ ਦੇ ਸਾਹਿਤਕ ਹਲਕਿਆਂ ਵਿਚ ਦੀਪ ਦਾ ਮੌਜੂ ਉਡਾਇਆ ਗਿਆ ਕਿ ਇਕ 'ਫੇਰੀ ਲਾਉਣ ਵਾਲੇ' ਦੇ ਸਮਾਗਮ ਵਿਚ ਹਮਦਰਦ ਨਾ ਆਇਆ। ਪਰ ਸਦਕੇ ਜਾਈਏ ਦੀਪ ਦੇ ਸਿਦਕ ਦੇ ਤੇ ਹਮਦਰਦ ਦੀ ਵਾਅਦਾ ਨਿਭਾਉਣੀ ਫ਼ਿਤਰਤ ਦੇ ਕਿ ਪ੍ਰੋਗਰਾਮ ਸਾਢੇ ਨੌਂ ਵਜੇ ਸ਼ੁਰੂ ਹੋਣਾ ਸੀ ਤੇ ਹਮਦਰਦ ਹੁਰੀਂ ਸਾਢੇ ਅੱਠ ਵਜੇ ਹੀ ਆਪਣੇ ਲਾਓ-ਲਸ਼ਕਰ ਨਾਲ ਦੀਪ ਦਾ ਘਰ ਲੱਭਦੇ ਫਿਰ ਰਹੇ ਸਨ।

ਮੈਨੂੰ ਇਹ ਵੀ ਯਾਦ ਹੈ, ਜਦੋਂ ਅਸੀਂ ਪਹਿਲੀ ਵਾਰ 1975 ਵਿਚ 'ਅਰਸ਼ਦੀਪ' ਮਾਸਿਕ ਪੱਤਰ ਸ਼ੁਰੂ ਕੀਤਾ ਸੀ। ਪਰਚਾ ਸੰਪਾਦਤ ਕਰ ਦੇ ਸਮੇਂ ਕਈ ਵਾਰ ਸੰਪਾਦਕ ਦੀਆਂ ਮਜਬੂਰੀਆਂ ਗ਼ੈਰਤਮੰਦ ਲੇਖਕਾਂ ਦੀਆਂ ਭਾਵਨਾਵਾਂ ਨੂੰ ਚੋਟ ਪਹੁੰਚਾ ਜਾਂਦੀਆਂ ਹਨ। ਦੀਪ ਨਾਲ ਵੀ ਸਾਡੇ ਵੱਲੋਂ ਕੁਝ ਐਸਾ ਹੀ ਵਾਪਰ ਗਿਆ। ਮੈਂ ਵੇਖਿਆ ਹੈ, ਵੱਡੇ-ਵੱਡੇ ਲੇਖਕ ਵੀ ਸੰਪਾਦਕ ਦੀ ਵਧੀਕੀ ਨੂੰ ਮਾਂ ਦਾ ਦੁੱਧ ਸਮਝ ਕੇ ਪੀ ਜਾਂਦੇ ਹਨ ਪਰ ਦੀਪ ਨੇ ਐਸੀ ਅਣਖ ਭਰੀ ਚਿੱਠੀ ਲਿਖੀ ਜਿਸ ਨੇ ਮੈਨੂੰ ਸਦਾ ਵਾਸਤੇ ਉਸ ਦਾ ਮਦਾਹ ਬਣਾ ਦਿੱਤਾ ਤੇ ਅੱਜ ਤਕ ਮੈਂ ਉਸ ਦੇ ਅਣਖੀ ਸੁਭਾਅ ਦਾ ਕਾਇਲ ਹਾਂ। ਮੇਰੀ ਤੇ ਦੀਪ ਦੀ ਦੋਸਤੀ ਦਾ ਰਾਜ਼ ਵੀ ਸਾਡੀ ਅਣਖੀ-ਸਾਂਝ ਹੀ ਹੈ।

ਦੀਪ ਨੇ ਕਦੀ ਹਲਕੇ ਜਾਂ ਬੇ-ਵਜ਼ਨੇ ਸ਼ਿਅਰ ਕਹੇ ਹੋਣਗੇ, ਮੈਨੂੰ ਯਾਦ ਨਹੀਂ। ਉਹ ਸਦਾ ਬੁਲੰਦ ਪਰਵਾਜ਼ ਅਤੇ ਸਮ-ਤੋਲ ਵਜ਼ਨ ਲੈ ਕੇ ਹੀ ਪਾਠਕਾਂ/ਸਰੋਤਿਆਂ ਦੇ ਰੂਬਰੂ ਹੋਇਆ ਹੈ। ਇਸ ਪ੍ਰਾਪਤੀ ਵਿਚ ਉਸ ਦੇ ਮਾਣਯੋਗ ਉਸਤਾਦ ਜਨਾਬ ਸੁਦਰਸ਼ਨ ਕੰਵਲ, ਮਲੇਰ ਕੋਟਲੇ ਵਾਲੇ, ਦਾ ਹੱਦੋਂ ਵੱਧ ਯੋਗਦਾਨ ਹੈ। ਦੀਪ ਦੱਸਦਾ ਹੈ ਕਿ ਜਦ ਵੀ ਉਸ ਨੇ ਆਪਣੇ ਉਸਤਾਦ ਜੀ ਨੂੰ ਗ਼ਜ਼ਲ ਸੁਣਾਉਣੀ ਉਨ੍ਹਾਂ ਨੇ ਬੜੇ ਧਿਆਨ ਨਾਲ ਸੁਣਨੀ, ਪਰ ਨਾਲ ਹੀ ਕਹਿ ਦੇਣਾ 'ਇਸ ਨੂੰ ਪਾੜ ਦੇ, ਹੋਰ ਲਿਖ।' ਬੇਸ਼ਕ ਦੀਪ ਨੇ ਮਨ ਵਿਚ ਮਹਿਸੂਸ ਕਰਨਾ ਕਿ ਦੋਸਤਾਂ ਵੱਲੋਂ ਐਨੀ ਸਲਾਹੀ ਜਾਣ ਵਾਲੀ ਗ਼ਜ਼ਲ ਨੂੰ 'ਪਾੜ ਦੇਣ' ਵਾਸਤੇ ਕਿਉਂ ਕਿਹਾ ਜਾ ਰਿਹਾ ਹੈ, ਪਰ ਉਸ ਨੇ ਉਹ ਗ਼ਜ਼ਲ ਪਾੜ ਹੀ ਦੇਣੀ ਤੇ ਹੋਰ ਗ਼ਜ਼ਲ ਉਸ ਤੋਂ ਵੀ ਵੱਧ ਮਿਹਨਤ ਅਤੇ ਚੌਕਸੀ ਨਾਲ ਲਿਖਣੀ, ਭਾਵੇਂ ਅੰਜ਼ਾਮ ਉਸ ਦਾ ਵੀ ਉਹੋ ਹੀ ਹੋਣਾ। ਇਸ ਮੁਸੱਲਸਲ ਰਿਆਜ਼ ਦੀ ਕੁਠਾਲੀ ਨੇ ਦੀਪ ਦੀ ਗ਼ਜ਼ਲ ਨੂੰ ਕੁੰਦਨ ਬਣਾ ਕੇ ਹੀ ਗ਼ਜ਼ਲ-ਖੇਤਰ ਵਿਚ ਪ੍ਰਵੇਸ਼ ਕਰਵਾਇਆ। ਜਿਸ ਕਾਰਨ ਸ਼ੁਰੂ ਤੋਂ ਹੀ ਗ਼ਜ਼ਲਗੋਆਂ ਵਿਚ ਦੀਪ ਦਾ ਠੁੱਕ ਬੱਝ ਗਿਆ।

ਦੀਪ ਦੇ ਸ਼ਿਅਰ ਹਮੇਸ਼ਾ ਖ਼ਿਆਲ, ਵਜ਼ਨ ਅਤੇ ਵਿਆਕਰਨ ਪੱਖੋਂ ਸੰਪੂਰਨ ਹੁੰਦੇ ਹਨ। ਉਸ ਦੀ ਗ਼ਜ਼ਲ ਦਾ ਮੀਰੀ-ਗੁਣ ਸਪਸ਼ਟਤਾ ਤੇ ਸਾਦਗੀ ਹੈ। ਜਦੋਂ ਭਾਟੀਆ ਦਾ ਪਹਿਲਾ ਗ਼ਜ਼ਲ-ਸੰਗ੍ਰਹਿ 'ਸੁਲਗਦੇ ਅਹਿਸਾਸ' ਛਪ ਰਿਹਾ ਸੀ ਤਾਂ ਮੈਂ ਉਸ ਨੂੰ ਕਿਹਾ ਕਿ ਇਸ ਕਿਤਾਬ ਦੇ ਛਪ ਜਾਣ ਪਿੱਛੋਂ ਇਸ ਪਾਏ ਦੀ ਹੋਰ ਗ਼ਜ਼ਲ-ਪੁਸਤਕ ਪੰਜਾਬੀ ਸਾਹਿਤ ਵਿੱਚੋਂ ਲੱਭਣੀ ਮੁਸ਼ਕਿਲ ਹੋ ਜਾਵੇਗੀ। ਇਸ ਦਾ ਉਹ ਹਮੇਸ਼ਾਂ ਇਹੋ ਹੀ ਉੱਤਰ ਦਿੰਦਾ ਹੈ ਕਿ ਤੁਹਾਡੀ ਸੰਗਤ ਦਾ ਹੀ ਫਲ ਹੈ। ਪਿੱਛੇ ਜਿਹੇ ਇਕ ਬਹੁਤ ਹੀ ਪਿਆਰੇ ਵਿਦਵਾਨ ਦੋਸਤ ਨੇ ਦੀਪ ਨੂੰ ਕਿਹਾ ਕਿ ਕੁਝ ਲਫ਼ਜ਼ ਏਧਰ-ਓਧਰ ਕਰ ਲਿਆ ਕਰ, ਤੇਰੇ ਸ਼ਿਅਰ ਤਾਂ ਬਿਲਕੁਲ ਵਾਰਤਕ ਵਰਗੇ ਹੀ ਹੁੰਦੇ ਨੇ। ਜਦ ਦੀਪ ਨੇ ਇਹ ਗੱਲ ਮੈਨੂੰ ਦੱਸੀ ਤਾਂ ਮੇਰੇ ਮੂੰਹੋਂ ਇਕ ਦਮ ਨਿਕਲਿਆ-'ਬਸ ਬਸ ਬਸ, ਸਾਨੂੰ ਇਹੋ ਹੀ ਰੀਮਾਰਕਸ ਚਾਹੀਦੇ ਸਨ। ਇਹ ਤੁਹਾਡੇ ਸ਼ਿਅਰਾਂ ਲਈ ਸਨਦ ਹੋ ਗਈ ਭਾਟੀਆ! ਅਸਲ ਸ਼ਾਇਰੀ ਹੈ ਹੀ ਉਹੀ ਜੋ ਵਜ਼ਨ, ਬਹਿਰ, ਕਾਫ਼ੀਆ, ਰਦੀਫ਼ ਆਦਿ ਅਰੂਜ਼ ਤੇ ਪਿੰਗਲ ਦੀਆਂ ਸਾਰੀਆਂ ਬੰਧਸ਼ਾਂ ਵਿਚ ਪੂਰੀ ਉੱਤਰਦੀ ਹੋਈ ਵੀ ਵਾਰਤਕ ਵਰਗੀ ਸਰਲ ਤੇ ਵਿਆਕਰਨ ਪੱਖੋਂ ਬਿਲਕੁਲ ਵਾਰਤਕ ਜਿੰਨੀ ਹੀ ਸਹੀ ਹੋਵੇ। ਦੀਪ ਤੂੰ ਸ਼ਾਇਰੀ ਦੇ ਇਮਤਿਹਾਨ ਵਿੱਚੋਂ ਪਾਸ ਹੀ ਨਹੀਂ ਹੋਇਆ, ਸਗੋਂ ਮੈਂ ਸਮਝਦਾ ਹਾਂ ਕਿ 'ਗੋਲਡ-ਮੈਡਲਿਸਟ' ਹੋ ਗਿਆ।' ਮੇਰੇ ਇਸ ਕਥਨ ਦੀ ਪ੍ਰੋੜ੍ਹਤਾ ਲਈ ਕੁਝ ਸ਼ਿਅਰ ਵੰਨਗੀ ਦੇ ਤੌਰ ਤੇ ਵੇਖੋ :

*ਕਹੀਂ ਨਾ, ਚਾਰ ਅੱਖਰ ਹੀ ਲਿਖੇ ਨੇ।*
*ਮੁਹੱਬਤ ਹੈ ਤਾਂ ਏਨੇ ਹੀ ਬੜੇ ਨੇ।*

*ਝੂਠ ਨੂੰ ਝੂਠ ਕਿਹਾ, ਉਸ ਨੂੰ ਬੁਰਾ ਲਗਦਾ ਹੈ।*
*ਮੈਨੂੰ ਉਹ ਵਕਤ ਦੀ ਸਰਕਾਰ ਜਿਹਾ ਲਗਦਾ ਹੈ।*

*ਚੜ੍ਹਦੀ ਸਵੇਰ ਦੇ ਗਈ ਅਖ਼ਬਾਰ, ਦੇਖੀਏ!*
*ਕੀ ਕੀ ਹਨੇਰ ਪਾ ਰਿਹੈ ਸੰਸਾਰ, ਦੇਖੀਏ!*

ਇਨ੍ਹਾਂ ਸ਼ਿਅਰਾਂ ਦੇ ਖ਼ਿਆਲਾਂ ਨੂੰ ਜੇ ਵਾਰਤਕ ਵਿਚ ਵੀ ਲਿਖਣਾ ਹੋਵੇ ਤਾਂ ਆਪਾਂ ਇਸ ਵਿਚ ਕੀ ਤਬਦੀਲੀ ਕਰ ਸਕਾਂਗੇ? ਬਸ, ਇਹ ਗੁਣ ਸ਼ਾਇਰੀ ਦਾ ਸ਼ਿਖ਼ਰ ਹੈ, ਜੋ ਦੀਪ ਨੇ ਪ੍ਰਾਪਤ ਕਰ ਲਿਆ ਹੈ।

ਕਲਾ ਵਿਚ ਜਦੋਂ ਕੋਈ ਕਲਾਕਾਰ ਆਪਣੀ ਕਲਾ ਵਿਚ 'ਮਾਸਟਰੀ' ਹਾਸਿਲ ਕਰ ਲਵੇ ਤਾਂ ਉਸ ਨੂੰ 'ਉਸਤਾਦ' ਦਾ ਰੁਤਬਾ ਮਿਲ ਜਾਂਦਾ ਹੈ, ਚਾਹੇ ਉਸ ਦਾ ਕੋਈ ਹਕੀਕੀ ਸ਼ਾਗਿਰਦ ਨਾ ਵੀ ਹੋਵੇ। ਭਾਟੀਏ ਨੂੰ 'ਉਸਤਾਦੀ' ਦੀ ਸਨਦ ਤਾਂ ਕਦੋਂ ਦੀ ਮਿਲ ਚੁੱਕੀ ਹੈ ਪਰ ਹੁਣ ਉਸ ਦੇ ਆਪਣੇ ਕਈ ਸ਼ਾਗਿਰਦ ਵੀ ਹਨ ਜਿਨ੍ਹਾਂ ਨੂੰ ਉਹ ਸਹੀ ਸੇਧ ਦੇ ਕੇ ਮੰਜ਼ਿਲੇ-ਮਕਸੂਦ ਤੱਕ ਪਹੁੰਚਾਉਣ ਦੇ ਆਹਰ ਵਿੱਚ ਹੈ। ਹੋਣਹਾਰ ਸ਼ਾਇਰ ਸਰਬਜੀਤ ਸਿੰਘ 'ਜੀਤ' ਉਸ ਦੇ ਉੱਤਮ ਗ਼ਜ਼ਲਾਂ ਕਹਿਣ ਵਾਲੇ ਸ਼ਾਗਿਰਦਾਂ ਵਿੱਚੋਂ ਸਿਰਕੱਢ ਸ਼ਾਗਿਰਦ ਹੈ। ਭਾਟੀਆ ਆਪਣੇ ਕੋਲ ਮਿਲਣ ਆਏ ਕਿਸੇ ਵੀ ਨੌਜਵਾਨ ਸ਼ਇਰ ਨੂੰ ਸਹੀ ਸੇਧ ਦੇਣ ਤੋਂ ਕਦੀ ਨਹੀਂ ਉੱਕਦਾ। ਕਈ ਵਾਰ ਜਦੋਂ ਅੱਜ ਦੇ ਕਮ-ਚੋਰ ਸ਼ਾਇਰ ਮੁਫ਼ਤ ਮਿਲੀ 'ਅਕਲ' ਨੂੰ ਵੀ ਲੈਣ ਤੋਂ ਆਨਾ-ਕਾਨੀ ਕਰਦੇ ਹਨ ਅਤੇ ਇਸ ਦਾ ਮਨ ਹੀ ਮਨ ਵਿਚ ਬੁਰਾ ਮਨਾਉਂਦੇ ਹਨ ਤਾਂ ਭਾਟੀਆ ਆਪ-ਮੁਹਾਰੇ ਕਹਿ ਰਹਿ ਉੱਠਦਾ ਹੈ :

*ਹਰਿਕ ਸ਼ਾਇਰ ਦੀ ਕੌੜੀ ਅੱਖ,*
*ਰਹਿੰਦੀ ਹੈ ਮੇਰੇ ਵੱਲ ਹੀ,*
*ਬੜਾ ਮਹਿੰਗਾ ਪਿਐ ਮੈਨੂੰ ਗ਼ਜ਼ਲ ਦਾ ਪਾਰਖੂ ਹੋਣਾ।*

ਬੇ-ਗੁਰੇ ਸ਼ਾਇਰ, ਜਿਨ੍ਹਾਂ ਨੇ ਆਪ ਕਿਸੇ ਉਸਤਾਦ ਨੂੰ ਉਸਤਾਦ ਨਹੀਂ ਮੰਨਿਆਂ, ਪਰ ਆਪ ਨੌਜਵਾਨ ਸ਼ਾਇਰਾਂ ਤੋਂ ਗੋਡੀਂ ਹੱਥ ਲਗਵਾਉਣ ਦੀ ਲਾਲਸਾ ਨੂੰ ਤਿਆਗ ਨਹੀਂ ਸਕਦੇ, ਉਨ੍ਹਾਂ ਬਾਰੇ ਭਾਟੀਏ ਦੇ ਵਿਅੰਗ ਦੇ ਤੀਰ ਬੜੇ ਕਾਟਵੇਂ ਹੁੰਦੇ ਹਨ। ਜਿਵੇਂ :

*ਅਜੋਕੇ ਦੌਰ ਵਿਚ ਕੋਈ ਵੀ ਸ਼ਿਸ਼ ਬਣਨਾ ਨਹੀਂ ਚਾਹੁੰਦਾ,*
*ਜਦੋਂ ਕਿ ਲੋਚਦੈ ਹਰ ਕੋਈ, ਹਰ ਇਕ ਦਾ ਗੁਰੂ ਹੋਣਾ।*

1990 ਦੇ ਕਰੀਬ ਇਕ ਦਿਨ ਦੀਪ ਆਪਣੇ ਦੋਹਾਂ ਬੱਚਿਆਂ ਨਾਲ, ਦਕੋਹੇ ਦੇ ਹੀ ਗੁਆਂਢੀ ਪਿੰਡ, ਢਿਲਵਾਂ ਵਿਚ ਸਕੂਟਰ 'ਤੇ ਜਾਂਦਾ ਮਿਲ ਪਿਆ। ਮੈਨੂੰ ਐਨੀ ਖ਼ੁਸ਼ੀ ਹੋਈ ਜਿਵੇਂ ਮੈਨੂੰ ਕੋਈ ਬੜੀ ਹੀ ਦੁਰਲੱਭ ਚੀਜ਼ ਮਿਲ ਗਈ ਹੋਵੇ। ਜਦੋਂ ਦੀਪ ਨੇ ਦੱਸਿਆ ਕਿ ਉਹ ਢਿਲਵਾਂ ਵਿਚ ਹੀ ਡਾਕਟਰੀ ਦੀ ਪ੍ਰੈਕਟਿਸ ਕਰ ਰਿਹਾ ਹੈ ਤਾਂ ਮੈਂ ਦੰਗ ਰਹਿ ਗਿਆ। ਮਲੇਰ ਕੋਟਲੇ ਵਿਚ ਪਰਚੂਨ, ਬਜਾਜੀ ਆਦਿ ਦੀ ਦੁਕਾਨ ਕਰਦਾ ਕਰਦਾ ਉਹ ਡਾਕਟਰ ਕਿਵੇਂ ਬਣ ਗਿਆ? ਪਰ ਇਹ ਵੀ ਦੀਪ ਦੇ ਦ੍ਰਿੜ-ਇਰਾਦੇ ਦਾ ਹੀ ਕ੍ਰਿਸ਼ਮਾ ਕਹਿ ਲਵੋ ਕਿ ਉਸ ਦਾ ਰੋਟੀ-ਰੋਜ਼ੀ ਦੇ ਮਸਲੇ ਵਿਚ ਜਿੱਥੇ ਵੀ ਨਹੁੰ ਅੜਿਆ, ਉਸ ਨੇ ਉੱਥੋਂ ਹੀ ਉੱਪਰ ਵੱਲ ਚੜ੍ਹਨ ਦੀ ਹਰ ਸੰਭਵ ਕੋਸ਼ਿਸ਼ ਕੀਤੀ ਤੇ ਸਫਲ ਵੀ ਹੋਇਆ।

ਅਸਲ ਵਿਚ ਦੀਪ ਦੀ ਕਿਸਮਤ ਅਤੇ ਰਿਸ਼ਤੇਦਾਰਾਂ, ਦੋਸਤਾਂ ਮਿੱਤਰਾਂ ਦੀ ਠਿੱਬੀ ਨੇ ਹੀ ਉਸ ਨੂੰ ਮੇਰੇ ਗੁਆਂਢ ਲਿਆ ਸੁੱਟਿਆ ਸੀ। ਮਿੱਤਰਾਂ ਪਿਆਰਿਆਂ ਦੀ ਮਾਰੀ ਹੋਈ ਇਹ ਲੱਤ ਕੁੱਬੇ ਦਾ ਕੁੱਬ ਕੱਢ ਗਈ। ਹੁਣ ਉਸ ਕੋਲ ਆਪਣਾ ਘਰ ਹੈ। 'ਕਾਮਯਾਬ ਡਾਕਟਰੀ ਕਲੀਨਿਕ' ਵੱਲੋਂ 'ਭਾਟੀਆਂ' ਦੇ ਸੁਭਾਅ ਅਨੁਸਾਰ ਉਹ ਫਿਰ ਬਜਾਜੀ ਵੱਲ ਛਾਲ ਮਾਰ ਕੇ, ਆਪਣੇ ਹੋਣਹਾਰ, ਆਗਿਆਕਾਰ ਅਤੇ ਬੜੀ ਹੀ ਪਿਆਰੀ ਤਬੀਅਤ ਵਾਲੇ ਖ਼ੂਬਸੂਰਤ ਬੇਟੇ ਸੁਮੀਤ ਨਾਲ ਰਾਮਾ ਮੰਡੀ (ਜਲੰਧਰ) ਵਿਚ ਪ੍ਰਮੁੱਖ ਬਜਾਜ ਬਣ ਬੈਠਾ। ਪਰ ਰੁਜ਼ਗਾਰ ਦੇ ਪੜੁੱਲ 'ਤੇ ਉਹ ਹੋਰ ਕਈ ਛਾਲਾਂ ਮਾਰਨ ਮਗਰੋਂ ਅੱਜ-ਕਲ੍ਹ ਡਰੋਲੀ ਕਲਾਂ ਦੇ ਕਾਲਜ ਦੇ ਸਾਹਮਣੇ ਆਪਣਾ ਸੁਹਣਾ 'ਰਿਫਰੈਸ਼ਮੈਂਟ ਹੋਮ' ਚਲਾ ਰਿਹਾ ਹੈ। ਪਰ ਮਲੇਰ ਕੋਟਲਾ ਛੱਡਣ ਦੀਆਂ ਕੌੜੀਆਂ ਕੁਸੈਲੀਆਂ ਯਾਦਾਂ ਨੂੰ ਉਹ ਨਾ ਭੁੱਲਾ ਸਕਿਆ, ਨਾ ਭੁੱਲ ਸਕੇਗਾ। ਇਸ ਸਾਰੇ ਘਟਨਾ-ਚੱਕਰ ਦੀ ਗੁਆਹੀ ਉਸ ਦੇ ਸ਼ਿਅਰ ਭਰਦੇ ਹਨ। ਜਿਵੇਂ :

*ਸੱਤ-ਬਿਗਾਨੇ ਲੋਕਾਂ ਵਿਚ, ਤੇ ਅਪਣੇ ਘਰ ਤੋਂ ਦੂਰ,*
*ਕੋਈ ਕਿਸੇ ਮਜਬੂਰੀ ਵੱਸ ਹੀ ਕਰਦਾ ਹੈ ਪਰਵਾਸ।*



ਆਪਣੇ ਹੋ ਕੇ ਵੀ ਔਕੜ ਵੇਲੇ ਮੂੰਹ ਮੋੜ ਲੈਣ ਵਾਲੇ 'ਆਪਣਿਆਂ' ਬਾਰੇ ਉਹ ਖ਼ੂਬ ਕਹਿੰਦਾ ਹੈ :

*ਉਨ੍ਹਾਂ ਨੂੰ ਮੇਰਿਆਂ ਜ਼ਖ਼ਮਾਂ ਦੀ ਪੀੜ ਹੋਵੇ ਕਿਵੇਂ,*
*ਉਹ ਸਿਰਫ਼ 'ਆਪਣੇ' ਨੇ, ਦੁਖ-ਸੁਖ ਦੇ ਭਾਈਵਾਲ ਨਹੀਂ।*

ਦੀਪ ਬਹੁਤ ਮਿਹਨਤੀ ਸੁਭਾਅ ਦਾ ਸ਼ਖ਼ਸ ਹੈ। ਉਹ ਸੱਚ ਕਹਿੰਦਾ ਹੈ :

*ਨਿਰਧਨ ਸਹੀ ਧਨ ਵਾਲਿਓ, ਬੇਕਾਰ ਨਹੀਂ ਹਾਂ।*
*ਇਕ ਠੋਸ ਹਕੀਕਤ ਹਾਂ, ਸਮਾਚਾਰ ਨਹੀਂ ਹਾਂ।*

ਦੀਪ ਨੂੰ ਬਹੁਤ ਛੋਟੀਆਂ ਛੋਟੀਆਂ ਕਿਰਤਾਂ ਵੀ ਕੀਤੀਆਂ। ਉਸ ਨੇ ਫੇਰੀ ਲਾਈ, ਕਰਿਆਨੇ ਦੀ ਦੁਕਾਨ ਕੀਤੀ, ਕਮੇਟੀਆਂ ਪਾਈਆਂ, ਲੱਕੀ ਸਕੀਮਾਂ ਚਲਾਈਆਂ, ਇਲੈਕਟਰੀਕਲ ਸ਼ੋ-ਰੂਮ ਤੋਂ ਬਾਅਦ ਬਜਾਜੀ ਦਾ ਕੰਮ ਕੀਤਾ, ਬਾਕਾਇਦਾ ਡਾਕਟਰੀ ਸਿੱਖਿਆ ਲਈ ਤੇ ਕਾਮਯਾਬ ਕਲੀਨਿਕ ਚਲਾਉਣ ਮਗਰੋਂ ਹੁਣ ਫਿਰ ਬਜਾਜੀ ਦੇ ਕੰਮ ਵੱਲੋਂ ਖੁਆਉਣ-ਪਿਲਾਉਣ ਦੀ ਸੇਵਾ ਵੱਲ ਆਉਣ ਤਕ ਉਸ ਨੇ ਕਿਸੇ ਕੰਮ ਨੂੰ ਛੋਟਾ ਸਮਝ ਕੇ ਹੀਣਤਾ ਮਹਿਸੂਸ ਨਹੀਂ ਕੀਤੀ ਤੇ ਨਾ ਹੀ ਵੱਡੇ ਕੰਮ ਦਾ ਕਦੀ ਗ਼ਰੂਰ ਹੀ ਕੀਤਾ। ਉਸ ਨੇ ਤੰਗੀਆਂ-ਤੁਰਸ਼ੀਆਂ ਵਿਚ ਵੀ ਆਪਣੇ ਆਪ ਨੂੰ ਤੇ ਬੀਵੀ-ਬੱਚਿਆਂ ਨੂੰ ਇਉਂ ਹੀ ਹੌਂਸਲਾ ਦਿੱਤਾ ਹੈ :

*'ਅਜੇ ਨਾ ਹਾਰਿਓ ਦਿਲ', ਦਿਲ ਦੀ ਬਾਤ ਕਹਿੰਦੀ ਹੈ।*
*'ਗੁਜ਼ਰ ਹੀ ਜਾਏਗੀ, ਭੁੱਖਿਆਂ ਨੂੰ ਰਾਤ' ਕਹਿੰਦੀ ਹੈ।*

ਪਰ ਦੁੱਖ ਤਾਂ ਦੁੱਖ ਹੈ, ਦੁੱਖ ਦਾ ਅਹਿਸਾਸ ਜੇ ਇਕ ਸ਼ਾਇਰ ਦੇ ਦਿਲ ਨੂੰ ਨਹੀਂ ਹੋਵੇਗਾ ਤਾਂ ਕਿਸ ਨੂੰ ਹੋਵੇਗਾ?

*ਨਹੀਂ ਅੱਖੀਆਂ 'ਚ ਜੇ ਅੱਥਰੂ,*
*ਇਦ੍ਹਾ ਇਹ ਅਰਥ ਨਈਂ ਯਾਰੋ,*
*ਕਿ ਲੱਗੀ ਠੇਸ ਦਾ ਇਸ ਦਿਲ ਨੂੰ*
*ਦੁੱਖ ਨਾ ਪਹੁੰਚਿਆ ਹੋਵੇ।*

ਜਿਸ ਬੋਟ ਨੂੰ ਜੰਮਣ ਵਾਲੇ ਆਲ੍ਹਣੇ ਵਿੱਚੋਂ ਧੱਕਾ ਦੇ ਦੇਣ, ਉਸ ਦਾ ਤਾਂ ਫਿਰ ਅੱਲਾ ਹੀ ਬੇਲੀ ਹੁੰਦਾ ਹੈ। ਸੋ 'ਧੀਦੋ ਹੋ ਤੁਰਿਆ ਵਾਰਿਸ ਸ਼ਾਹ ਜੇਹਾ' ਦੀ ਹਾਲਤ ਵਿਚ ਜਦੋਂ ਦੀਪ ਆਪਣਿਆਂ ਦਾ ਹੀ ਸਤਾਇਆ ਹੋਇਆ, ਘਰ-ਬਾਰ ਤਿਆਗ ਕੇ ਪਰਦੇਸੀ ਹੋ ਤੁਰਿਆ ਤਾਂ ਵੀ ਦੋਖੀਆਂ ਨੇ ਉਸ ਤੇ ਆਵਾਜ਼ੇ ਕੱਸੇ ਤੇ ਦੂਸ਼ਣ ਲਾਏ। ਦੋਸਤਾਂ ਨੇ ਉਸ ਦੀ ਮਜਬੂਰੀ ਸਮੇਂ ਮਦਦ ਤਾਂ ਕੀ ਕਰਨੀ ਸੀ, ਉਲਟਾ ਉਸ ਨੂੰ ਜ਼ਲੀਲ ਕਰਨ ਦੀ ਪੂਰੀ ਵਾਹ ਲਾ ਦਿੱਤੀ। ਦੀਪ ਸਭ ਕੁਝ ਛੱਡ-ਛਡਾ ਕੇ, ਆਪਣੇ ਰੌਸ਼ਨ ਖ਼ਿਆਲਾਂ ਨੂੰ ਹੀ ਆਪਣੀ ਜੀਵਨ-ਪੂੰਜੀ ਸਮਝਦਾ, ਸੰਭਾਲਦਾ ਹੋਇਆ ਜਲੰਧਰ ਆਣ ਲੱਥਾ :

*ਇਕ ਲੁੱਟ ਨਾ ਹੋਏ ਓਸ ਤੋਂ, ਮੇਰੇ ਖ਼ਿਆਲ 'ਦੀਪ',*
*ਬਾਕੀ ਸਮਾਨ ਜੋ ਵੀ ਸੀ, ਬੋਰੀ 'ਚ ਪਾ ਲਿਆ।*

ਜਲੰਧਰ ਆਏ ਨੂੰ ਉਸ ਨੂੰ ਜਿਵੇਂ ਪੰਜਾਬੀ ਦੇ ਪੁਖ਼ਤਾ ਗ਼ਜ਼ਲਗੋਅ ਸੁਖਵੰਤ ਪੱਟੀ ਨੇ ਬੋਚ ਲਿਆ, ਉਸ ਦੇ ਪ੍ਰਭਾਵ ਥੱਲੇ ਦੀਪ ਆਪ-ਮੁਹਾਰੇ ਕਹਿ ਉੱਠਿਆ :

*ਨਾ ਖ਼ੂਨ ਦਾ ਦਾਅਵਾ ਹੈ, ਨਾ ਜ਼ਾਤ ਦਾ ਰੌਲ਼ਾ ਹੈ,*
*ਇਕ ਵੱਖਰੀ ਸਕੀਰੀ ਹੈ ਦੁਖ-ਸੁਖ ਦੇ ਖ਼ਿਆਲਾਂ ਦੀ।*

ਦੀਪ ਬੜੀ ਗਹਿਰ ਗੰਭੀਰ ਤਬੀਅਤ ਦਾ ਮਾਲਿਕ ਹੈ ਪਰ ਜਦ ਉਹ ਮੇਰੇ ਜਿਹੇ ਚੋਣਵੇਂ ਦੋਸਤਾਂ ਕੋਲ ਆਪਣੇ ਦੁੱਖ-ਸੁਖ ਸਾਂਝੇ ਕਰਦਾ ਹੈ ਤਾਂ ਉਸ ਦਾ ਸ਼ਿਅਰ ਆਪਣੇ ਆਪ ਸਿਰ ਚੜ੍ਹ ਬੋਲ ਉੱਠਦਾ ਹੈ :

*ਜਿਦ੍ਹੇ ਚਿਹਰੇ 'ਤੇ ਇਕ ਸੰਜਮ ਜਿਹੀ*
*ਮੁਸਕਾਨ ਰਹਿੰਦੀ ਹੈ,*
*ਕੀ ਉਸ ਦੇ ਮਨ 'ਚ ਸੋਚਾਂ ਦਾ*
*ਖਿਲਾਰਾ ਹੋ ਨਹੀਂ ਸਕਦਾ?*

*ਨਹੀਂ ਅੱਖੀਆਂ 'ਚ ਜੇ ਅੱਥਰੂ,*
*ਇਦ੍ਹਾ ਇਹ ਅਰਥ ਨਹੀਂ ਯਾਰੋ,*
*ਕਿ ਲੱਗੀ ਠੇਸ ਦਾ ਇਸ ਦਿਲ ਨੂੰ,*
*ਦੁੱਖ ਨਾ ਪਹੁੰਚਿਆ ਹੋਵੇ।*

ਪਰ ਅੱਜ ਦੀਪ ਆਪਣੀਆਂ ਤੰਗੀਆਂ-ਤੁਰਸ਼ੀਆਂ ਤੇ ਮਜਬੂਰੀਆਂ ਨੂੰ ਦ੍ਰਿੜ ਇਰਾਦੇ, ਹੌਂਸਲੇ ਤੇ ਮਿਹਨਤ ਦੇ ਪੈਰਾਂ ਹੇਠ ਦਰੜਦਾ ਹੋਇਆ, ਰਿਸ਼ਤੇਦਾਰੀਆਂ, ਸਮਾਜ ਅਤੇ ਸਾਹਿਤਕ ਖੇਤਰ ਵਿਚ ਆਪਣੀ ਹੋਂਦ ਦਾ ਰੜਕਵਾਂ ਅਹਿਸਾਸ ਕਰਵਾ ਰਿਹਾ ਹੈ। ਕਈ ਵਾਰ ਤਾਂ ਉਹ ਚਹਿਚਹਾ ਵੀ ਉੱਠਦਾ ਹੈ :

*ਉਹ ਉਂਗਲਾਂ ਮੂੰਹ 'ਚ ਪਾਉਂਦੇ ਨੇ*
*ਜੋ ਦਾਅਵੇ ਨਾਲ ਕਹਿੰਦੇ ਸੀ,*
*ਅਸਾਂ ਨੇ ਡੋਬ ਦਿੱਤੈ 'ਦੀਪ',*
*ਹੁਣ ਇਹ ਤਰ ਨਹੀਂ ਸਕਦਾ।*

ਦੀਪ ਮੇਰਾ ਬੜੇ ਤਰਸੇਵੇਂ ਦਾ ਦੋਸਤ ਹੈ। ਅਸੀਂ ਸਰੀਰਕ ਤੌਰ 'ਤੇ ਹੀ ਇਕ ਦੂਜੇ ਦੇ ਨੇੜੇ ਨਹੀਂ ਰਹੇ, ਸਗੋਂ ਖ਼ਿਆਲਾਂ ਤੇ ਮੁਹੱਬਤ ਦੇ ਪੱਖੋਂ ਵੀ ਅਤੇ ਮਾਨਸਿਕ ਤੌਰ ਤੇ ਵੀ ਇਕ ਦੂਜੇ ਦੇ ਸਾਂਝੀ ਅਤੇ ਪੂਰਕ ਹਾਂ। ਉਸ ਦੇ ਗੁਣਾਂ ਨੂੰ ਮੈਂ ਆਪਣੇ ਗੁਣ ਸਮਝਦਾ ਹੋਇਆ ਫ਼ਖ਼ਰ ਮਹਿਸੂਸ ਕਰਦਾ ਹਾਂ ਤੇ ਉਸ ਦੀਆਂ ਕਮਜ਼ੋਰੀਆਂ ਨੂੰ ਆਪਣੀਆਂ ਕਮਜ਼ੋਰੀਆਂ ਸਮਝਕੇ ਕਬੂਲ ਕਰਨ ਵਿਚ ਮੈਨੂੰ ਕੋਈ ਝਿਜਕ ਨਹੀਂ ਹੈ। ਮੇਰੀ ਹਰ ਵੇਲੇ ਇਹੀ ਦੁਆ ਰਹਿੰਦੀ ਹੈ ਕਿ ਪਰਮਾਤਮਾ ਉਸ ਦੀ ਸੋਚ ਨੂੰ ਸਦਾ ਹੀ ਇਸੇ ਤਰ੍ਹਾਂ ਸਹੀ ਦਿਸ਼ਾ ਪ੍ਰਦਾਨ ਕਰਦਾ ਰਹੇ ਅਤੇ ਦੀਪ ਇਕ ਇਨਸਾਨ ਅਤੇ ਇਕ ਸ਼ਾਇਰ ਦੇ ਤੌਰ ਤੇ ਹੋਰ ਬੁਲੰਦੀਆਂ ਹਾਸਿਲ ਕਰੇ। ਬੇਸ਼ੱਕ ਦੀਪ ਇਉਂ ਵੀ ਕਹਿੰਦਾ ਫਿਰੇ :

*ਉਹ ਜਦੋਂ ਮਿਲਦੇ ਨੇ, 'ਦੀਵਾਨ' ਦੀ ਗੱਲ ਕਰਦੇ ਨੇ,*
*'ਦੀਪ' ਸ਼ਾਇਰ ਲਈ 'ਦੀਵਾਨ' ਜ਼ਰੂਰੀ ਤਾਂ ਨਹੀਂ।*

ਪਰ ਹਕੀਕਤ ਇਹ ਹੈ ਕਿ ਅੱਜ ਗੁਰਦੀਪ ਭਾਟੀਆ 'ਦੀਪ' ਦੋ ਗ਼ਜ਼ਲ-ਮਜਮੂਹਿਆਂ ('ਸੁਲਘਦੇ-ਅਹਿਸਾਸ' ਅਤੇ 'ਸ਼ੀਸ਼ੇ ਦਾ ਕੀ ਕਸੂਰ?') ਦਾ ਸਾਹਿਬ-ਕਿਤਾਬ ਹੈ ਤੇ ਇਨ੍ਹਾਂ ਦੋਹਾਂ ਕਿਤਾਬਾਂ ਨੂੰ ਪਾਠਕਾਂ ਵੱਲੋਂ ਐਨਾਂ ਪਿਆਰ ਮਿਲਿਆ ਹੈ ਕਿ ਕਈ ਵਾਰ ਭਾਟੀਆ 'ਤੇ ਰਸ਼ਕ ਹੋ ਆਉਂਦਾ ਹੈ। ਪ੍ਰਮਾਤਮਾ ਭਾਟੀਆ ਦੀ ਕਲਮ ਨੂੰ ਹੋਰ ਬਲ ਬਖ਼ਸ਼ੇ ਤੇ ਕਲਾਮ ਨੂੰ ਹੋਰ ਬੁਲੰਦੀ। •

# ਇਤਿਹਾਸਕ ਨਾਵਲ ਸੂਰਜ ਦੀ ਅੱਖ



ਹਰਪਾਲ ਸਿੰਘ ਪੰਨੂ

ਮੋਬਾਈਲ 94642-51454

*ਸਰਕਾਰ ਖ਼ਾਲਸਾ ਦਾ ਅਦਬ, ਸਲੀਕਾ ਕਿੰਨਾ ਸ਼ਾਨਦਾਰ ਸੀ, ਇਹ ਤੱਥ ਤਾਂ ਵਿਦੇਸ਼ੀ ਵੀ ਲਿਖ ਗਏ ਹਨ। ਜਿਸ ਤਰ੍ਹਾਂ ਦੀ ਹੋਲੀ ਬਲਦੇਵ ਸਿੰਘ ਨੇ ਦਿਖਾਈ ਹੈ, ਯੂਪੀ ਦੇ ਗ਼ਰੀਬ ਲੋਕ ਤਾਂ ਖੇਡਦੇ ਦੇਖੇ, ਇਕ ਦੂਜੇ ਉੱਪਰ ਗੋਹਾ, ਗਾਰਾ ਵੀ ਸੁੱਟ ਦਿੰਦੇ ਹਨ। ਪੰਜਾਬ ਵਿਚ ਤਾਂ ਹੁਣ ਵੀ ਆਮ ਲੋਕ ਇਸ ਤਰ੍ਹਾਂ ਦਾ ਵਰਤਾਰਾ ਹੋਲੀ ਦੇ ਦਿਨ ਨਹੀਂ ਕਰਦੇ...*

*(ਲੜੀ ਜੋੜਨ ਲਈ ਅਦਬ ਦਾ 3 ਸਤੰਬਰ ਦਾ ਅੰਕ ਦੇਖੋ)*

ਮੇਰਾ ਰਣਜੀਤ ਸਿੰਘ ਉੱਤੇ ਲਿਖਿਆ ਲੇਖ ਪੜ੍ਹਕੇ ਇਕ ਮਿੱਤਰ ਨੇ ਫੋਨ ਕੀਤਾ, ਕਿਹਾ-ਤੇਰੀ ਲਿਖਤ ਪੜ੍ਹ ਲਈ ਹੈ। ਇਹ ਦੱਸ, ਰਣਜੀਤ ਸਿੰਘ ਵਿਚ ਕੋਈ ਨੁਕਸ ਨਹੀਂ ਸੀ? ਮੈਂ ਕਿਹਾ-ਤੇਰੀ ਲਿਖਤ ਪੜ੍ਹੀ ਸੀ, ਇਹ ਦੱਸ ਰਣਜੀਤ ਸਿੰਘ ਵਿਚ ਗੁਣ ਨਹੀਂ ਸੀ? ਔਗੁਣ ਹੀ ਔਗੁਣ ਲਿਖੇ ਦੇਖੇ ਤਾਂ ਸਮਤੋਲ ਕਾਇਮ ਕਰਨ ਲਈ ਮੈਂ ਗੁਣ ਹੀ ਗੁਣ ਲਿਖ ਦਿੱਤੇ। ਜੇ ਤੂੰ ਕੋਈ ਗੁਣ ਲਿਖਦਾ, ਮੈਂ ਕੋਈ ਔਗਣ ਵੀ ਲਿਖ ਸਕਦਾ ਫਿਰ।

ਰਣਜੀਤ ਸਿੰਘ ਨੂੰ ਲਾਹੌਰ ਵਿਚ ਹੋਲੀ ਖੇਡਦਾ ਦਿਖਾਇਆ ਹੈ, ਸ਼ਰਾਬ ਪੀਤੀ ਹੋਈ ਹੈ, ਹਾਥੀ ਉੱਪਰ ਮੋਰਾਂ ਆਪਣੇ ਨਾਲ ਬਿਠਾ ਰੱਖੀ ਹੈ, ਰੰਗ ਪਾਉਂਦਿਆਂ ਪਾਉਂਦਿਆਂ ਸਰਦਾਰ ਇਕ ਦੂਜੇ ਨੂੰ ਪੱਥਰ ਮਾਰਨ ਲੱਗਦੇ ਹਨ, ਜੁੱਤੀਆਂ ਮਾਰਨ ਲੱਗਦੇ ਹਨ। ਸਰਕਾਰ ਖ਼ਾਲਸਾ ਦਾ ਅਦਬ, ਸਲੀਕਾ ਕਿੰਨਾ ਸ਼ਾਨਦਾਰ ਸੀ, ਇਹ ਤੱਥ ਤਾਂ ਵਿਦੇਸ਼ੀ ਵੀ ਲਿਖ ਗਏ ਹਨ। ਜਿਸ ਤਰ੍ਹਾਂ ਦੀ ਹੋਲੀ ਬਲਦੇਵ ਸਿੰਘ ਨੇ ਦਿਖਾਈ ਹੈ, ਯੂਪੀ ਦੇ ਗ਼ਰੀਬ ਲੋਕ ਤਾਂ ਖੇਡਦੇ ਦੇਖੇ ਹਨ, ਇਕ ਦੂਜੇ ਉੱਪਰ ਗੋਹਾ, ਗਾਰਾ ਵੀ ਸੁੱਟ ਦਿੰਦੇ ਹਨ। ਪੰਜਾਬ ਵਿਚ ਤਾਂ ਹੁਣ ਵੀ ਆਮ ਲੋਕ ਇਸ ਤਰ੍ਹਾਂ ਦਾ ਵਰਤਾਰਾ ਹੋਲੀ ਦੇ ਦਿਨ ਨਹੀਂ ਕਰਦੇ।

ਆਪਣੇ ਵਜ਼ੀਰਾਂ, ਅਫ਼ਸਰਾਂ ਨਾਲ ਗੱਲਾਂ ਕਰਦਿਆਂ ਰਣਜੀਤ ਸਿੰਘ ਤੋਂ ਜਿਹੜੇ ਵਾਕ ਬੁਲਵਾਏ ਹਨ ਉਹ ਨੀਵੀਂ ਪੱਧਰ ਦੇ ਹਨ। ਚੇਤੇ ਰਹੇ ਕਿ ਰਣਜੀਤ ਸਿੰਘ ਹੱਲ ਵਾਹੁੰਦਾ-ਵਾਹੁੰਦਾ ਅਚਾਨਕ ਇਕ ਦਿਨ ਮਹਾਰਾਜੇ ਦੀ ਗੱਦੀ 'ਤੇ ਨਹੀਂ ਬੈਠ ਗਿਆ ਸੀ। ਮਹਾਰਾਜੇ ਦੇ ਬਾਬਾ ਚੜ੍ਹਤ ਸਿੰਘ ਦਾ ਬਾਬਾ, ਬੁੱਢਾ ਸਿੰਘ ਗੁਰੂ ਹਰਿਰਾਇ ਦਾ ਸਿੱਖ ਸਜਿਆ ਜਿਸ ਨੇ ਦਸਮ ਪਾਤਸ਼ਾਹ ਤੋਂ ਅੰਮ੍ਰਿਤ ਛਕਿਆ ਤੇ ਬਾਬਾ ਬੰਦਾ ਸਿੰਘ ਦੀ ਸੈਨਾ ਵਿਚ ਸੂਰਮਗਤੀ ਦੇ ਜੌਹਰ ਦਿਖਾਏ। ਮਿਸਲ ਸ਼ੁਕਰਚੱਕ ਦੀ ਸਥਾਪਨਾ ਬੁੱਢਾ ਸਿੰਘ ਨੇ ਕਰ ਦਿੱਤੀ ਸੀ। ਇਨ੍ਹਾਂ ਸਰਦਾਰਾਂ ਵਿਚ ਬੋਲ ਬਾਣੀ ਦਾ ਸਲੀਕਾ ਪੁਸ਼ਤਾਂ ਤੋਂ ਤੁਰਿਆ ਆਇਆ ਸੀ। ਵੈਸੇ ਵੀ ਮਝੈਲ, ਰਹਿਣ-ਸਹਿਣ, ਬੋਲਣ-ਚਲਣ ਵਿਚ ਬਾਕੀ ਦੇ ਪੰਜਾਬੀਆਂ ਤੋਂ ਅੱਗੇ ਸਨ ਤੇ ਹਨ।

ਜੋ ਕੁਝ ਸਾਡੇ ਸਾਹਮਣੇ ਪਏ ਸਰੋਤਾਂ ਵਿਚ ਮੌਜੂਦ ਹੈ, ਉਹ ਉਵੇਂ ਦਾ ਉਵੇਂ ਪਾਠਕਾਂ ਅੱਗੇ ਨਹੀਂ ਰੱਖਣਾ ਹੁੰਦਾ। ਛਾਣਨੀ ਨਹੀਂ ਤਾਂ ਰੋਟੀਆਂ ਵਿਚ ਕੋਕੜੂ, ਕੰਕਰ ਆਉਣਗੇ ਹੀ ਆਉਣਗੇ। ਸਾਲ 1975 ਵਿਚ ਗੁਰੂ ਤੇਗ ਬਹਾਦਰ ਸਾਹਿਬ ਦੀ ਤਿੰਨ ਸੌ ਸਾਲਾ ਸ਼ਹੀਦੀ ਸ਼ਤਾਬਦੀ ਮਨਾਈ ਗਈ ਸੀ। ਵਿਦਵਾਨਾਂ ਨੇ ਖੋਜ ਪੱਤਰ ਲਿਖੇ, ਪੜ੍ਹੇ।

ਡਾ. ਫੌਜਾ ਸਿੰਘ ਨੇ ਇਕ ਲੇਖ ਵਿਚ ਗੁਲਾਮ ਹੁਸੈਨ ਦਾ ਹਵਾਲਾ ਦੇ ਦਿੱਤਾ ਜਿਸ ਨੇ ਗੁਰੂ ਜੀ ਬਾਰੇ ਲਿਖਿਆ ਸੀ ਕਿ ਉਹ ਲੁੱਟਮਾਰ ਕਰਿਆ ਕਰਦੇ ਸਨ। ਮੂਲ ਫ਼ਾਰਸੀ ਵਾਕ ਦਾ ਅੰਗਰੇਜ਼ੀ ਉਲਥਾ ਸੀ। ਇਸ ਇਕ ਵਾਕ ਨੇ ਫੌਜਾ ਸਿੰਘ ਦੇ ਸਾਰੇ ਕੈਰੀਅਰ ਨੂੰ ਮਿੱਟੀ ਵਿਚ ਮਿਲਾ ਦਿੱਤਾ। ਥਾਂ ਥਾਂ ਲਿਖਤੀ ਤੇ ਜ਼ਬਾਨੀ ਮਾਫ਼ੀਆਂ ਮੰਗਦਾ ਫਿਰਿਆ। ਫੌਜਾ ਸਿੰਘ ਖ਼ਿਲਾਫ਼ ਆਖਰੀ ਸਟੀਕ ਲੇਖ ਕਪੂਰ ਸਿੰਘ ਨੇ ਲਿਖਿਆ, 1977 ਵਿਚ ਪੰਜਾਬੀ ਯੂਨੀਵਰਸਿਟੀ ਵਿਖੇ ਪੜ੍ਹਿਆ। ਜਿਸ ਵਿਚ ਉਨ੍ਹਾਂ ਨੇ ਦੱਸਿਆ ਕਿ ਗੁਲਾਮ ਹੁਸੈਨ ਦਾ ਹਵਾਲਾ ਫੌਜਾ ਸਿੰਘ ਨੇ ਮਨਘੜਤ ਨਹੀਂ ਸੀ ਦਿੱਤਾ, ਮੌਜੂਦ ਹੈ। ਫੌਜਾ ਸਿੰਘ ਨੇ ਉਸ ਦਾ ਵਾਕ ਲਿਖ ਦਿੱਤਾ, ਵਾਕ ਦੀ ਵਜ਼ਾਹਤ ਨਹੀਂ ਕੀਤੀ, ਸਮਝਿਆ ਗਿਆ ਕਿ ਫੌਜਾ ਸਿੰਘ, ਗੁਲਾਮ ਹੁਸੈਨ ਨਾਲ ਸਹਿਮਤ ਹੈ।

ਸਦਾ ਕੌਰ ਆਪਣੇ ਜਵਾਈ ਰਣਜੀਤ ਸਿੰਘ ਨੂੰ ਹਰ ਥਾਂ ਕਾਕਾ ਜੀ ਕਹਿ ਕੇ ਗੱਲ ਕਰਦੀ ਹੈ। ਉਨ੍ਹਾਂ ਦਿਨਾਂ ਵਿਚ ਕੀ, ਪਿਛਲੀ ਵੀਹਵੀਂ ਸਦੀ ਤਕ ਜਵਾਈਆਂ ਨੂੰ ਸਾਊ ਕਿਹਾ ਜਾਂਦਾ ਸੀ ਕਾਕਾ ਜੀ ਨਹੀਂ। ਕਾਕਾ ਜੀ ਪਿਛਲੇ ਤੀਹ ਕੁ ਸਾਲਾਂ ਦੇ ਸਮੇਂ ਵਿਚ ਵਿਕਸਿਤ ਹੋਇਆ ਹੈ। ਪੰਜਾਬੀ ਦੇ ਇਕ ਉੱਘੇ ਨਾਵਲਕਾਰ ਨੇ ਤਾਂ ਲਿਖਤ ਵਿਚ ਗੁਰੂ ਜੀ ਦੇ ਸਾਹਿਬਜ਼ਾਦੇ ਨੂੰ ਵੀ ਕਾਕਾ ਜੀ ਲਿਖ ਦਿੱਤਾ ਸੀ। ਵਡੇਰੀਆਂ ਔਰਤਾਂ ਨੂੰ ਸ਼ਰਾਬਣਾਂ, ਕਬਾਬਣਾਂ ਤੇ ਦੁਰਾਚਾਰਨੀਆਂ ਦਿਖਾ ਕੇ ਚਟਖਾਰੇ ਲਏ ਹਨ। ਲਿਖਿਆ ਹੈ ਜਦੋਂ ਮਹਾਰਾਣੀ ਜਿੰਦਾ ਨਾਲ ਵਿਆਹ ਹੋਇਆ ਉਦੋਂ ਤਾਂ ਰਣਜੀਤ ਸਿੰਘ ਨਪੁੰਸਕ ਹੋ ਚੁੱਕਾ ਸੀ, ਗੱਲਾਂ ਹੋ ਰਹੀਆਂ ਹਨ ਕਿ ਦਲੀਪ ਸਿੰਘ ਮਹਾਰਾਜੇ ਦਾ ਨਹੀਂ ਮਾਸ਼ਕੀ ਦਾ ਬੀਜ ਹੈ। ਇਸੇ ਤਰ੍ਹਾਂ ਰਾਣੀ ਮਹਿਤਾਬ ਕੌਰ ਦੇ ਦੋ ਜੌੜੇ ਬੇਟੇ ਜਨਮ ਲੈਂਦੇ ਹਨ ਤਾਂ ਰਣਜੀਤ ਸਿੰਘ ਨੂੰ ਪਤਾ ਸੀ ਇਕ ਲੜਕਾ ਧੋਬੀ ਦਾ ਹੈ ਦੂਜਾ ਸਦਾ ਕੌਰ ਦੀ ਇਕ ਨੌਕਰਾਣੀ ਦਾ। ਨਮੋਸ਼ੀ ਤੋਂ ਬਚਣ ਲਈ ਰਣਜੀਤ ਸਿੰਘ ਨੇ ਖ਼ੁਸ਼ੀ ਮਨਾਉਣ ਦਾ ਹੁਕਮ ਦਿੱਤਾ। (ਪੰਨਾ 209)

ਹਕੀਮ ਮਹਾਰਾਜਾ ਨੂੰ ਦਵਾਈ ਦੇਣ ਆਇਆ ਤਾਂ ਆਪਣੇ ਜੁਆਨ ਬੇਟੇ ਅਜੀਜ਼ਉਦੀਨ ਨੂੰ ਵੀ ਨਾਲ ਲਿਆਇਆ। ਇਸ ਜੁਆਨ ਦੀ ਜ਼ਬਾਨ ਏਨੀ ਬਾਅਦਬ ਕਿ ਮਹਾਰਾਜੇ ਨੇ ਹਕੀਮ ਨੂੰ ਕਿਹਾ-ਇਹ ਬੇਟਾ ਸਾਡੇ ਮਹਿਲਾਂ ਵਿਚ ਰਹੇਗਾ। ਜਿਸ ਸ਼ਖ਼ਸ ਵਿਚ ਖ਼ੁਦ ਸਲੀਕਾ ਨਾ ਹੋਵੇ ਉਸ ਨੂੰ ਸਲੀਕੇਦਾਰ ਲੋਕ ਚੰਗੇ ਨਹੀਂ ਲੱਗਿਆ ਕਰਦੇ। ਮਹਾਰਾਜਾ ਆਪਣੇ ਤੋਂ ਛੋਟਿਆਂ ਨੂੰ ਵੀ ਤੁਸੀਂ ਕਹਿਕੇ ਬੁਲਾਉਂਦਾ ਹੁੰਦਾ ਸੀ। ਇਸ ਨਾਵਲ ਵਿਚ ਉਹ ਆਪਣੇ ਵਜ਼ੀਰਾਂ ਨਾਲ ਇਕ ਵਚਨ ਵਿਚ ਤੂੰ-ਤੂੰ ਕਹਿਕੇ ਗੱਲ ਕਰਦਾ ਹੈ।

ਸਰਕਾਰ ਖ਼ਾਲਸਾ ਦੀ ਮਾਇਕ ਹਾਲਤ ਏਨੀ ਮਾੜੀ ਹੋ ਗਈ ਕਿ ਮਹਾਰਾਜੇ ਨੇ ਸਾਰੇ ਮੁਲਾਜ਼ਮਾਂ ਨੂੰ ਦੋ ਦੋ ਮਹੀਨੇ ਦੀ ਤਨਖ਼ਾਹ ਜਮ੍ਹਾਂ ਕਰਵਾਉਣ ਲਈ ਕਿਹਾ। ਬਾਕੀ ਤਾਂ ਮੰਨ ਗਏ, ਜਰਨੈਲ ਐਲਾਰਡ ਅਤੇ ਵੈਨਤੂਰਾ ਅੜ ਗਏ, ਤਨਖ਼ਾਹ ਜਮ੍ਹਾਂ ਨਹੀਂ ਕਰਵਾਈ। ਮਹਾਰਾਜੇ ਨੇ ਤਲਬ ਕਰ ਲਏ। ਦਰਬਾਰ ਦੀ ਸਾਰੀ ਮਰਿਆਦਾ ਭਲਾ ਕੇ ਉਨ੍ਹਾਂ ਨੂੰ ਮਾਵਾਂ-ਭੈਣਾਂ ਦੀਆਂ ਗਾਲ੍ਹਾਂ ਕੱਢਣ ਲੱਗਾ। ਖੰਜਰ ਲੈ ਕੇ ਉਨ੍ਹਾਂ ਉੱਪਰ ਝਪਟਿਆ। (ਪੰਨਾ 409)

ਫਕੀਰ ਅਜੀਜ਼ਉਦੀਨ ਹੈਨਰੀ ਕੁਰਟ ਅਤੇ ਅਵੀਤਾਬੇਲ ਨੂੰ ਮਹਾਰਾਜੇ ਅੱਗੇ ਪੇਸ਼ ਕਰਦਿਆਂ ਆਖਦਾ ਹੈ, 'ਮਹਾਰਾਜ ਇਹ ਇਤਾਲਵੀ ਅਵੀਤਾਬੇਲ ਥੋੜ੍ਹਾ ਹਰਾਮੀ ਜਾਪਦਾ ਏ' (ਪੰਨਾ 420)। ਇਹ ਦੋਵੇਂ ਸਰਕਾਰ ਖ਼ਾਲਸਾ ਦੇ ਜਰਨੈਲ ਹਨ। (ਪੰਨਾ 430, 431 ਉੱਪਰ) ਲੈਲੀ ਨੂੰ ਘੋੜਾ ਦੱਸਦਾ ਹੈ ਪਰ (ਪੰਨਾ 594, 595



ਉੱਪਰ) ਲੈਲੀ ਅਚਾਨਕ ਘੋੜੀ ਹੋ ਗਈ। ਘੋੜਿਆਂ ਦੇ ਵਪਾਰੀ ਜੋ ਮੁੱਲ ਮੰਗਦੇ ਹਨ, ਮਹਾਰਾਜੇ ਨੂੰ ਮਨਜ਼ੂਰ ਨਹੀਂ। ਹੁਕਮ ਦਿੰਦਾ ਹੈ, ਵਪਾਰੀਆਂ ਨੂੰ ਕੋੜੇ ਮਾਰੋ। ਕੋੜੇ ਖਾ ਕੇ ਵਪਾਰੀ ਜਿੰਨੇ ਪੈਸੇ ਮਿਲੇ ਲੈ ਕੇ ਤੁਰਨ ਦੀ ਕਰਦੇ ਹਨ (ਪੰਨਾ 431), ਨਪੁੰਸਕ ਰਾਜੇ ਦੀਆਂ ਰਾਣੀਆਂ ਪੁੱਤਰ ਜੰਮਦੀਆਂ ਰਹੀਆਂ, ਉਹ ਖ਼ੁਸ਼ੀਆਂ ਮਨਾਉਂਦਾ ਰਿਹਾ (444)।

ਦੂਤ ਖ਼ੁਸ਼ਖ਼ਬਰੀ ਸੁਣਾਉਂਦਾ ਹੈ, "ਮਹਾਰਾਜ, ਕੁੰਵਰ ਖੜਕ ਸਿੰਘ ਨੇ ਮਿਠਨਕੋਟ 'ਤੇ ਕਬਜ਼ਾ ਕਰ ਲਿਆ ਹੈ। ਹੁਣ ਉਸ ਨੇ ਸ਼ਿਕਾਰਪੁਰ ਉੱਪਰ ਕਬਜ਼ਾ ਕਰਨ ਦੀ ਆਗਿਆ ਮੰਗੀ ਹੈ"। ਦੂਤ ਨੇ ਕੁੰਵਰ ਵਾਸਤੇ ਉਸ ਨੇ ਸ਼ਬਦ ਵਰਤੇ ਹਨ, ਉਨ੍ਹਾਂ ਨੇ ਨਹੀਂ।

ਸਹੂਲਤ ਲਈ ਅਤੇ ਖ਼ੁਦ ਨੂੰ ਖ਼ਤਰਨਾਕ ਖ਼ਿਆਲਾਂ ਤੋਂ ਨਿਰਲੇਪ ਕਰਨ ਲਈ ਲੇਖਕ ਨੇ ਇਕ ਪਾਤਰ ਘੜ ਲਿਆ ਹੈ ਪ੍ਰੋਫੈਸਰ ਕੌਤਕੀ। ਕੌਤਕੀ ਲਫ਼ਜ਼ ਆਪਣੇ ਆਪ ਵਿਚ ਹਲਕਾ ਹੈ, ਜਿਵੇਂ ਮਦਾਰੀ। ਕੌਤਕ ਕੋਈ ਨਹੀਂ ਦਿਖਾਉਂਦਾ, ਮਹਾਰਾਜੇ ਦਾ ਨਿੱਘਰਿਆ ਰੂਪ ਪੇਸ਼ ਕਰਦਾ ਹੈ। ਇਹ ਪਾਤਰ ਸੰਜੀਦਾ ਹੋਣ ਦੀ ਥਾਂ ਰਾਮਲੀਲਾ ਦਾ ਮਖੌਲੀਆ ਵਧੀਕ ਲੱਗਦਾ ਹੈ। ਜਿਸ ਤੋਂ ਵਧੀਕ ਗੰਭੀਰਤਾ ਦੀ ਉਮੀਦ ਸੀ, ਉਹੀ ਵਾਰ-ਵਾਰ ਸੰਜੀਦਗੀ ਵਿਚ ਤ੍ਰੇੜਾਂ ਪਾਉਂਦਾ ਹੈ।

ਇਸ ਨਾਵਲ ਨਾਲ ਨਾ ਇਤਿਹਾਸ ਵਿਚ ਕੋਈ ਵਾਧਾ ਹੋਇਆ ਨਾ ਨਾਵਲਕਾਰੀ ਵਿਚ। ਪਾਠਕਾਂ ਨੂੰ ਤੈਸ਼ ਵਿਚ ਆ ਕੇ ਲੇਖਕ ਵਾਸਤੇ ਅਪਸ਼ਬਦ ਨਹੀਂ ਬੋਲਣੇ ਚਾਹੀਦੇ। ਰਣਜੀਤ ਸਿੰਘ ਸਿੱਖਾਂ ਦਾ ਕੋਈ ਧਾਰਮਿਕ ਨੇਤਾ ਨਹੀਂ ਹੈ। ਸਖ਼ਤ ਦਿਲ ਸਖ਼ਤ ਜਾਨ ਹੈ, ਚਤਰ ਹੈ, ਸਵਾਰਥੀ ਹੈ, ਲੋਭੀ ਹੈ, ਰੋਮਾਂਟਿਕ ਹੈ, ਰਾਜੇ ਇਸੇ ਤਰ੍ਹਾਂ ਦੇ ਹੋਇਆ ਕਰਦੇ ਹਨ। ਦੇਖਣਾ ਇਹ ਹੈ ਕਿ ਹਜ਼ਾਰ ਔਗੁਣਾਂ ਦੇ ਹੁੰਦਿਆਂ ਉਸ ਨੇ ਅੱਧੀ ਸਦੀ ਤਕ 8 ਫ਼ੀਸਦੀ ਸਿੱਖਾਂ ਦਾ ਰਾਜ 92 ਫ਼ੀਸਦੀ ਪਰਜਾ ਉੱਪਰ ਕਰਵਾਇਆ ਜਿਸ ਦੇ ਜਿਉਂਦਿਆਂ ਕਿਸੇ ਨੇ ਗੱਦਾਰੀ ਨਹੀਂ ਕੀਤੀ। ਏਸ਼ੀਆ ਵਿਚ ਮੁਸਲਮਾਨਾਂ ਦੇ ਰਾਜ ਸਮੇਂ ਕੇਵਲ ਰਣਜੀਤ ਸਿੰਘ ਇਹ ਜੁਰਅਤ ਕਰ ਸਕਿਆ ਕਿ ਮੁਸਲਮਾਨ ਦੇਸ਼ਾਂ ਵਿਚਕਾਰ ਘਿਰਿਆ ਹੋਣ ਦੇ ਬਾਵਜੂਦ ਉਸ ਨੇ ਮੁਸਲਮਾਨ ਵਜ਼ੀਰ ਅਤੇ ਜਰਨੈਲ ਰੱਖੇ। ਕਿਸੇ ਮੁਸਲਮਾਨ ਵਜ਼ੀਰ ਜਾਂ ਜਰਨੈਲ ਨੇ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸਾਜ਼ਿਸ਼ਾਂ ਵਿਚ ਹਿੱਸਾ ਨਹੀਂ ਲਿਆ, ਗ਼ੱਦਾਰੀ ਨਹੀਂ ਕੀਤੀ। ਮਾਖੇ ਖ਼ਾਨ ਅੰਗਰੇਜ਼ਾਂ ਉੱਪਰ ਤੋਪਾਂ ਦੇ ਗੋਲੇ ਦਾਗ਼ਦਾ ਰਿਹਾ। ਅੰਗਰੇਜ਼ਾਂ ਨੂੰ ਤੀਸਰੀ ਜਾਤ ਕਹਿੰਦਿਆਂ ਸ਼ਾਹ ਮੁਹੰਮਦ ਲਿਖਦਾ ਹੈ :

*ਸੁਖੀ ਬਹੁਤ ਵੱਸਣ ਮੁਸਲਮਾਨ ਹਿੰਦੂ,*
*ਸਿਰ ਦੋਹਾਂ ਦੇ ਉੱਤੇ ਆਫ਼ਾਤ ਆਈ।*
*ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ*
*ਕਦੇ ਨਹੀਂ ਸੀ ਤੀਸਰੀ ਜਾਤ ਆਈ। •*

## ਦੋਹੇ

ਬਾਗੀਂ ਖਿੜੇ ਬਹਾਰ ਕੀ, ਮਾਲੀ ਮਿਲੇ ਮਕਾਰ।
ਖ਼ੁਦ ਹੀ ਧਰਤ ਸੁਆਰੀਏ, ਖ਼ੁਦ ਹੀ ਚੁਣੀਏ ਖ਼ਾਰ।

ਮੌਤ ਮੁਲਤਵੀ ਰਹੇਗੀ, ਹਾਲੇ ਕੁਝ ਕੁ ਸਾਲ।
ਉਨ੍ਹਾਂ ਖੰਜਰ ਖੋਭਿਆ, ਏਸ ਮੁਹਾਰਤ ਨਾਲ।

ਭਖਦੇ ਮੁੱਦੇ ਭੁੱਲ ਕੇ, ਵਿਕ ਜਾਂਦੀ ਹੈ ਵੋਟ।
ਦਿੰਦਾ ਜਦ ਦਸ ਨੰਬਰੀ, ਦੋ ਨੰਬਰ ਦੇ ਨੋਟ।

ਸੱਚੀ-ਸੁੱਚੀ ਕਿਰਤ ਨੂੰ, ਮਿਲਿਆ ਇਹ ਸਨਮਾਨ।
ਖ਼ਾਲੀ ਘਰ ਦੇ ਬੋਝ ਨੇ, ਕੀਤੀ ਕਮਰ ਕਮਾਨ।

ਹੋਸ਼ 'ਚ ਗੁੰਨ੍ਹ ਕੇ ਜੋਸ਼ ਨੂੰ, ਸਿਖ ਜੂਝਣ ਦੀ ਜਾਂਚ।
ਕੇਵਲ ਅੰਨ੍ਹੇ ਜੋਸ਼ ਵਿਚ, ਜਾਂਦੀ ਹੋਸ਼ ਗੁਆਚ।

ਸਾਡੀ ਖਾਤਰ ਸ਼ਖ਼ਸ ਜੋ, ਜੂਝੇ ਉਮਰ ਤਮਾਮ।
ਕਿਸ ਕੀਤੇ ਇਤਿਹਾਸ 'ਚੋਂ, ਉਹ ਸੂਰੇ ਗੁੰਮਨਾਮ।

ਹੱਥ ਖ਼ੁਦਾ ਦੇ ਡੋਰੀਆਂ, ਕੁਝ ਨਾ ਸਾਡੇ ਹੱਥ।
ਰੱਖਣ ਜਿਹੜੇ ਸੋਚ ਇਹ, ਰਹਿੰਦੇ ਖ਼ਾਲੀ ਹੱਥ।

ਖ਼ੁਦ ਸਰਕਾਰੀ ਮਾਲ ਨੂੰ, ਨੇਤਾ ਜੀ ਥੁੱਕ ਲਾਉਣ।
ਭੁੱਖੇ ਨੰਗਿਆਂ ਵਾਸਤੇ, ਥੁੱਕੀਂ ਵੜੇ ਪਕਾਉਣ।

ਹੋਵੇ ਖ਼ੂਨ ਸਫ਼ੈਦ ਜਦ, ਮਨ ਵਿਚ ਵਧੇ ਖਟਾਸ।
ਕਰਦੀ ਫੇਰ ਖਟਾਸ ਇਹ, ਨਹੁੰਆਂ ਤੋਂ ਵੱਖ ਮਾਸ।

ਰਹਿੰਦਾ ਹੈ ਉਹ ਤੜਪਦਾ, ਭਰਦਾ ਨਾ ਪਰਵਾਜ਼।
ਜਿਹੜਾ ਨਜ਼ਰੋਂ ਡਿੱਗ ਕੇ, ਹੁੰਦਾ ਨਜ਼ਰ-ਅੰਦਾਜ਼।

ਇਸ ਥਾਂ ਕਿਸੇ ਬਹਾਰ ਦੇ, ਮਿਲਦੇ ਕਿਵੇਂ ਨਿਸ਼ਾਨ।
ਰੱਬ ਸਬੱਬੀ ਬਣਦੀਆਂ, ਕੁਝ ਕਣੀਆਂ ਮਹਿਮਾਨ।



• ਹਰਮਿੰਦਰ ਸਿੰਘ ਕੋਹਾਰਵਾਲਾ, ਮੋਬਾਈਲ : 98768-73735

## ਗ਼ਜ਼ਲਾਂ

ਮੇਰੀ ਮਾਸੂਮੀਅਤ ਦੇ ਪੰਖ ਉੱਤੇ ਭਾਰ ਇੰਨਾਂ ਪਾਉ ਨਾ।
ਉੱਡਣ ਦਿਉ ਉੱਚਾ ਅੰਬਰੀਂ ਮੈਨੂੰ ਬਹੁਤਾ ਤਰਸਾਉ ਨਾ।

ਬੋਝ ਵੀ ਮੈਂ ਝੱਲ ਸਕਦਾਂ ਰਹਿ ਸਕਦਾਂ ਬੁੜ੍ਹਾਂ ਦੇ ਵਿਚ,
ਲੇਕਿਨ ਮੇਰੇ ਮੁੱਖ ਤੋਂ ਖ਼ੁਸ਼ੀ ਤੇ ਬਚਪਨ, ਚੁਰਾਉ ਨਾ।

ਪਲ ਵਿਚ ਹੀ ਲੰਘ ਜਾਣਾ ਏ ਸਮਾਂ ਨੰਨੀਆਂ ਖੇਡਾਂ ਦਾ,
ਏ ਖੇਡ ਮੁਨਾਫ਼ੇ ਵਾਲੀ ਦਾ ਮੈਨੂੰ ਹਿੱਸਾ ਅਜੇ ਬਣਾਉ ਨਾ।

ਕੀ ਜਾਤਾਂ, ਕੀ ਧਰਮ ਤੇ ਕੀ ਕਰਨਾ ਮੈਂ ਉਪਦੇਸ਼ਾਂ ਨੂੰ,
ਜਿਊਣ ਜੋਗੀ ਧਰਤ ਉੱਤੇ ਪਲ ਫ਼ੁਰਸਤ ਦੇ ਦਿਵਾਉ ਨਾ।

ਨਾ ਮੈਂ ਚਾਹਾਂ ਮਹਿਲ ਮੁਨਾਰੇ ਤੇ ਨਾ ਚਾਹਾਂ ਵਸਤਾਂ ਨੂੰ,
ਮੈਨੂੰ ਮੇਰੀ ਮਾਂ ਦੀ ਗੋਦੀ ਤੇ ਪਿਉ ਦਾ ਲਾਡ ਭੁਲਾਉ ਨਾ।

ਮਾਰ ਉਡਾਰੀਆਂ ਉੱਚੀਆਂ ਪਹੁੰਚੇ ਦੂਰ ਸਭ ਹਾਣੀ ਮੇਰੇ,
ਪੁੱਜ ਜਾਵਾਂਗਾ ਰੀਂਗ ਕੇ ਨੈਂ ਵੀ ਰਾਹ ਤੋਂ ਮੈਨੂੰ ਭਟਕਾਉ ਨਾ।

ਲੰਬੀਆਂ ਵਾਟਾਂ ਦਾ ਹਾਂ ਰਾਹੀ ਚਾਹੇ ਕਦਮ ਛੋਟੇ ਨੇ ਮੇਰੇ,
ਹਨੇਰਿਆਂ ਵਿਚਾਲੇ ਖੜ੍ਹ ਕੇ ਮੇਰਾ ਰਾਹ ਕੋਈ ਰੁਸ਼ਨਾਉ ਨਾ।



• ਕੁਲਦੀਪ ਹੰਸਪਾਲ, ਮੋਬਾਈਲ : 8872521400

ਰੋਈ ਤਿਤਲੀ ਮਾਲੀ ਰੋਏ।
ਬਾਗੀਂ ਫੁੱਲ ਕਲੀ ਨੇ ਮੋਏ।

ਐਵੇਂ ਨਜ਼ਰਾਂ ਰਾਹਾਂ ਤੱਕਣ,
ਆਵੇ ਨਾ ਉਹ ਲੋਏ ਲੋਏ।

ਐਸੇ ਉਹ ਪਰਦੇਸ ਗਏ ਨੇ,
ਮੁੜ ਨਾ ਖੁੱਲ੍ਹੇ ਬੂਹੇ ਢੋਏ।

ਦਿਲਬਰ ਬਣ ਕੇ ਕਹਿਰ ਗੁਜ਼ਾਰੇ,
ਰਾਹੀਂ ਮੇਰੇ ਥੋਹਰ ਬੋਏ।

ਰੋਸ਼ਨ ਕਰਦੇ ਜੋ ਮਨ ਮੇਰਾ,
ਕੋਈ ਐਸਾ ਸੂਰਜ ਹੋਏ।

ਮੌਲਾ ਵੈਰੀ ਬਣਿਆ ਮੇਰਾ,
ਲੱਭੇ ਨਾਹੀ ਮੋਤੀ ਖੋਏ।



• ਕਰਮਜੀਤ "ਦਿਉਣ"

ਮੋਬਾਈਲ : 94672-95003

## ਕਵਿਤਾਵਾਂ

### ਹੰਝੂ

ਬੜਾ ਮੁਸ਼ਕਿਲ ਸੀ ਤੈਨੂੰ ਦਿਲ ਦੀ ਸੁਣਾਉਣਾ।
ਨੈਣਾਂ 'ਚ ਰੱਖਣੇ ਹੰਝੂ ਤੇ ਝੂਠਾ ਮੁਸਕਰਾਉਣਾ।

ਜੁਗਨੂੰਆਂ ਦੇ ਕਾਫ਼ਲੇ ਤੋਂ ਸੂਰਜ ਦੀ ਅੱਗ ਮੰਗਣੀ,
ਤੇ ਹਨੇਰੇ 'ਚ ਗ਼ਮ ਦੀ ਲਾਟ ਦਾ ਜਗਮਗਾਉਣਾ।

ਉਦਾਸੀ ਰੁੱਤ ਦੇ ਗਲ਼ ਲੱਗ ਰੋਣਾ ਅਕਸਰ,
ਪਤਝੜ 'ਚ ਬਹਾਰ ਦਾ ਭਰਮ ਬਣਾਉਣਾ।

ਉੱਡਣ ਨਾ ਦੇਣਾ ਯਾਦਾਂ ਦੇ ਪੰਖੇਰੂ ਨੂੰ,
ਮਿਲਣੇ ਦੀ ਤਾਂਘ ਵਿਚ ਜ਼ਿੰਦਗੀ ਬਿਤਾਉਣਾ।

ਸੌਖਾ ਨਹੀਂ ਸੀ, ਤੈਨੂੰ ਲਿਖੇ ਖ਼ਤ ਸਾੜ ਦੇਣੇ,
ਫਿਰ ਰਾਖ ਨੂੰ ਸੀਨੇ ਲਾ ਹੰਝੂ ਵਹਾਉਣਾ।



• ਮਨਿੰਦਰ ਕੌਰ 'ਬਸੀ', ਮੋਬਾਈਲ : 98784-38722

### ਮਾਂ ਦੀ ਸੇਵਾ

ਮਾਂ ਧਰਤੀ ਦਾ ਰੱਬ ਹੈ ਦੂਜਾ
ਮਾਂ ਦੀ ਕਰੋ ਹਮੇਸ਼ਾ ਪੂਜਾ
ਮਾਂ ਦੀ ਮਮਤਾ 'ਚ ਅਥਾਹ ਸ਼ਕਤੀ
ਮਾਂ ਦੀ ਕਰੋ ਸੇਵਾ ਭਗਤੀ
ਮਾਂ ਦਾ ਕਰਜ਼ ਉਤਾਰ ਨਾ ਸਕੇ ਕੋਈ
ਜੋ ਦੁੱਖ ਦੇਵੇ ਮਾਂ ਨੂੰ, ਮਿਲੇ ਨਾ ਉਸ ਨੂੰ ਢੋਈ
ਮਾਂ ਦਾ ਦਿਲ ਜਿਸ ਨੇ ਵੀ ਦੁਖਾਇਆ
ਦੁੱਖ ਤੋਂ ਛੁਟਕਾਰਾ ਉਸ ਕਦੇ ਨਾ ਪਾਇਆ
ਸਦਾ ਹੀ ਮਾਂ ਨੂੰ ਪੁੱਤ 'ਤੇ ਤਰਸ ਹੈ ਆਇਆ
ਨਾ ਉਸ ਨੂੰ ਸਮਝਿਆ ਉਸ ਕਦੇ ਪਰਾਇਆ
ਵਿਰਦੀ ਜੋ ਕਰਨ ਮਾਂ ਦੀ ਰੱਜ ਕੇ ਸੇਵਾ
ਦੋਹੀਂ ਜਹਾਨੀ ਮਿਲੇ ਉਨ੍ਹਾਂ ਨੂੰ ਮੇਵਾ।



• ਅਮਰਜੀਤ ਸਿੰਘ ਵਿਰਦੀ

### ਫੱਟ ਮੁਹੱਬਤਾਂ ਦੇ

ਮਿਲਦੇ ਨਹੀਂ ਲੱਗੇ ਹੋਏ ਡੂੰਘੇ ਫੱਟ ਮੁਹੱਬਤਾਂ ਦੇ।
ਭੁਲਾਇਆਂ ਵੀ ਨਹੀਂ ਭੁੱਲਦੇ ਬੀਤੇ ਝੱਟ ਮੁਹੱਬਤਾਂ ਦੇ।

ਬਾਹਰੋਂ ਦੇਖਣ ਨੂੰ ਤਾਂ ਬੁੱਤ ਪੂਰਾ-ਸੂਰਾ ਦਿੱਸਦਾ ਹੈ,
ਅੰਦਰੋਂ ਘੁਣ ਵਾਂਗੂ ਜਾਂਦੇ ਨੇ ਦੁੱਖ ਚੱਟ ਮੁਹੱਬਤਾਂ ਦੇ।

ਹੁਸਨ ਕੱਚਿਆਂ 'ਤੇ ਠਿੱਲ੍ਹ ਪੈਂਦੈ ਲਾਉਂਦੈ ਜਾਨ ਦੀ ਬਾਜ਼ੀ,
ਮੱਛੀ ਦੀ ਥਾਂ ਭੁੰਨੇ ਜਾਂਦੇ ਜਦੋਂ ਵੀ ਪੱਟ ਮੁਹੱਬਤਾਂ ਦੇ।

ਰੋਗ ਉਮਰਾਂ ਦਾ ਬਣ ਜਾਂਦੀ ਕੀਤੀ ਦੋ ਘੜੀਆਂ ਦੀ ਭੁੱਲ,
ਜਦੋਂ ਲੇਖਾਂ ਵਿਚ ਲਿਖੇ ਹੋਣ, ਲੇਖੇ ਘੱਟ ਮੁਹੱਬਤਾਂ ਦੇ।

ਜਗ ਰੁੱਸਦੈ ਤਾਂ ਰੁੱਸ ਜਾਵੇ ਇਸ ਗੱਲ ਦਾ ਝੋਰਾ ਨਹੀਂ,
ਜਰਨੇ ਬੜੇ ਔਖੇ ਨੇ ਮੱਥੇ ਪਏ ਵੱਟ ਮੁਹੱਬਤਾਂ ਦੇ।

ਚੀਮੇ ਬੇਵਸੀਆਂ ਵੱਸ ਪੈ ਕੇ ਹਾਰਗੇ ਇਸ਼ਕੇ ਦੀ ਬਾਜ਼ੀ,
ਸੱਚੇ ਹੁੰਦਿਆਂ ਝੂਠੇ ਮਿਹਣੇ ਲਏ ਖੱਟ ਮੁਹੱਬਤਾਂ ਦੇ।



• ਅਮਰਬੀਰ ਸਿੰਘ ਚੀਮਾ, ਮੋਬਾਈਲ : 98889-40211

# ਹਰਜੋਤ ਸਿੰਘ ਬੈਂਸ ਵੱਲੋਂ ਪ੍ਰਸਿੱਧ ਪੰਜਾਬੀ ਗਾਇਕ ਰਾਜਵੀਰ ਜਵੰਦਾ ਦੇ ਦੇਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ

**ਚੰਡੀਗੜ੍ਹ, 13 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਸਿੱਖਿਆ ਅਤੇ ਸੂਚਨਾ ਅਤੇ ਲੋਕ ਸੰਪਰਕ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਉੱਘੇ ਪੰਜਾਬੀ ਗਾਇਕ ਰਾਜਵੀਰ ਜਵੰਦਾ ਦੇ ਦੇਹਾਂਤ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਹੈ। ਰਾਜਵੀਰ ਨੇ ਅੱਜ ਐਸ.ਏ.ਐਸ. ਨਗਰ (ਮੋਹਾਲੀ) ਦੇ ਇੱਕ ਪ੍ਰਾਈਵੇਟ ਹਸਪਤਾਲ ਵਿੱਚ ਆਖਰੀ ਸਾਹ ਲਏ, ਜਿੱਥੇ ਉਨ੍ਹਾਂ ਨੂੰ ਇੱਕ ਸੜਕ ਹਾਦਸੇ ਤੋਂ ਬਾਅਦ ਗੰਭੀਰ ਹਾਲਤ ਵਿੱਚ ਦਾਖਲ ਕਰਵਾਇਆ ਗਿਆ ਸੀ।

ਆਪਣੇ ਸ਼ੋਕ ਸੰਦੇਸ਼ ਵਿੱਚ ਸ. ਬੈਂਸ ਨੇ ਰਾਜਵੀਰ ਜਵੰਦਾ ਨੂੰ ਇੱਕ 'ਮਹਾਨ ਪੰਜਾਬੀ ਗਾਇਕ' ਵਜੋਂ ਯਾਦ ਕੀਤਾ, ਜਿਨ੍ਹਾਂ ਨੇ ਆਪਣੀ ਸੁਰੀਲੀ ਆਵਾਜ਼ ਨਾਲ ਪੰਜਾਬੀ ਸੰਗੀਤ ਪ੍ਰੇਮੀਆਂ ਦੇ ਦਿਲਾਂ ਉੱਤੇ ਰਾਜ ਕੀਤਾ। ਉਨ੍ਹਾਂ ਕਿਹਾ ਕਿ ਐਨੀ ਛੋਟੀ ਉਮਰ ਵਿੱਚ ਜਵੰਦਾ ਦੀ ਬੇਵਕਤੀ ਮੌਤ ਨੇ ਪੰਜਾਬੀ ਸੰਗੀਤ ਜਗਤ ਵਿੱਚ ਇੱਕ ਖਲਾਅ ਪੈਦਾ ਕਰ ਦਿੱਤਾ ਹੈ,ਜਿਸਦੀ ਭਰਪਾਈ ਨੇੜ ਭਵਿੱਖ ਵਿੱਚ ਔਖੀ ਹੈ। ਸ. ਬੈਂਸ ਨੇ ਕਿਹਾ ਕਿ ਰਾਜਵੀਰ ਜਵੰਦਾ ਆਪਣੇ ਮਨਮੋਹਕ ਗੀਤਾਂ ਨਾਲ ਆਪਣੇ ਚਾਹੁਣ ਵਾਲਿਆਂ ਦੇ ਦਿਲਾਂ ਵਿੱਚ ਹਮੇਸ਼ਾ ਵਸਦੇ ਰਹਿਣਗੇ ਅਤੇ ਉਨ੍ਹਾਂ ਦੇ ਯੋਗਦਾਨ ਨੇ ਪੰਜਾਬੀ ਗਾਇਕੀ ਨੂੰ ਇੱਕ ਨਵਾਂ ਆਯਾਮ ਦਿੱਤਾ ਹੈ।ਦੁਖੀ ਪਰਿਵਾਰ ਨਾਲ ਦਿਲੋਂ ਹਮਦਰਦੀ ਸਾਂਝੀ ਕਰਦਿਆਂ, ਸਿੱਖਿਆ ਮੰਤਰੀ ਨੇ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਰੂਹ ਨੂੰ ਸ਼ਾਂਤੀ ਦੇਣ ਅਤੇ ਸਾਕ-ਸਨੇਹੀਆਂ ਨੂੰ ਇਸ ਕਦੇ ਨਾ ਪੂਰਾ ਹੋਣ ਵਾਲੇ ਘਾਟੇ ਨੂੰ ਸਹਿਣ ਕਰਨ ਦਾ ਬਲ ਬਖ਼ਸ਼ਣ।

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਨਿਕਲੇਗਾ ਵਿਸ਼ਾਲ ਨਗਰ ਕੀਰਤਨ : ਹਰਜੋਤ ਸਿੰਘ ਬੈਂਸ

**ਹੁਸ਼ਿਆਰਪੁਰ, 13 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸਮਾਗਮਾਂ ਤਹਿਤ ਕੱਢੇ ਜਾਣ ਵਾਲੇ ਵਿਸ਼ਾਲ ਨਗਰ ਕੀਰਤਨ ਦੀ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਪਹੁੰਚ ਨੂੰ ਲੈ ਕੇ ਕੀਤੇ ਜਾਣ ਵਾਲੇ ਅਗੇਤੇ ਪ੍ਰਬੰਧਾਂ ਸਬੰਧੀ ਇਕ ਸਮੀਖਿਆ ਮੀਟਿੰਗ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਹੁਸ਼ਿਆਰਪੁਰ ਵਿਖੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿਚ ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ ਅਤੇ ਸਕੱਤਰ ਡਾ. ਅਭਿਨਵ ਤ੍ਰਿਖਾ ਤੋਂ ਇਲਾਵਾ ਵਿਧਾਇਕ ਬ੍ਰਮ ਸ਼ੰਕਰ ਜਿੰਪਾ, ਜਸਵੀਰ ਸਿੰਘ ਰਾਜਾ ਗਿੱਲ, ਕਰਮਬੀਰ ਸਿੰਘ ਘੁੰਮਣ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਵਲੋਂ ਆਈਆਂ ਸਮੂਹ ਸ਼ਖ਼ਸੀਅਤਾਂ ਦਾ ਸਵਾਗਤ ਕੀਤਾ ਗਿਆ।

ਮੀਟਿੰਗ ਦੌਰਾਨ ਜਾਣਕਾਰੀ ਦਿੰਦਿਆਂ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ ਨੇ ਦੱਸਿਆ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ 350ਵੀਂ ਵਰ੍ਹੇਗੰਢ ਨੂੰ ਪੰਜਾਬ ਸਰਕਾਰ ਵਲੋਂ ਵੱਡੇ ਪੱਧਰ 'ਤੇ ਮਨਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਵੱਖ-ਵੱਖ ਸਮਾਗਮ ਉਲੀਕੇ ਗਏ ਹਨ। ਇਸੇ ਤਹਿਤ ਵੱਖ-ਵੱਖ ਸਥਾਨਾਂ ਤੋਂ ਵਿਸ਼ਾਲ ਨਗਰ ਕੀਰਤਨ ਕੱਢੇ ਜਾਣੇ ਹਨ। ਇਨ੍ਹਾਂ ਵਿਚੋਂ ਹੀ ਇਕ ਨਗਰ ਕੀਰਤਨ 19 ਨਵੰਬਰ 2025 ਨੂੰ ਸ੍ਰੀਨਗਰ ਤੋਂ ਚੱਲ ਕੇ 20 ਨਵੰਬਰ ਨੂੰ ਪਠਾਨਕੋਟ ਹੁੰਦਾ ਹੋਇਆ 21 ਨਵੰਬਰ ਨੂੰ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਪਹੁੰਚੇਗਾ। ਮੁਕੇਰੀਆਂ, ਦਸੂਹਾ ਤੋਂ ਹੁੰਦੇ ਹੋਏ ਗੁਰਦੁਆਰਾ ਰਾਮਪੁਰ ਖੇੜਾ ਵਿਖੇ ਨਗਰ ਕੀਰਤਨ ਦਾ ਰਾਤ ਦਾ ਠਹਿਰਾਅ ਹੋਵੇਗਾ। 22 ਨਵੰਬਰ ਨੂੰ ਕਸਬਾ ਹਰਿਆਣਾ ਤੋਂ ਹੁੰਦੇ ਹੋਏ ਹੁਸ਼ਿਆਰਪੁਰ ਸ਼ਹਿਰ ਪਹੁੰਚਣ 'ਤੇ ਨਗਰ ਕੀਰਤਨ ਨੂੰ ਸ਼ਾਨਦਾਰ 'ਗਾਰਡ ਆਫ ਆਨਰ' ਦਿੱਤਾ ਜਾਵੇਗਾ। ਉਸ ਤੋਂ ਬਾਅਦ ਚੱਬੇਵਾਲ, ਮਾਹਿਲਪੁਰ, ਸੈਲਾ ਖੁਰਦ ਅਤੇ ਗੜ੍ਹਸ਼ੰਕਰ ਤੋਂ ਹੁੰਦੇ ਹੋਏ ਇਹ ਨਗਰ ਕੀਰਤਨ ਸ੍ਰੀ ਅਨੰਦਪੁਰ ਸਾਹਿਬ ਲਈ ਰਵਾਨਾ ਹੋਵੇਗਾ। ਉਨ੍ਹਾਂ ਦੱਸਿਆ ਕਿ ਨਗਰ ਕੀਰਤਨ ਦੇ ਸਮੁੱਚੇ ਰਸਤੇ 'ਤੇ ਸਫ਼ਾਈ, ਲੰਗਰ ਸੇਵਾ, ਫੁੱਲਾਂ ਦੀ ਵਰਖਾ ਅਤੇ ਪੀਣ ਵਾਲੇ ਪਾਣੀ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ। ਉਨ੍ਹਾਂ ਕਿਹਾ ਕਿ ਸਾਰੇ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਵਿਚ ਨਗਰ ਕੀਰਤਨ ਦਾ ਸ਼ਾਨਦਾਰ ਸਵਾਗਤ ਹੋਵੇਗਾ।

ਕੈਬਨਿਟ ਮੰਤਰੀ ਨੇ ਦੱਸਿਆ ਕਿ 1 ਨਵੰਬਰ ਤੋਂ 18 ਨਵੰਬਰ ਤੱਕ ਲਾਜਵੰਤੀ ਸਟੇਡੀਅਮ ਹੁਸ਼ਿਆਰਪੁਰ ਵਿਖੇ ਗੁਰੂ ਸਾਹਿਬ ਦੇ ਜੀਵਨ ਅਤੇ ਸਿੱਖਿਆਵਾਂ 'ਤੇ ਆਧਾਰਿਤ ਸ਼ਾਨਦਾਰ ਲਾਈਟ ਐਂਡ ਸਾਊਂਡ ਸ਼ੋਅ ਕਰਵਾਇਆ ਜਾਵੇਗਾ। ਉਨ੍ਹਾਂ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਇਸ ਵਿਸ਼ਾਲ ਨਗਰ ਕੀਰਤਨ ਵਿਚ ਵੱਧ-ਚੜ੍ਹ ਕੇ ਸ਼ਿਰਕਤ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ।ਇਸ ਦੌਰਾਨ ਸੈਰ ਸਪਾਟਾ ਅਤੇ ਸਭਿਆਚਾਰਕ ਮਾਮਲੇ ਵਿਭਾਗ ਦੇ ਸਕੱਤਰ ਡਾ. ਅਭਿਨਵ ਤ੍ਰਿਖਾ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਇਨ੍ਹਾਂ ਸਮਾਗਮਾਂ ਸਬੰਧੀ ਵੱਡੇ ਪੱਧਰ 'ਤੇ ਤਿਆਰੀ ਵਿੱਢੀ ਹੋਈ ਹੈ ਅਤੇ ਇਨ੍ਹਾਂ ਨੂੰ ਵਧੀਆ ਢੰਗ ਨਾਲ ਨੇਪਰੇ ਚਾੜ੍ਹਿਆ ਜਾਵੇਗਾ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਭਰੋਸਾ ਦਿਵਾਇਆ ਕਿ ਇਸ ਨਗਰ ਕੀਰਤਨ ਦੇ ਸਵਾਗਤ ਦੇ ਪ੍ਰਬੰਧਾਂ ਸਬੰਧੀ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਚੇਅਰਮੈਨ ਨਗਰ ਸੁਧਾਰ ਟਰੱਸਟ ਗੁਰਵਿੰਦਰ ਸਿੰਘ ਪਾਬਲਾ, ਚੇਅਰਮੈਨ ਮਾਰਕੀਟ ਕਮੇਟੀ ਹੁਸ਼ਿਆਰਪੁਰ ਜਸਪਾਲ ਸਿੰਘ ਚੇਚੀ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨਿਕਾਸ ਕੁਮਾਰ, ਵਧੀਕ ਡਿਪਟੀ ਕਮਿਸ਼ਨਰ (ਜ) ਅਮਰਬੀਰ ਕੌਰ ਭੁੱਲਰ, ਕਮਿਸ਼ਨਰ ਨਗਰ ਨਿਗਮ ਜਿਓਤੀ ਬਾਲਾ ਮੱਟੂ, ਸਹਾਇਕ ਕਮਿਸ਼ਨਰ ਓਇਸ਼ੀ ਮੰਡਲ, ਐਸ.ਡੀ.ਐਮ. ਗੁਰਸਿਮਰਨਜੀਤ ਕੌਰ, ਐਸ.ਡੀ.ਐਮ ਟਾਂਡਾ ਪਰਮਪ੍ਰੀਤ ਸਿੰਘ, ਐਸ.ਡੀ.ਐਮ. ਮੁਕੇਰੀਆਂ ਅੰਕੁਰ ਮਹਿੰਦਰੂ, ਐਸ.ਡੀ.ਐਮ ਦਸੂਹਾ ਕੰਵਲਜੀਤ ਸਿੰਘ, ਐਸ.ਡੀ.ਐਮ ਗੜ੍ਹਸ਼ ?ਕਰ ਸੰਜੀਵ ਕੁਮਾਰ, ਸੈਰ ਸਪਾਟਾ ਵਿਭਾਗ ਤੋਂ ਭੁਪਿੰਦਰ ਸਿੰਘ ਚੰਨਾ, ਸਤਵੰਤ ਸਿੰਘ ਸਿਆਣ ਤੋਂ ਇਲਾਵਾ ਹੋਰ ਪਤਵੰਤੇ ਹਾਜ਼ਰ ਸਨ।

# ਬਿਜਲੀ ਦੇ ਬੁਨਿਆਦੀ ਢਾਂਚੇ ਦੀ ਮਜਬੂਤੀ, ਨਿਰਵਿਘਨ ਸਪਲਾਈ ਅਤੇ ਨਵੀਨੀਕਰਨ ਤਹਿਤ ਜਿਲ੍ਹਾ ਫਾਜਿਲਕਾ ਦੇ 92 ਕਰੋੜ ਦੇ ਕੰਮਾ ਦਾ ਸ਼ੁਭ ਆਰੰਭ

**ਫਾਜ਼ਿਲਕਾ,13 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਦੂਰਅੰਦੇਸੀ ਅਗਵਾਈ ਅਤੇ ਬਿਜਲੀ ਮੰਤਰੀ ਸ਼੍ਰੀ ਸੰਜੀਵ ਅਰੋੜਾ ਦੀ ਸਰਗਰਮ ਸੇਧ ਅਧੀਨ ਫਾਜਿਲਕਾ ਦੇ ਲੋਕਾ ਨੂੰ ਬਿਜਲੀ ਕੱਟਾ ਤੋ ਮੁਕਤੀ ਲਈ ਇਤਿਹਾਸਕ ਪਹਿਲ ਕਰਦੇ ਹੋਏ ਬਿਜਲੀ ਦੇ ਬੁਨਿਆਦੀ ਢਾਂਚੇ ਦੀ ਮਜਬੂਤੀ, ਨਿਰਵਿਘਨ ਸਪਲਾਈ ਅਤੇ ਨਵੀਨੀਕਰਨ ਤਹਿਤ ਜਿਲ੍ਹਾ ਫਾਜਿਲਕਾ ਦੇ 92 ਕਰੋੜ ਦੇ ਕੰਮਾ ਦਾ ਸ਼ੁਭ ਆਰੰਭ ਕੀਤਾ ਜਾ ਰਿਹਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਫਾਜ਼ਿਲਕਾ ਦੇ ਵਿਧਾਇਕ ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਨੇ ਕੀਤਾ।

ਇਸ ਲੜੀ ਤਹਿਤ ਮੰਡਲ ਫਾਜਿਲਕਾ ਵਿਖੇ ਪਹਿਲਾਂ ਚੱਲਦੇ 4 ਨੰਬਰ ਫੀਡਰਾਂ ਨੂੰ ਅੰਡਰ ਲੋਡ ਕੀਤਾ ਜਾਣਾ ਹੈ। 45 ਨੰਬਰ ਪਹਿਲਾਂ ਚੱਲਦੇ ਟਰਾਸਫਾਰਮਰਾਂ ਨੂੰ ਵੱਡੇ ਕੀਤੇ ਜਾਣ ਦੀ ਤਜਵੀਜ ਤਿਆਰ ਕੀਤੀ ਜਾ ਚੁੱਕੀ ਹੈ। ਇਸ ਤੋ ਬਿਨ੍ਹਾ ਵੱਡਮੁੱਲੇ ਖਪਤਕਾਰਾ ਨੂੰ ਨਿਰਵਿਘਨ ਸਪਲਾਈ ਦੇਣ ਲਈ 43 ਨੰਬਰ ਨਵੇਂ ਟਰਾਸਫਾਰਮਰ ਰੱਖੇ ਜਾਣਗੇ। ਇਹਨਾਂ ਸਾਰੇ ਕੰਮਾ ਤੇ 409.8 ਲੱਖ ਰੁਪਏ ਖਰਚੇ ਜਾਣਗੇ।

ਇਹਨਾਂ ਵਿਕਾਸ ਕੰਮਾਂ ਦੀ ਲੜੀ ਵਿਚ ਅੱਜ 11 ਕੇ.ਵੀ. ਓਡਾ ਬਸਤੀ ਫੀਡਰ ਨੂੰ ਅੰਡਰ ਲੋਡ ਕਰਕੇ ਨਵਾਂ 11 ਕੇ.ਵੀ. ਨਾਮਦੇਵ ਨਗਰ ਫੀਡਰ ਉਸਾਰਨ ਦੇ ਕੰਮ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ। ਇਸ ਫੀਡਰ ਦਾ ਕੰਮ ਮੁਕੰਮਲ ਕਰਨ ਲਈ 48 ਲੱਖ 36 ਹਜਾਰ ਰੁਪਏ ਖਰਚੇ ਜਾਣਗੇ। ਇਸ ਫੀਡਰ ਦਾ ਕੰਮ ਮੁਕੰਮਲ ਹੋਣ ਤੋ ਬਾਅਦ ਵਿਜੈ ਕਲੋਨੀ, ਹੈਡਗੈਵਾਰ ਕਲੋਨੀ, ਰੋਇਲ ਸਿਟੀ, ਐਮ.ਸੀ. ਕਲੋਨੀ ਅਤੇ ਆਸੇ ਪਾਸੇ ਦੇ ਏਰੀਏ ਦੇ ਖਪਤਕਾਰਾ ਨੂੰ ਨਿਰਵਿਘਨ ਸਪਲਾਈ ਮੁਹਇਆ ਕਰਵਾਈ ਜਾ ਸਕੇਗੀ।

ਉਨ੍ਹਾਂ ਫਾਜਿਲਕਾ ਵਿਚ ਪੀ.ਐਸ.ਪੀ.ਸੀ.ਐਲ. ਵਲੋ ਖਪਤਕਾਰਾਂ ਨੂੰ ਨਿਰਵਿਘਨ ਸਪਲਾਈ ਦੇਣ ਲਈ ਕੀਤੇ ਜਾ ਰਹੇ ਯਤਨਾਂ ਦੀ ਭਰਪੂਰ ਸ਼ਲਾਘਾ ਕੀਤੀ । ਉਨ੍ਹਾਂ ਕਿਹਾ ਕਿ ਪੀ.ਐਸ.ਪੀ.ਸੀ.ਐਲ. ਫਾਜਿਲਕਾ ਦੇ ਸਮੂਹ ਅਫਸਰ ਅਤੇ ਕਰਮਚਾਰੀ ਵਧਾਈ ਦੇ ਪਾਤਰ ਹਨ।

# ਹਰਿਆਣਾ ਦੇ ਆਈ ਪੀ ਐੱਸ ਅਧਿਕਾਰੀ ਦੇ ਖੁਦਕੁਸ਼ੀ ਨੋਟ ਵਿੱਚ ਜਾਤ ਆਧਾਰਿਤ ਪੱਖਪਾਤ ਦਾ ਹਵਾਲਾ

**ਚੰਡੀਗੜ੍ਹ, 13 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੁਲੀਸ ਦੇ ਇੰਸਪੈਕਟਰ ਜਨਰਲ ਵਾਈ ਪੂਰਨ ਕੁਮਾਰ ਦੀ ਮੌਤ ਤੋਂ ਬਾਅਦ ਨਵਾਂ ਖੁਲਾਸਾ ਹੋਇਆ ਹੈ। ਇਸ ਅਧਿਕਾਰੀ ਨੇ ਮੰਗਲਵਾਰ ਦੁਪਹਿਰ ਵੇਲੇ ਸੈਕਟਰ-11 ਵਿਚਲੀ ਆਪਣੀ ਰਿਹਾਇਸ਼ 'ਤੇ ਖੁਦਕੁਸ਼ੀ ਕਰ ਲਈ ਸੀ। ਪੁਲੀਸ ਸੂਤਰਾਂ ਅਨੁਸਾਰ ਪੁਲੀਸ ਨੂੰ ਅੱਠ ਪੰਨਿਆਂ ਦਾ ਖੁਦਕੁਸ਼ੀ ਨੋਟ ਅਤੇ ਇੱਕ ਵੱਖਰਾ ਅੱਧਾ ਪੰਨਾ ਮਿਲਿਆ ਹੈ ਜਿਸ ਵਿੱਚ ਇਹ ਸਪਸ਼ਟ ਕੀਤਾ ਗਿਆ ਹੈ ਕਿ ਸਾਰੀ ਜਾਇਦਾਦ ਉਸ ਦੀ ਪਤਨੀ ਅਮਨੀਤ ਪੀ ਕੁਮਾਰ ਨੂੰ ਸੌਂਪੀ ਗਈ ਹੈ। ਇਸ ਨੋਟ ਵਿੱਚ ਪੂਰਨ ਕੁਮਾਰ ਦੇ ਪੇਸ਼ੇਵਰ ਸਫ਼ਰ, ਤਬਾਦਲਿਆਂ, ਕਰੀਅਰ ਅਤੇ ਜਾਤ-ਪਾਤ ਦੀਆਂ ਵਾਰ-ਵਾਰ ਸ਼ਿਕਾਇਤਾਂ ਦਾ ਵਰਣਨ ਕੀਤਾ ਗਿਆ ਹੈ। ਨੋਟ ਵਿੱਚ ਕੁਮਾਰ ਨੇ 2021 ਤੋਂ ਪਹਿਲਾਂ ਦੀਆਂ ਅਹਿਮ ਘਟਨਾਵਾਂ ਦਾ ਹਵਾਲਾ ਦਿੱਤਾ ਹੈ ਜਿਸ ਵਿੱਚ ਇੱਕ ਸੀਨੀਅਰ ਅਧਿਕਾਰੀ ਵਿਰੁੱਧ ਵਿਤਕਰੇ ਲਈ ਰਿੱਟ ਦਾਇਰ ਕਰਨਾ ਅਤੇ ਆਈਜੀ (ਹੋਮ ਗਾਰਡਜ਼) ਵਿੱਚ ਉਸ ਦੇ 2023 ਦੇ ਤਬਾਦਲੇ ਦਾ ਵਿਰੋਧ ਕਰਨਾ ਸ਼ਾਮਲ ਹੈ, ਜਿਸ ਦੀ ਉਸ ਨੇ ਦਲੀਲ ਦਿੱਤੀ ਸੀ ਕਿ ਇਹ ਕਾਡਰ ਪੋਸਟ ਨਹੀਂ ਸੀ। ਹਾਲਾਂਕਿ ਉਸ ਨੂੰ ਅਪਰੈਲ 2024 ਵਿੱਚ ਆਈਜੀਪੀ, ਰੋਹਤਕ ਰੇਂਜ ਵਿਚ ਮੁੱਖ ਧਾਰਾ ਦੀ ਪੋਸਟਿੰਗ ਮਿਲੀ ਸੀ, ਉਸ ਦਾ 29 ਸਤੰਬਰ ਨੂੰ ਆਈਜੀ, ਪੁਲੀਸ ਟਰੇਨਿੰਗ ਕਾਲਜ, ਸੁਨਾਰੀਆ, ਰੋਹਤਕ ਵਿੱਚ ਦੁਬਾਰਾ ਤਬਾਦਲਾ ਕਰ ਦਿੱਤਾ ਗਿਆ ਸੀ ਜਿਸ ਦਾ ਉਨ੍ਹਾਂ ਵਿਰੋਧ ਕੀਤਾ ਸੀ।

# ਵਿਧਾਨ ਸਭਾ ਹਲਕਾ ਤਰਨ ਤਾਰਨ ਦੀ ਜ਼ਿਮਨੀ ਚੋਣ ਦੇ ਮੱਦੇਨਜ਼ਰ ਜਿਲ੍ਹਾ ਮਜਿਸਟਰੇਟ ਨੇ ਅਸਲਾ ਲਾਇਸੰਸ ਜਮਾ ਕਰਾਉਣ ਦੇ ਆਦੇਸ਼ ਜਾਰੀ ਕੀਤੇ

**ਤਰਨ ਤਾਰਨ, 13 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਭਾਰਤੀ ਚੋਣ ਕਮਿਸ਼ਨ, ਨਵੀਂ ਦਿੱਲੀ ਵੱਲੋਂ ਵਿਧਾਨ ਸਭਾ ਹਲਕਾ ਤਰਨ ਤਾਰਨ ਦੀ ਜਿਮਨੀ ਚੋਣ ਦਾ ਐਲਾਨ ਕਰ ਦਿੱਤਾ ਗਿਆ ਹੈ।

ਵਿਧਾਨ ਸਭਾ ਹਲਕਾ-21 ਤਰਨ ਤਾਰਨ ਦੀ ਜ਼ਿਮਨੀ ਚੋਣ 11 ਨਵੰਬਰ ਨੂੰ ਹੋਵੇਗੀ ਜਦਕਿ ਚੋਣ ਨਤੀਜੇ ਦਾ ਐਲਾਨ 14 ਨਵੰਬਰ 2025 ਨੂੰ ਹੋਵੇਗਾ।

ਭਾਰਤੀ ਚੋਣ ਕਮਿਸ਼ਨ, ਨਵੀਂ ਦਿੱਲੀ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਜ਼ਿਮਨੀ ਚੋਣਾਂ ਮੌਕੇ ਅਮਨ ਤੇ ਕਾਨੂੰਨ ਦੀ ਸਥਿਤੀ ਬਣਾਏ ਰੱਖਣ/ਲੋਕਹਿੱਤ ਵਿੱਚ ਸ਼ਾਂਤੀ ਬਰਕਰਾਰ ਰੱਖਣ ਅਤੇ ਹੋਣ ਵਾਲੀਆਂ ਚੋਣਾਂ ਨੂੰ ਸੁਚੱਜੇ/ਸ਼ਾਂਤਮਈ ਢੰਗ ਨਾਲ ਨੇਪਰੇ ਚਾੜ੍ਹਣ ਲਈ ਜਿਲ੍ਹਾ ਤਰਨ ਤਾਰਨ ਦੀ ਹਦੂਦ ਅੰਦਰ ਕਿਸੇ ਕਿਸਮ ਦਾ ਲਾਇਸੰਸੀ ਹਥਿਆਰ, ਗੋਲੀ-ਸਿੱਕਾ, ਵਿਸਫੋਟਕ ਸਮੱਗਰੀ, ਮਾਰੂ ਹਥਿਆਰ ਆਦਿ ਨੂੰ ਨਾਲ ਲੈ ਕੇ ਜਾਣ ਤੇ ਪਾਬੰਦੀ (Ban on Carrying) ਲਗਾਉਣੀ ਅਤਿ ਜ਼ਰੂਰੀ ਹੈ ਤਾਂ ਜੋ ਕਿਸ ਤਰ੍ਹਾਂ ਦੀ ਅਣਸੁਖਾਵੀਂ ਘਟਨਾ ਨਾ ਵਾਪਰ ਸਕੇ।

ਇਸ ਸਭ ਦੇ ਮੱਦੇਨਜ਼ਰ ਸ੍ਰੀ ਰਾਹੁਲ, ਆਈ.ਏ.ਐਸ. ਜਿਲ੍ਹਾ ਮੈਜਿਸਟਰੇਟ, ਤਰਨ ਤਾਰਨ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜਿਲ੍ਹਾ ਤਰਨ ਤਾਰਨ ਦੀ ਹਦੂਦ ਅੰਦਰ ਕਿਸੇ ਕਿਸਮ ਦਾ ਲਾਇਸੰਸੀ ਹਥਿਆਰ, ਗੋਲੀ-ਸਿੱਕਾ, ਵਿਸਫੋਟਕ ਸਮੱਗਰੀ, ਮਾਰੂ ਹਥਿਆਰ ਆਦਿ ਨਾਲ ਲੈ ਕੇ ਜਾਣ ਤੇ ਪਾਬੰਦੀ ਲਗਾ ਦਿੱਤੀ ਹੈ।

ਜ਼ਿਲਾ ਮਜਿਸਟਰੇਟ ਨੇ ਜਿਲ੍ਹਾ ਤਰਨ ਤਾਰਨ ਦੇ ਉਨ੍ਹਾਂ ਸਾਰੇ ਅਸਲਾ ਲਾਇਸੈਂਸ ਧਾਰਕਾਂ ਨੂੰ ਹੁਕਮ ਕੀਤਾ ਹੈ ਕਿ ਜਿਨ੍ਹਾਂ ਨੂੰ ਸਕ੍ਰੀਨਿੰਗ ਕਮੇਟੀ ਦੀ ਸਿਫਾਰਸ਼ 'ਤੇ ਜ਼ਿਲ੍ਹਾ ਮੈਜਿਸਟ੍ਰੇਟ ਦੇ ਦਫ਼ਤਰ ਦੁਆਰਾ ਜਾਰੀ ਕੀਤਾ ਗਿਆ ਅਜਿਹਾ ਨੋਟਿਸ/ਆਰਡਰ ਪ੍ਰਾਪਤ ਹੁੰਦਾ ਹੈ, ਉਹ ਆਪਣੇ ਹਥਿਆਰ ਅਤੇ ਗੋਲੀ ਸਿੱਕਾ ਅਜਿਹੇ ਨੋਟਿਸ/ਆਰਡਰ ਪ੍ਰਾਪਤ ਹੋਣ ਦੇ 07 ਦਿਨਾਂ ਦੇ ਅੰਦਰ-ਅੰਦਰ ਆਪਣਾ ਅਸਲਾ ਲੋਕਲ ਥਾਣੇ ਜਾਂ ਮੰਨਜੂਰਸੁਦਾ ਅਸਲਾ ਡੀਲਰਾਂ ਪਾਸ ਜਮ੍ਹਾਂ ਕਰਵਾਉਣ।

ਉਹਨਾਂ ਕਿਹਾ ਕਿ ਉਪਰੋਕਤ ਹੁਕਮ ਤੋਂ ਪੁਲਿਸ, ਮਿਲਟਰੀ ਅਤੇ ਪੈਰਾ ਮਿਲਟਰੀ ਫੋਰਸ ਅਤੇ ਸਰਕਾਰ ਦੇ ਉਨ੍ਹਾਂ ਅਧਿਕਾਰੀਆਂ, ਕਰਮਚਾਰੀਆਂ, ਜਿਨਾਂ ਨੂੰ ਡਿਊਟੀ ਦੌਰਾਨ ਅਸਲਾ ਰੱਖਣ ਦੀ ਇਜਾਜ਼ਤ ਹੈ ਨੂੰ ਛੋਟ ਹੋਵੇਗੀ।

ਇਸ ਤੋਂ ਇਲਾਵਾ ਉਹ ਖਿਡਾਰੀ ਜੋ ਨੈਸ਼ਨਲ ਰਾਈਫਲ ਐਸੋਸੀਏਸ਼ਨ ਵੱਲੋਂ ਵੱਖ-ਵੱਖ ਪੱਧਰਾਂ 'ਤੇ ਹੋਣ ਵਾਲੇ ਮੁਕਾਬਲਿਆਂ ਵਿੱਚ ਹਿੱਸਾ ਲੈਂਦੇ ਹਨ ਨੂੰ ਵੀ ਅਸਲਾ ਜਮਾਂ ਕਰਾਉਣ ਤੋਂ ਛੋਟ ਹੋਵੇਗੀ।

ਇਹ ਹੁਕਮ ਮਾਮਲੇ ਦੀ ਤੱਤਪਰਤਾ ਨੂੰ ਮੁੱਖ ਰੱਖਦੇ ਹੋਏ ਇੱਕ ਤਰਫਾ ਜਾਰੀ ਕੀਤਾ ਜਾਂਦਾ ਹੈ ਅਤੇ ਆਮ ਜਨਤਾ ਦੇ ਨਾਮ ਸੰਬੋਧਿਤ ਕੀਤਾ ਜਾਂਦਾ ਹੈ, ਜੋ ਮਿਤੀ 07-10-2025 ਤੋਂ ਮਿਤੀ 16-11-2025 (ਚੋਣਾਂ ਮੁਕੰਮਲ ਹੋਣ ਤੱਕ) ਤੱਕ ਲਾਗੂ ਰਹੇਗਾ।

# ਕੌਮੀ ਰਾਜਧਾਨੀ ਦਾ ਦੀਵਾਲੀ ਮੇਲਾ ਸਮਾਪਤ



**ਫਰੀਦਾਬਾਦ, 13 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇਥੇ ਦੋ ਅਕਤੂਬਰ ਨੂੰ ਸ਼ੁਰੂ ਹੋਇਆ ਦੀਵਾਲੀ ਮੇਲਾ ਮੰਗਲਵਾਰ ਸ਼ਾਮ ਨੂੰ ਸਮਾਪਤ ਹੋਇਆ। ਰੰਗ-ਬਿਰੰਗੇ ਢੰਗ ਨਾਲ ਸਜਾਏ ਚੌਪਾਲ ਵਿੱਚ ਹੋਏ ਸਮਾਪਤੀ ਸਮਾਗਮ ਵਿੱਚ ਕੇਂਦਰੀ ਊਰਜਾ ਅਤੇ ਸ਼ਹਿਰੀ ਰਿਹਾਇਸ਼ ਮੰਤਰੀ ਮਨੋਹਰ ਲਾਲ ਮੁੱਖ ਮਹਿਮਾਨ ਸਨ। ਉਨ੍ਹਾਂ ਨੇ ਕਾਰੀਗਰਾਂ, ਬੁਣਕਰਾਂ ਅਤੇ ਸਟਾਲ ਸੰਚਾਲਕਾਂ ਨਾਲ ਉਨ੍ਹਾਂ ਦੇ ਕਾਰੋਬਾਰ ਬਾਰੇ ਗੱਲਬਾਤ ਕੀਤੀ। ਮੁੱਖ ਮਹਿਮਾਨ ਮਨੋਹਰ ਲਾਲ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਕਾਰੋਬਾਰ ਵਧਾਉਣ ਲਈ ਮੇਲੇ ਦੀ ਮਿਆਦ ਵਧਾਈ ਜਾਵੇਗੀ। ਸ੍ਰੀ ਖੱਟਰ ਨੇ ਕਿਹਾ ਕਿ ਰਾਜ ਦੇ ਸੈਰ-ਸਪਾਟਾ ਮੰਤਰੀ ਡਾ. ਅਰਵਿੰਦ ਸ਼ਰਮਾ ਨੇ ਇਸ ਸਮਾਗਮ ਦੀ ਪ੍ਰਧਾਨਗੀ ਕੀਤੀ। ਹਾਲਾਂ ਕਿ ਸ਼ਾਮ ਨੂੰ ਪਏ ਤੇਜ਼ ਮੀਂਹ ਨੇ ਦੁਕਾਨਦਾਰਾਂ ਦੀਆਂ ਆਖ਼ਰੀ ਦਿਨ ਖਰੀਦਦਾਰੀ ਹੋਣ ਦੀਆਂ ਉਮੀਦਾਂ ਉਪਰ ਪਾਣੀ ਫੇਰ ਦਿੱਤਾ। ਚੌਪਾਲ ਪਹੁੰਚਣ ਤੋਂ ਪਹਿਲਾਂ ਮੁੱਖ ਮਹਿਮਾਨ ਨੇ ਮੇਲੇ ਦੇ ਮੈਦਾਨ ਦਾ ਨਿਰੀਖਣ ਕੀਤਾ। ਸ੍ਰੀ ਖੱਟਰ ਨੇ ਕਿਹਾ ਕਿ ਇਸ ਦੀਵਾਲੀ ਮੇਲੇ ਵਿੱਚ ਪਿਛਲੇ ਸਾਲ ਦੇ ਮੁਕਾਬਲੇ ਕਾਰੋਬਾਰ ਵਧਿਆ ਜੋ ਲਗਭਗ ਪੰਜ ਕਰੋੜ ਰੁਪਏ ਦਾ ਕਾਰੋਬਾਰ ਹੋਇਆ ਹੈ।

ਉਨ੍ਹਾਂ ਦੀਵਾਲੀ ਮੇਲੇ ਨੂੰ ਸਵਦੇਸ਼ੀ ਮੇਲਾ ਦੱਸਿਆ ਕਿ ਸਵੈ-ਨਿਰਭਰਤਾ ਲਈ ਸਵਦੇਸ਼ੀ ਉਤਪਾਦਾਂ ਨੂੰ ਉਤਸ਼ਾਹਿਤ ਕੀਤਾ ਜਾਵੇਗਾ। ਕੇਂਦਰੀ ਮੰਤਰੀ ਨੇ ਕਿਹਾ ਕਿ ਇਹ ਮੇਲਾ ਸਿਰਫ਼ ਸਾਮਾਨ ਵੇਚਣ ਦਾ ਮਾਧਿਅਮ ਨਹੀਂ ਹੈ, ਸਗੋਂ ਰਾਜ ਅਤੇ ਦੇਸ਼ ਦੇ ਅਮੀਰ ਸੱਭਿਆਚਾਰ, ਭੋਜਨ ਅਤੇ ਕੱਪੜਿਆਂ ਨੂੰ ਪ੍ਰਦਰਸ਼ਿਤ ਕਰਨ ਦਾ ਮੌਕਾ ਵੀ ਦਿੰਦਾ ਹੈ। ਸ੍ਰੀ ਖੱਟਰ ਨੇ ਕਿਹਾ ਕਿ ਉਹ ਮੁੱਖ ਮੰਤਰੀ ਨਾਇਬ ਸਿੰਘ ਨੂੰ ਸੁਝਾਅ ਦੇਣਗੇ ਕਿ ਸੂਰਜਕੁੰਡ 'ਚ ਨਿਯਮਤ ਗਤੀਵਿਧੀਆਂ ਹੋਣ।

# ਸਕੂਲ ਵਿੱਚ ਮਹਿੰਦੀ ਲਗਾਉਣ ਦੇ ਮੁਕਾਬਲੇ ਕਰਵਾਏ



**ਸ਼ਾਹਬਾਦ ਮਾਰਕੰਡਾ, 13 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇਥੇ ਰੋਟਰੀ ਕਲੱਬ ਵੱਲੋਂ ਸਤਲੁਜ ਸੀਨੀਅਰ ਸੈਕੰਡਰੀ ਸਕੂਲ ਵਿੱਚ ਮਹਿੰਦੀ ਲਗਾਉਣ ਦੇ ਮੁਕਾਬਲੇ ਕਰਵਾਏ ਗਏ। ਇਸ ਪ੍ਰੋਗਰਾਮ ਦਾ ਉਦੇਸ਼ ਵਿਦਿਆਰਥੀਆਂ ਦੀ ਰਚਨਾਤਮਕ ਪ੍ਰਤਿਭਾ ਤੇ ਭਾਰਤੀ ਸਭਿਆਚਾਰ ਨਾਲ ਉਨ੍ਹਾਂ ਦੇ ਸਬੰਧ ਨੂੰ ਉਤਸ਼ਾਹਿਤ ਕਰਨਾ ਸੀ। ਮੁਕਾਬਲੇ ਵਿੱਚ ਛੇਵੀਂ ਤੋਂ 12ਵੀਂ ਜਮਾਤ ਦੀਆਂ ਲਗਪੱਗ 120 ਵਿਦਿਆਰਥਣਾਂ ਨੇ ਹਿੱਸਾ ਲਿਆ।

ਇਸ ਮੁਕਾਬਲੇ ਨੂੰ ਤਿੰਨ ਸਮੂਹਾਂ ਵਿੱਚ ਵੰਡਿਆ ਗਿਆ ਸੀ, ਜਿਸ ਵਿੱਚ ਪਹਿਲੇ ਸਮੂਹ ਵਿੱਚ 6ਵੀਂ ਤੋਂ 8ਵੀਂ, ਦੂਜੇ ਸਮੂਹ ਵਿੱਚ 9ਵੀਂ ਤੋਂ 10ਵੀਂ ਤੇ ਤੀਜੇ ਸਮੂਹ 'ਚ 11ਵੀਂ ਤੇ 12ਵੀਂ ਦੀਆਂ ਵਿਦਿਆਰਥਣਾਂ ਸਨ। ਪਹਿਲੇ ਸਮੂਹ 'ਚ ਵੰਸ਼ਿਕਾ ਨੇ ਪਹਿਲਾ, ਵੰਸ਼ਿਕਾ ਕਲਾਸ-8 ਏ ਨੇ ਦੂਜਾ, ਦੀਕਸ਼ਾ ਸਤਵੀਂ ਨੇ ਤੀਜਾ, ਗਰੁੱਪ ਦੋ ਵਿਚ ਨੀਕਿਤਾ ਨੇ ਪਹਿਲਾ, ਸਿਮਰਨ ਨੇ ਦੂਜਾ, ਸੋਨਕਾਸ਼ੀ ਨੇ ਤੀਜਾ, ਗਰੁੱਪ ਤਿੰਨ ਵਿੱਚ ਅੰਜਲੀ ਨੇ ਪਹਿਲਾ, ਉਰਵੀ ਨੇ ਦੂਜਾ, ਜੈਨਬ ਖਾਤੂਨ ਨੇ ਤੀਜਾ ਸਥਾਨ ਪ੍ਰਾਪਤ ਕੀਤਾ, ਸੁਮਨ ਬਖਸ਼ੀ ਤੇ ਦੀਪਕਾ ਨੇ ਨਿਰਨਾਇਕ ਮੰਡਲ ਦੀ ਭੂਮਿਕਾ ਨਿਭਾਈ। ਰੋਟਰੀ ਪ੍ਰਧਾਨ ਡਾ. ਆਰ ਐਸ ਘੁੰਮਣ ਨੇ ਪ੍ਰੋਗਰਾਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਸਮਾਗਮ ਵਿਦਿਆਰਥਣਾਂ ਦੀ ਸਿਰਜਣਾਤਾਮਕਤਾ ਨੂੰ ਵਧਾਉਂਦੇ ਹਨ ਤੇ ਉਨਾਂ ਨੂੰ ਸਭਿਅਚਾਰਕ ਕਦਰਾਂ ਕੀਮਤਾਂ ਨਾਲ ਜੋੜਦੇ ਹਨ। ਉਨ੍ਹਾਂ ਨੇ ਜੇਤੂ ਵਿਦਿਆਰਥਣਾਂ ਨੂੰ ਵਧਾਈ ਦਿੱਤੀ। ਇਸ ਮੌਕੇ ਡਾ. ਪ੍ਰੋਮਿਲਾ ਢੀਂਡਸਾ ਨੇ ਕਿਹਾ ਕਿ ਰੋਟਰੀ ਕਲੱਬ ਸਿੱਖਿਆ ਤੇ ਕਲਾ ਦੇ ਖੇਤਰ ਵਿੱਚ ਸਮਾਜ ਵਿੱਚ ਸ਼ਾਨਦਾਰ ਯੋਗਦਾਨ ਪਾ ਰਿਹਾ ਹੈ ਅਜਿਹੇ ਸਮਾਗਮ ਵਿਦਿਆਰਥਣਾਂ ਦੇ ਆਤਮ ਵਿਸ਼ਵਾਸ਼ ਤੇ ਸਿਜਰਣਾਤਮਕ ਸੋਚ ਨੂੰ ਵਧਾਉਂਦੇ ਹਨ। ਪ੍ਰਾਜੈਕਟ ਚੇਅਰਮੈਨ ਸਮੀਰ ਸੇਠੀ ਨੇ ਕਿਹਾ ਕਿ ਰੋਟਰੀ ਸਮੇਂ ਸਮੇਂ ਤੇ ਅਜਿਹੇ ਮੁਕਾਬਲੇ ਕਰਾਉਂਦਾ ਰਹਿੰਦਾ ਹੈ, ਜਿਸ ਵਿੱਚ ਵਿਦਿਆਰਥੀਆਂ ਵਿੱਚ ਕਲਾ ਪ੍ਰਤੀ ਪ੍ਰਤਿਭਾ ਤੇ ਜਾਗਰੂਕਤਾ ਵੱਧਦੀ ਹੈ। ਇਸ ਮੌਕੇ ਰੋਟਰੀ ਸਕੱਤਰ ਵਿਕਰਮ ਗੁਪਤਾ, ਦੀਪਕ ਕਕੱੜ, ਸਕੂਲ ਕੋਆਰਡੀਨੇਟਰ ਮਨਿੰਦਰ ਸਿੰਘ ਘੁੰਮਣ, ਮੋਨਿਕਾ ਘੁੰਮਣ, ਵਾਈਸ ਪ੍ਰਿੰਸੀਪਲ ਸਤਬੀਰ ਸਿੰਘ ਸਕੂਲ ਪ੍ਰਬੰਧਕ ਮਨੋਜ ਭਸੀਨ, ਮਧੂ ਗੁਪਤਾ, ਕਵਿਤਾ ਸੇਠੀ ਆਦਿ ਤੋਂ ਇਲਾਵਾ ਸਕੂਲ ਸਟਾਫ ਮੌਜੂਦ ਸੀ।

# ਸੂਬੇ 'ਚ ਜਾਪਾਨੀ ਪ੍ਰਾਜੈਕਟਾਂ ਦੀ ਸਥਾਪਨਾ ਵਿਕਾਸ ਨੂੰ ਤੇਜ਼ ਕਰੇਗੀ: ਬੇਦੀ

**ਸ਼ਾਹਬਾਦ ਮਾਰਕੰਡਾ, 13 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਦੇ ਸਮਾਜਿਕ ਨਿਆਂ ਤੇ ਸਸ਼ਕਤੀਕਰਨ ਕੈਬਨਿਟ ਮੰਤਰੀ ਕ੍ਰਿਸ਼ਨ ਕੁਮਾਰ ਬੇਦੀ ਨੇ ਕਿਹਾ ਹੈ ਕਿ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਸੂਬੇ ਵਿਚ ਜਾਪਾਨੀ ਪ੍ਰਾਜੈਕਟ ਲਿਆ ਕੇ ਹਰਿਆਣਾ ਦੇ ਵਿਕਾਸ ਲਈ ਨਵੇਂ ਸਿਸਟਮ ਸਥਾਪਿਤ ਕਰਨ ਲਈ ਕੰਮ ਕਰ ਰਹੇ ਹਨ। ਜਾਪਾਨ ਹਰਿਆਣਾ ਵਿਚ ਮਹੱਤਵਪੂਰਨ ਨਿਵੇਸ਼ ਕਰ ਰਿਹਾ ਹੈ। ਇਨਾਂ ਪ੍ਰਾਜੈਕਟਾਂ ਵਿੱਚ ਇਕ ਖਰਖੋਦਾ ਵਿੱਚ ਬਣਾਇਆ ਜਾਣ ਵਾਲਾ ਇਕ ਵੱਡਾ ਮਾਰੂਤੀ ਪਲਾਂਟ ਹੈ। ਇਸ ਨਾਲ ਹਰਿਆਣਾ ਦੇ ਉਦਯੋਗ ਵਿਚ ਇਕ ਨਵੀਂ ਕਰਾਂਤੀ ਆਵੇਗੀ। ਸੂਬੇ ਵਿੱਚ ਜਾਪਾਨੀ ਪ੍ਰਾਜੈਕਟਾਂ ਦੀ ਸਥਾਪਨਾ ਵਿਕਾਸ ਨੂੰ ਤੇਜ਼ ਕਰੇਗੀ ਤੇ ਸੂਬਾ ਨਵੀਆਂ ਉਚਾਈਆਂ ਛੂਹੇਗਾ। ਕੈਬਨਿਟ ਮੰਤਰੀ ਬੀਤੀ ਦੇਰ ਸ਼ਾਮ ਅੰਤਰਰਾਸ਼ਟਰੀ ਜਾਟ ਧਰਮਸ਼ਾਲਾ ਕੁਰੂਕਸ਼ੇਤਰ ਵਿੱਚ ਮੀਡੀਆ ਨਾਲ ਗੱਲਬਾਤ ਕਰ ਰਹੇ ਸਨ। ਇਸ ਤੋਂ ਪਹਿਲਾਂ ਉਨ੍ਹਾਂ ਨੇ ਧਰਮਸ਼ਾਲਾ ਵਿੱਚ ਕਰਵਾਏ ਵਾਲਮੀਕਿ ਜੈਅੰਤੀ ਸਮਾਗਮ ਵਿੱਚ ਸ਼ਿਰਕਤ ਕੀਤੀ। ਉਨ੍ਹਾਂ ਨੇ ਧਰਮਸ਼ਾਲਾ ਵਿੱਚ ਬਣੇ ਕਾਨਫਰੰਸ ਹਾਲ ਦਾ ਉਦਘਾਟਨ ਵੀ ਕੀਤਾ। ਉਨਾਂ ਕਿਹਾ ਕਿ ਚੋਣ ਕਮਿਸ਼ਨ ਨੇ ਬਿਹਾਰ ਵਿੱਚ ਵਿਧਾਨ ਸਭਾ ਚੋਣਾਂ ਦਾ ਐਲਾਨ ਕਰ ਦਿੱਤਾ ਹੈ ਤੇ ਸਰਕਾਰ ਨੇ ਉਨ੍ਹਾਂ ਨੂੰ ਬਿਹਾਰ ਵਿੱਚ ਪ੍ਰਚਾਰ ਕਰਨ ਦਾ ਕੰਮ ਸੌਂਪਿਆ ਹੈ। ਉਨ੍ਹਾਂ ਕਿਹਾ ਕਿ ਬਿਹਾਰ ਵਿੱਚ ਪਹਿਲਾਂ ਵੀ ਐਨ ਡੀ ਏ ਸਰਕਾਰ ਨੇ ਅਗਵਾਈ ਕੀਤੀ ਹੈ ਤੇ ਭਵਿੱਖ ਵਿੱਚ ਵੀ ਕਰਦੀ ਰਹੇਗੀ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ 17 ਅਕਤੂਬਰ ਨੂੰ ਸੋਨੀਪਤ ਵਿੱਚ ਇਕ ਪ੍ਰੋਗਰਾਮ ਵਿਚ ਸ਼ਿਰਕਤ ਕਰਨਗੇ, ਜੋ ਕਿ ਸੂਬਾ ਸਰਕਾਰ ਦੇ ਇਕ ਸਾਲ ਪੂਰਾ ਹੋਣ ਤੇ ਹੋਣਾ ਹੈ। ਉਨ੍ਹਾਂ ਨੇ ਵਾਲਮੀਕਿ ਜੈਅੰਤੀ ਦੀਆਂ ਸਾਰਿਆਂ ਨੂੰ ਆਪਣੀਆਂ ਸ਼ੁਭਕਾਮਨਵਾਂ ਦਿੱਤੀਆਂ। ਅੰਤਰਰਾਸ਼ਟਰੀ ਜਾਟ ਧਰਮਸ਼ਾਲਾ ਦੇ ਪ੍ਰਧਾਨ ਕ੍ਰਿਸ਼ਨਾ ਸ਼ਯੋਕਾ ਨੰਦ ਨੇ ਕਿਹਾ ਕਿ ਕੈਬਨਿਟ ਮੰਤਰੀ ਕ੍ਰਿਸ਼ਨ ਕੁਮਾਰ ਬੇਦੀ ਨੇ ਜਿਸ ਧਰਮਸ਼ਾਲਾ ਦੇ ਕਾਨਫਰੰਸ ਹਾਲ ਦਾ ਉਦਘਾਟਨ ਕੀਤਾ ਹੈ ਉਸ ਵਿਚ ਜਲਦ ਹੀ ਇਕ ਕੋਚਿੰਗ ਸੈਂਟਰ ਖੋਲ੍ਹਣ ਲਈ ਇਕ ਹਾਲ ਬਣਾਇਆ ਜਾਏਗਾ, ਜਿਸ ਵਿਚ ਲੋੜਵੰਦ ਬਚਿੱਆਂ ਲਈ ਵਿਦਿਅਕ ਸੰਸਥਾਵਾਂ ਦੇ ਸਹਿਯੋਗ ਨਾਲ ਕੋਚਿੰਗ ਦਾ ਪ੍ਰਬੰਧ ਕੀਤਾ ਜਾਏਗਾ। ਇਸ ਮੌਕੇ ਸੈਣੀ ਸਮਾਜ ਦੇ ਪ੍ਰਧਾਨ ਗੁਰਨਾਮ ਸੈਣੀ, ਜਾਟ ਧਰਮਸ਼ਾਲਾ ਦੇ ਜਨਰਲ ਸਕੱਤਰ ਹਰਕੇਸ਼ ਸਿੰਘ ਸਹਾਰਨ, ਮੀਤ ਪ੍ਰਧਾਨ ਬਨੀ ਸਿੰਘ ਢੁੱਲ, ਕੈਸ਼ੀਅਰ ਨਰਿੰਦਰ ਨੈਨ, ਹੁਸ਼ਿਆਰ ਸਿੰਘ, ਟੇਕ ਚੰਦ, ਪ੍ਰੋ ਭੀਮ ਸਿੰਘ ਸਹਾਰਨ,ਗੁਰਨਾਮ ਮੰਗੋਲੀ, ਰਾਜਿੰਦਰ ਸਿੰਘ ਆਦਿ ਤੋਂ ਇਲਾਵਾ ਕਈ ਪਤਵੰਤੇ ਮੌਜੂਦ ਸਨ।

# ਜੰਮੂ ਕਸ਼ਮੀਰ 'ਚ ਬੇਅਦਬੀ: ਕੇਂਦਰ ਸਰਕਾਰ ਕਾਨੂੰਨ ਵਿਚ ਸੋਧ ਕਰ ਕੇ ਬੇਅਦਬੀ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਦਾ ਪ੍ਰਬੰਧ ਕਰੇ: ਧਾਮੀ

**ਅੰਮ੍ਰਿਤਸਰ, 13 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਸ਼੍ਰੋਮਣੀ ਕਮੇਟੀ ਪ੍ਰਧਾਨ

ਜੰਮੂ ਕਸ਼ਮੀਰ ਦੇ ਸਾਂਬਾ ਜ਼ਿਲ੍ਹੇ ਦੇ ਪਿੰਡ ਕੌਲਪੁਰ 'ਚ ਇਕ ਵਿਅਕਤੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਕੀਤੀ ਬੇਅਦਬੀ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੋਸ਼ੀ ਵਿਰੁੱਧ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਐਡਵੋਕੇਟ ਧਾਮੀ ਨੇ ਆਖਿਆ ਕਿ ਇਹ ਬੇਹੱਦ ਦੁਖਦ ਮਾਮਲਾ ਹੈ, ਜਿਸ ਨੇ ਸਿੱਖ ਭਾਵਨਾਵਾਂ ਨੂੰ ਗਹਿਰੀ ਸੱਟ ਮਾਰੀ ਹੈ। ਉਨ੍ਹਾਂ ਕਿਹਾ ਕਿ ਜਦੋਂ ਸਮੁੱਚਾ ਪੰਥ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਮਨਾ ਰਿਹਾ ਹੈ, ਤਾਂ ਅਜਿਹੀਆਂ ਘਟਨਾਵਾਂ ਦਾ ਵਾਪਰਨਾ ਗਹਿਰੀ ਸਾਜ਼ਿਸ਼ ਦਾ ਹਿੱਸਾ ਲਗਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਤੁਰੰਤ ਇਸ ਸਾਜ਼ਿਸ਼ ਦਾ ਪਤਾ ਲਗਾਏ ਅਤੇ ਦੋਸ਼ੀਆਂ ਨੂੰ ਮਿਸਾਲੀ ਸਜ਼ਾ ਦੇਵੇ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਮਿਥ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨਾ ਕੌਮ ਦੀਆਂ ਭਾਵਨਾਵਾਂ 'ਤੇ ਸਿੱਧਾ ਹਮਲਾ ਹੈ, ਜਿਸ ਨੂੰ ਕੌਮ ਬਰਦਾਸ਼ਤ ਨਹੀਂ ਕਰ ਸਕਦੀ।

ਨੇ ਕਿਹਾ ਕਿ ਭਾਰਤ ਸਰਕਾਰ ਨੂੰ ਦੇਸ਼ ਦੇ ਕਾਨੂੰਨ ਵਿਚ ਸੋਧ ਕਰਕੇ ਬੇਅਦਬੀਆਂ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਦਾ ਪ੍ਰਬੰਧ ਕਰਨ ਲਈ ਢੁੱਕਵੇਂ ਕਦਮ ਚੁੱਕਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਭਾਵੇਂ ਪਹਿਲਾਂ ਵੀ ਸਰਕਾਰਾਂ ਨੇ ਸਖ਼ਤ ਕਾਨੂੰਨ ਲਿਆਉਣ ਦੀ ਕਈ ਵਾਰ ਗੱਲਾਂ ਕੀਤੀਆਂ ਹਨ, ਪ੍ਰੰਤੂ ਕੋਈ ਠੋਸ ਨਤੀਜੇ ਸਾਹਮਣੇ ਨਹੀਂ ਆਏ।

ਇਸੇ ਦੌਰਾਨ ਐਡਵੋਕੇਟ ਧਾਮੀ ਨੇ ਜੰਮੂ ਕਸ਼ਮੀਰ ਵਿਖੇ ਘਟਨਾ ਸਥਾਨ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਮੈਂਬਰ ਗੁਰਮੀਤ ਸਿੰਘ ਬੂਹ, ਭਾਈ ਅਜੈਬ ਸਿੰਘ ਅਭਿਆਸੀ, ਸਕੱਤਰ ਪ੍ਰਤਾਪ ਸਿੰਘ ਅਤੇ ਸਿੱਖ ਮਿਸ਼ਨ ਜੰਮੂ ਕਸ਼ਮੀਰ ਦੇ ਇੰਚਾਰਜ ਹਰਭਿੰਦਰ ਸਿੰਘ ਨੂੰ ਜਾਂਚ ਟੀਮ ਵਜੋਂ ਭੇਜ ਕੇ ਮੁਕੰਮਲ ਰਿਪੋਰਟ ਮੰਗੀ ਹੈ। ਉਨ੍ਹਾਂ ਨਿਰਦੇਸ਼ ਦਿੱਤੇ ਹਨ ਕਿ ਪ੍ਰਭਾਵਿਤ ਪਾਵਨ ਸਰੂਪ ਸੰਭਾਲੇ ਜਾਣ ਦੀ ਕਾਰਵਾਈ ਕੀਤੀ ਜਾਵੇ ਅਤੇ ਨਾਲ ਹੀ ਕਾਨੂੰਨੀ ਕਾਰਵਾਈ ਲਈ ਵੀ ਜ਼ਿੰਮੇਵਾਰੀ ਨਿਭਾਈ ਜਾਵੇ।

# ਮ੍ਰਿਤਕ ਪੁਲੀਸ ਅਧਿਕਾਰੀ ਵਾਈ ਪੂਰਨ ਕੁਮਾਰ ਦੀ ਪਤਨੀ ਵਿਦੇਸ਼ ਤੋਂ ਪਰਤੀ

**ਚੰਡੀਗੜ੍ਹ, 13 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਦੇ ਸੀਨੀਅਰ ਪੁਲੀਸ ਅਧਿਕਾਰੀ ਵਾਈ ਪੂਰਨ ਕੁਮਾਰ ਦੀ ਪਤਨੀ ਬੁੱਧਵਾਰ ਨੂੰ ਜਾਪਾਨ ਤੋਂ ਇੱਥੇ ਪਹੁੰਚੇ ਹਨ। ਪੁਲੀਸ ਅਧਿਕਾਰੀ ਦੀ ਪਤਨੀ ਅਮਨੀਤ ਪੀ ਕੁਮਾਰ, ਜੋ ਕਿ ਇੰਡੀਅਨ ਐਡਮਨਿਸਟ੍ਰੇਟਿਵ ਸਰਵਿਸ (ਆਈਏਐਸ) ਅਧਿਕਾਰੀ ਅਤੇ ਹਰਿਆਣਾ ਸਰਕਾਰ ਦੇ ਵਿਦੇਸ਼ ਸਹਿਕਾਰਤਾ ਵਿਭਾਗ ਦੀ ਕਮਿਸ਼ਨਰ ਅਤੇ ਸਕੱਤਰ ਹੈ, ਮੁੱਖ ਮੰਤਰੀ ਨਾਇਬ ਸੈਣੀ ਦੀ ਅਗਵਾਈ ਵਾਲੇ ਵਫ਼ਦ ਦੇ ਹਿੱਸੇ ਵਜੋਂ ਜਾਪਾਨ ਵਿੱਚ ਸੀ।

ਸੂਤਰਾਂ ਨੇ ਦੱਸਿਆ ਕਿ ਉਹ ਦੁਪਹਿਰ ਨੂੰ ਇੱਥੇ ਪਹੁੰਚੇ ਹਨ। ਵਾਈ ਪੂਰਨ ਕੁਮਾਰ (52), ਜੋ ਕਿ 2001 ਬੈਚ ਦੇ ਇੰਡੀਅਨ ਪੁਲੀਸ ਸਰਵਿਸ (ਆਈਪੀਐਸ) ਅਧਿਕਾਰੀ ਸਨ, ਮੰਗਲਵਾਰ ਨੂੰ ਚੰਡੀਗੜ੍ਹ ਸਥਿਤ ਆਪਣੀ ਰਿਹਾਇਸ਼ 'ਤੇ ਗੋਲੀ ਲੱਗਣ ਕਾਰਨ ਮ੍ਰਿਤਕ ਪਾਏ ਗਏ ਸਨ।

ਉਨ੍ਹਾਂ ਦੇ ਇੱਥੇ ਪਹੁੰਚਣ ਤੋਂ ਬਾਅਦ ਕੁਝ ਸੀਨੀਅਰ ਹਰਿਆਣਾ ਨੌਕਰਸ਼ਾਹਾਂ ਨੇ ਅਮਨੀਤ ਕੁਮਾਰ ਨਾਲ ਮੁਲਾਕਾਤ ਕੀਤੀ ਅਤੇ ਦੁੱਖ ਦਾ ਪ੍ਰਗਟਾਵਾ ਕੀਤਾ। ਚੰਡੀਗੜ੍ਹ ਪੁਲਿਸ ਨੇ ਮੰਗਲਵਾਰ ਨੂੰ ਕਿਹਾ ਸੀ ਕਿ ਪੋਸਟਮਾਰਟਮ ਅਮਨੀਤ ਕੁਮਾਰ ਦੇ ਇੱਥੇ ਪਹੁੰਚਣ ਤੋਂ ਬਾਅਦ ਹੀ ਕਰਵਾਇਆ ਜਾਵੇਗਾ।

ਅਧਿਕਾਰੀਆਂ ਦੇ ਅਧਿਕਾਰਾ ਸੀਨੀਆਰਤਾ ਅਤੇ ਹੋਰ ਮੁੱਦਿਆਂ ਨਾਲ ਸਬੰਧਤ ਮਾਮਲਿਆਂ ਵਿੱਚ ਆਪਣੇ ਦਖਲ ਲਈ ਜਾਣੇ ਜਾਂਦੇ ਪੂਰਨ ਕੁਮਾਰ ਨੂੰ ਹਾਲ ਹੀ ਵਿੱਚ ਰੋਹਤਕ ਦੇ ਸੁਨਾਰੀਆ ਵਿੱਚ ਪੁਲੀਸ ਸਿਖਲਾਈ ਕੇਂਦਰ (ਪੀਟੀਸੀ) ਦੇ ਇੰਸਪੈਕਟਰ ਜਨਰਲ ਵਜੋਂ ਤਾਇਨਾਤ ਕੀਤਾ ਗਿਆ ਸੀ।ਪੁਲਿਸ ਨੇ ਦੱਸਿਆ ਕਿ ਸੈਂਟਰਲ ਫੋਰੈਂਸਿਕ ਸਾਇੰਸਜ਼ ਲੈਬਾਰਟਰੀ (ਸੀਐਫਐਸਐਲ) ਦੀ ਟੀਮ ਨੇ ਮੌਕੇ ਤੋਂ ਭੌਤਿਕ ਅਤੇ ਇਲੈਕਟ੍ਰਾਨਿਕ ਸਬੂਤ, ਜਿਸ ਵਿੱਚ ਉਹ ਹਥਿਆਰ ਵੀ ਸ਼ਾਮਲ ਹੈ ਜਿਸ ਦੀ ਵਰਤੋਂ ਪੂਰਨ ਕੁਮਾਰ ਨੇ ਕਥਿਤ ਤੌਰ 'ਤੇ ਖੁਦ ਨੂੰ ਗੋਲੀ ਮਾਰਨ ਲਈ ਕੀਤੀ ਸੀ, ਜ਼ਬਤ ਕਰ ਲਏ ਹਨ।

ਉਨ੍ਹਾਂ ਦੱਸਿਆ ਕਿ ਮੌਕੇ ਤੋਂ ਇੱਕ ਵਸੀਅਤ ਅਤੇ ਇੱਕ ਆਖਰੀ ਨੋਟ ਵੀ ਮਿਲਿਆ ਅਤੇ ਜ਼ਬਤ ਕੀਤਾ ਗਿਆ ਹੈ। ਸੂਤਰਾਂ ਨੇ ਦੱਸਿਆ ਕਿ ਉਹ ਦੁਪਹਿਰ ਨੂੰ ਇੱਥੇ ਪਹੁੰਚੇ ਹਨ।

ਵਾਈ ਪੂਰਨ ਕੁਮਾਰ (52), ਜੋ ਕਿ 2001 ਬੈਚ ਦੇ ਇੰਡੀਅਨ ਪੁਲੀਸ ਸਰਵਿਸ (ਆਈਪੀਐਸ) ਅਧਿਕਾਰੀ ਸਨ, ਮੰਗਲਵਾਰ ਨੂੰ ਚੰਡੀਗੜ੍ਹ ਸਥਿਤ ਆਪਣੀ ਰਿਹਾਇਸ਼ 'ਤੇ ਗੋਲੀ ਲੱਗਣ ਕਾਰਨ ਮ੍ਰਿਤਕ ਪਾਏ ਗਏ ਸਨ।ਉਨ੍ਹਾਂ ਦੇ ਇੱਥੇ ਪਹੁੰਚਣ ਤੋਂ ਬਾਅਦ ਕੁਝ ਸੀਨੀਅਰ ਹਰਿਆਣਾ ਨੌਕਰਸ਼ਾਹਾਂ ਨੇ ਅਮਨੀਤ ਕੁਮਾਰ ਨਾਲ ਮੁਲਾਕਾਤ ਕੀਤੀ ਅਤੇ ਦੁੱਖ ਦਾ ਪ੍ਰਗਟਾਵਾ ਕੀਤਾ।ਸੂਤਰਾਂ ਅਨੁਸਾਰ ਇਹ ਨੋਟ ਨੌਂ ਪੰਨਿਆਂ ਦਾ ਹੈ।

ਪੁਲਿਸ ਨੇ ਦੱਸਿਆ ਕਿ ਸੈਂਟਰਲ ਫੋਰੈਂਸਿਕ ਸਾਇੰਸਜ਼ ਲੈਬਾਰਟਰੀ (ਸੀਐਫਐਸਐਲ) ਦੀ ਟੀਮ ਨੇ ਮੌਕੇ ਤੋਂ ਭੌਤਿਕ ਅਤੇ ਇਲੈਕਟ੍ਰਾਨਿਕ ਸਬੂਤ, ਜਿਸ ਵਿੱਚ ਉਹ ਹਥਿਆਰ ਵੀ ਸ਼ਾਮਲ ਹੈ

ਜਿਸ ਦੀ ਵਰਤੋਂ ਪੂਰਨ ਕੁਮਾਰ ਨੇ ਕਥਿਤ ਤੌਰ 'ਤੇ ਖੁਦ ਨੂੰ ਗੋਲੀ ਮਾਰਨ ਲਈ ਕੀਤੀ ਸੀ, ਜ਼ਬਤ ਕਰ ਲਏ ਹਨ।

# ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ 13 ਅਕਤੂਬਰ ਨੂੰ ਸਮਾਪਤ ਹੋਵੇਗੀ

**ਅੰਮ੍ਰਿਤਸਰ, 13 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਉੱਤਰਾਖੰਡ ਸਥਿਤ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾ 13 ਅਕਤੂਬਰ ਨੂੰ ਸਮਾਪਤ ਹੋਵੇਗੀ ਅਤੇ ਇਸੇ ਦਿਨ ਹੀ ਗੁਰਦੁਆਰੇ ਦੇ ਕਿਵਾੜ ਸੰਗਤ ਵਾਸਤੇ ਬੰਦ ਕਰ ਦਿੱਤੇ ਜਾਣਗੇ। ਇਸ ਸਬੰਧ ਵਿੱਚ ਅੱਜ ਗੁਰਦੁਆਰਾ ਗੋਬਿੰਦ ਘਾਟ ਵਿਖੇ ਸਹਿਜ ਪਾਠ ਦੇ ਭੋਗ ਪਾਏ ਗਏ ਹਨ।

ਇਸ ਸਬੰਧ ਵਿੱਚ ਜਾਣਕਾਰੀ ਦਿੰਦਿਆਂ ਹੇਮਕੁੰਟ ਸਾਹਿਬ ਮੈਨੇਜਮੈਂਟ ਟਰਸਟ ਅਧੀਨ ਆਉਂਦੇ ਗੁਰਦੁਆਰਾ ਗੋਬਿੰਦ ਘਾਟ ਦੇ ਮੈਨੇਜਰ ਭਾਈ ਸੇਵਾ ਸਿੰਘ ਨੇ ਦੱਸਿਆ ਕਿ ਅੱਜ ਸਹਿਜ ਪਾਠ ਦੇ ਭੋਗ ਪਾਏ ਗਏ ਹਨ ਅਤੇ ਉਪਰੰਤ ਸਾਰਾ ਅਮਲਾ ਗੁਰਦੁਆਰਾ ਹੇਮਕੁੰਟ ਸਾਹਿਬ ਵਾਸਤੇ ਰਵਾਨਾ ਹੋਵੇਗਾ ਜਿੱਥੇ ਦੱਸ ਅਕਤੂਬਰ ਨੂੰ ਸਵੇਰੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਹੋਵੇਗਾ। ਭੋਗ ਉਪਰੰਤ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਵੱਲੋਂ ਗੁਰਬਾਣੀ ਦਾ ਕੀਰਤਨ ਕੀਤਾ ਜਾਵੇਗਾ ਅਤੇ ਅਰਦਾਸ ਮਗਰੋਂ ਖਾਲਸਾਈ ਰਵਾਇਤਾਂ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਨੂੰ ਸ਼ੀਤ ਕਾਲ ਵਾਸਤੇ ਸੁਖ ਅਸਥਾਨ ਵਿਖੇ ਲਿਜਾਇਆ ਜਾਵੇਗਾ।

ਇਸ ਮੌਕੇ ਹੇਮਕੁੰਟ ਸਾਹਿਬ ਮੈਨੇਜਮੈਂਟ ਟਰਸਟ ਦੇ ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ ਹੇਮਕੁੰਟ ਸਾਹਿਬ ਸੇਵਾ ਲਈ ਵਿਸ਼ੇਸ਼ ਯੋਗਦਾਨ ਦੇਣ ਵਾਲੀ ਭਾਰਤੀ ਫੌਜ ਦੀ 9 ਬਟਾਲੀਅਨ ਅਤੇ ਇੰਡੀਪੈਂਡੈਂਟ ਕੋਰ ਦੇ ਅਧਿਕਾਰੀਆਂ ਨੂੰ ਸਨਮਾਨਿਤ ਕਰਨਗੇ, ਜੋ ਹਰ ਸਾਲ ਸ੍ਰੀ ਗੁਰੂ ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾ ਦੀ ਆਰੰਭਤਾ ਤੋਂ ਪਹਿਲਾਂ ਗੁਰਦੁਆਰੇ ਦੇ ਆਲੇ ਦੁਆਲੇ ਇਕੱਠੀ ਹੋਈ ਬਰਫ ਨੂੰ ਹਟਾਉਂਦੇ ਹਨ ਅਤੇ ਰਸਤੇ ਤਿਆਰ ਕਰਦੇ ਹਨ।

ਉਨ੍ਹਾਂ ਦੱਸਿਆ ਕਿ ਦੋ-ਤਿੰਨ ਦਿਨ ਪਹਿਲਾਂ ਬਰਫਬਾਰੀ ਹੋਈ ਸੀ ਅਤੇ ਗੁਰਦੁਆਰੇ ਦੇ ਆਲੇ ਦੁਆਲੇ ਬਰਫ ਇਕੱਠੀ ਹੋ ਗਈ ਸੀ ਪਰ ਮੁੜ ਧੁੱਪ ਨਿਕਲਣ ਨਾਲ ਬਰਫ ਪਿਘਲ ਗਈ ਹੈ। ਹੁਣ ਤੱਕ ਲਗਭਗ ਪੌਣੇ 3 ਲੱਖ ਸੰਗਤ ਇਸ ਇਸ ਮੌਕੇ ਹੇਮਕੁੰਟ ਸਾਹਿਬ ਮੈਨੇਜਮੈਂਟ ਟਰਸਟ ਦੇ ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ ਹੇਮਕੁੰਟ ਸਾਹਿਬ ਸੇਵਾ ਲਈ ਵਿਸ਼ੇਸ਼ ਯੋਗਦਾਨ ਦੇਣ ਵਾਲੀ ਭਾਰਤੀ ਫੌਜ ਦੀ 9 ਬਟਾਲੀਅਨ ਅਤੇ ਇੰਡੀਪੈਂਡੈਂਟ ਕੋਰ ਦੇ ਅਧਿਕਾਰੀਆਂ ਨੂੰ ਸਨਮਾਨਿਤ ਕਰਨਗੇ, ਜੋ ਹਰ ਸਾਲ ਸ੍ਰੀ ਗੁਰੂ ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾਸਾਲ ਗੁਰਦੁਆਰਾ ਸ਼੍ਰੀ ਹੇਮਕੁੰਟ ਸਾਹਿਬ ਵਿਖੇ ਦਰਸ਼ਨ ਕਰਨ ਲਈ ਆ ਚੁੱਕੀ ਹੈ।

# ਫਰਜ਼ੀ ਡਾਕਟਰ ਗ੍ਰਿਫ਼ਤਾਰ

**ਫਰੀਦਾਬਾਦ, 13 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇਥੇ ਸਾਰਨ ਥਾਣਾ ਪੁਲੀਸ ਨੇ ਕੇਸ ਦਰਜ ਕਰਕੇ ਇੱਕ ਫਰਜ਼ੀ ਡਾਕਟਰ ਨੂੰ ਗ੍ਰਿਫ਼ਤਾਰ ਕੀਤਾ ਹੈ, ਜੋ ਪਰਵਤੀਆ ਕਲੋਨੀ ਵਿੱਚ ਫਰਜ਼ੀ ਡਿਗਰੀ ਦੀ ਵਰਤੋਂ ਕਰਕੇ ਕਲੀਨਿਕ ਚਲਾ ਰਿਹਾ ਸੀ। ਇਹ ਸ਼ਿਕਾਇਤ ਸਿਹਤ ਵਿਭਾਗ ਦੇ ਇੱਕ ਮੈਡੀਕਲ ਅਧਿਕਾਰੀ ਮਨਜੀਤ ਸਿੰਘ ਨੇ ਦਰਜ ਕਰਵਾਈ ਸੀ। ਮੈਡੀਕਲ ਅਫ਼ਸਰ ਮਨਜੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਮੋਬਿਨ ਅਹਿਮਦ ਨਾਮ ਦਾ ਇੱਕ ਵਿਅਕਤੀ ਪਰਵਤੀਆ ਕਲੋਨੀ ਦੀ ਲੇਨ ਨੰਬਰ 2 ਵਿੱਚ ਬਿਨਾਂ ਡਾਕਟਰੀ ਡਿਗਰੀ ਦੇ ਇੱਕ ਕਲੀਨਿਕ ਚਲਾ ਰਿਹਾ ਹੈ।

ਉਹ ਰੋਜ਼ਾਨਾ 20 ਤੋਂ 30 ਲੋਕਾਂ ਨੂੰ ਦਵਾਈ ਦਿੰਦਾ ਸੀ। ਗਲਤ ਦਵਾਈ ਕਾਰਨ ਮਰੀਜ਼ਾਂ ਦੀ ਸਿਹਤ ਵਿਗੜਨ ਦੇ ਕਈ ਮਾਮਲੇ ਸਾਹਮਣੇ ਆਏ ਹਨ। ਮਾਮਲੇ ਦੀ ਜਾਂਚ ਲਈ ਟੀਮ ਨੇ ਸਾਰਨ ਪੁਲੀਸ ਸਟੇਸ਼ਨ ਦੇ ਨਾਲ ਮਿਲ ਕੇ ਕਲੀਨਿਕ 'ਤੇ ਛਾਪਾ ਮਾਰਿਆ ਤੇ ਉਸ ਦੀ ਫਰਜ਼ੀ ਡਿਗਰੀਆਂ ਮਿਲਣ ਕਾਰਨ ਉਸਇੱਕ ਫਰਜ਼ੀ ਡਾਕਟਰ ਨੂੰ ਗ੍ਰਿਫ਼ਤਾਰ ਕੀਤਾ ਹੈ, ਜੋ ਪਰਵਤੀਆ ਕਲੋਨੀ ਵਿੱਚ ਫਰਜ਼ੀ ਡਿਗਰੀ ਦੀ ਵਰਤੋਂ ਕਰਕੇ ਕਲੀਨਿਕ ਚਲਾ ਰਿਹਾ ਸੀ। ਇਹ ਸ਼ਿਕਾਇਤ ਸਿਹਤ ਵਿਭਾਗ ਦੇ ਇੱਕ ਮੈਡੀਕਲ ਅਧਿਕਾਰੀ ਮਨਜੀਤ ਸਿੰਘ ਨੇ ਦਰਜ ਕਰਵਾਈ ਸੀ। ਮੈਡੀਕਲ ਅਫ਼ਸਰ ਮਨਜੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਮੋਬਿਨ ਅਹਿਮਦ ਨਾਮ ਦਾ ਇੱਕ ਵਿਅਕਤੀ ਪਰਵਤੀਆ ਕਲੋਨੀ ਦੀ ਲੇਨ ਨੰਬਰ 2 ਵਿੱਚ ਬਿਨਾਂ ਡਾਕਟਰੀ ਡਿਗਰੀ ਦੇ ਇੱਕ ਕਲੀਨਿਕ ਚਲਾ ਰਿਹਾ ਹੈ। ਉਹ ਰੋਜ਼ਾਨਾ 20 ਤੋਂ 30 ਲੋਕਾਂ ਨੂੰ ਦਵਾਈ ਦਿੰਦਾ ਸੀ। ਗਲਤ ਦਵਾਈ ਕਾਰਨ ਮਰੀਜ਼ਾਂ ਦੀ ਸਿਹਤ ਵਿਗੜਨ ਦੇ ਕਈ ਮਾਮਲੇ ਸਾਹਮਣੇ ਆਏ ਹਨ। ਮਾਮਲੇ ਦੀ ਜਾਂਚ ਲਈ ਟੀਮ ਨੇ ਸਾਰਨ ਪੁਲੀਸ ਸਟੇਸ਼ਨ ਨੂੰ ਗ੍ਰਿਫ਼ਤਾਰ ਕਰ ਲਿਆ।

**ਪੰਜਾਬ ਸਰਕਾਰ ਵੱਲੋਂ ਰੀਅਲ ਅਸਟੇਟ ਖੇਤਰ 'ਚ ਵੱਡੇ ਬਦਲਾਅ ਲਈ ਰੋਡਮੈਪ ਤਿਆਰ ਕਰਨ ਵਾਸਤੇ ਸੈਕਟਰ-ਵਿਸ਼ੇਸ਼ ਕਮੇਟੀ ਗਠਤ**

# ਢਾਂਚਾਗਤ ਅਤੇ ਪਾਰਦਰਸ਼ੀ ਰੀਅਲ ਅਸਟੇਟ ਈਕੋਸਿਸਟਮ ਸਿਰਜਣ ਲਈ ਖੇਤਰ-ਪੱਖੀ ਨੀਤੀਗਤ ਇਨਪੁਟ ਪ੍ਰਦਾਨ ਕਰੇਗੀ ਕਮੇਟੀ: ਹਰਦੀਪ ਸਿੰਘ ਮੁੰਡੀਆਂ

**ਚੰਡੀਗੜ੍ਹ, 13 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਰੀਅਲ ਅਸਟੇਟ ਖੇਤਰ ਵਿੱਚ ਸਾਕਾਰਾਤਮਕ ਬਦਲਾਅ ਲਈ ਇਕ ਸੈਕਟਰ-ਵਿਸ਼ੇਸ਼ ਕਮੇਟੀ ਦਾ ਗਠਨ ਕੀਤਾ ਗਿਆ ਹੈ, ਜੋ ਸਰਕਾਰ ਅਤੇ ਰੀਅਲ ਅਸਟੇਟ ਉਦਯੋਗ ਦਰਮਿਆਨ ਭਾਈਵਾਲੀ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਰੋਡਮੈਪ ਤਿਆਰ ਕਰੇਗੀ। ਇਸ ਕਮੇਟੀ ਦਾ ਗਠਨ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ ਅਧੀਨ ਕੀਤਾ ਗਿਆ ਹੈ ਅਤੇ ਇਸ ਦਾ ਉਦੇਸ਼ ਪੰਜਾਬ ਵਿੱਚ ਅਗਾਂਹਵਧੂ, ਪਾਰਦਰਸ਼ੀ ਅਤੇ ਨਿਵੇਸ਼-ਪੱਖੀ ਰੀਅਲ ਅਸਟੇਟ ਮਾਹੌਲ ਸਿਰਜਣ ਲਈ ਨੀਤੀ ਘੜਨ ਵਾਸਤੇ ਸੁਝਾਅ ਪ੍ਰਦਾਨ ਕਰਨਾ ਹੈ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਪੰਜਾਬ ਦੇ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਸ. ਹਰਦੀਪ ਸਿੰਘ ਮੁੰਡੀਆਂ ਨੇ ਦੱਸਿਆ ਕਿ ਇਸ ਪਹਿਲ ਤਹਿਤ ਰੀਅਲ ਅਸਟੇਟ ਖੇਤਰ ਦੇ ਪ੍ਰਮੁੱਖ ਭਾਈਵਾਲਾਂ ਦੇ ਸਰਗਰਮ ਸਹਿਯੋਗ ਰਾਹੀਂ ਇੱਕ ਬਿਹਤਰੀਨ ਨੀਤੀ ਮਾਡਲ ਤਿਆਰ ਕੀਤਾ ਜਾਵੇਗਾ। ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਸੂਬੇ ਦੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਖੇਤਰ ਵਿੱਚ ਟਿਕਾਊ ਵਿਕਾਸ, ਕਾਰੋਬਾਰ ਕਰਨ ਵਿੱਚ ਆਸਾਨੀ ਅਤੇ ਨਿਵੇਸ਼-ਪੱਖੀ ਮਾਹੌਲ ਸਿਰਜਣ ਲਈ ਵਚਨਬੱਧ ਹੈ।



ਉਨ੍ਹਾਂ ਦੱਸਿਆ ਕਿ ਇਸ ਕਮੇਟੀ ਵਿੱਚ ਸ੍ਰੀ ਦੀਪਕ ਗਰਗ (ਡਾਇਰੈਕਟਰ, ਮਾਰਬੇਲਾ ਗਰੁੱਪ) ਨੂੰ ਚੇਅਰਪਰਸਨ ਅਤੇ ਸ੍ਰੀ ਰੁਪਿੰਦਰ ਸਿੰਘ ਚਾਵਲਾ (ਐਮ.ਡੀ., ਸੀ.ਈ.ਡੀ. ਈ.ਐਨ.ਐਨ. ਪ੍ਰਮੋਟਰਜ਼ ਐਂਡ ਡਿਵੈਲਪਰਜ਼ ਪ੍ਰਾਈਵੇਟ ਲਿਮਟਿਡ) ਨੂੰ ਵਾਈਸ-ਚੇਅਰਮੈਨ ਵਜੋਂ ਸ਼ਾਮਲ ਕੀਤਾ ਗਿਆ ਹੈ। ਕਮੇਟੀ ਮੈਂਬਰਾਂ ਵਿੱਚ ਸ੍ਰੀ ਉਮੰਗ ਜਿੰਦਲ (ਸੀ.ਈ.ਓ, ਹੋਮਲੈਂਡ ਗਰੁੱਪ); ਸ੍ਰੀ ਸੁਖਦੇਵ ਸਿੰਘ (ਡਾਇਰੈਕਟਰ, ਏ.ਜੀ.ਆਈ. ਗਰੁੱਪ); ਸ੍ਰੀ ਪ੍ਰਦੀਪ ਕੁਮਾਰ ਬਾਂਸਲ (ਡਾਇਰੈਕਟਰ, ਐਚ.ਐਲ.ਪੀ. ਗਰੁੱਪ); ਸ. ਬਲਜੀਤ ਸਿੰਘ (ਡਾਇਰੈਕਟਰ, ਜੁਬਲੀ ਗਰੁੱਪ); ਸ੍ਰੀ ਦੀਪਕ ਮਖੀਜਾ (ਬਿਜ਼ਨਸ ਹੈੱਡ ਪੰਜਾਬ, ਏਮਾਰ ਗਰੁੱਪ); ਸ. ਰੁਪਿੰਦਰ ਸਿੰਘ ਗਿੱਲ (ਐਮ.ਡੀ., ਗਿਲਕੋ ਕੰਸਟ੍ਰਕਸ਼ਨ ਲਿਮਟਿਡ); ਸ੍ਰੀ ਰੋਹਿਤ ਸ਼ਰਮਾ (ਕਾਰਜਕਾਰੀ ਡਾਇਰੈਕਟਰ, ਡੀ.ਐਲ.ਐਫ. ਗਰੁੱਪ); ਸ੍ਰੀ ਕੇ.ਕੇ. ਸ਼ਰਮਾ ਕੁੰਡੂ (ਡਾਇਰੈਕਟਰ, ਐਸ.ਜੀ. ਗਰੁੱਪ); ਸ੍ਰੀ ਮਹਿੰਦਰ ਗੋਇਲ (ਚੇਅਰਮੈਨ, ਐਫੀਨਿਟੀ ਗਰੁੱਪ); ਸ੍ਰੀ ਵਰੁਣ ਧਾਮ (ਡਾਇਰੈਕਟਰ, ਕੇ.ਐਲ.ਵੀ. ਬਿਲਡਰਜ਼) ਸ਼ਾਮਲ ਹੋਣਗੇ ਜਦਕਿ ਸ੍ਰੀ ਅਮਰਿੰਦਰ ਸਿੰਘ ਮੱਲ੍ਹੀ, ਏ.ਸੀ.ਏ., ਗਮਾਡਾ ਮੈਂਬਰ ਸਕੱਤਰ ਵਜੋਂ ਕਾਰਜ ਕਰਨਗੇ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਇਸ ਕਮੇਟੀ ਦਾ ਮੁੱਖ ਕਾਰਜ ਸੂਬੇ ਦੇ ਵਿੱਤੀ ਅਤੇ ਸੰਰਚਨਾਤਮਕ ਢਾਂਚੇ ਨੂੰ ਧਿਆਨ ਵਿੱਚ ਰੱਖਦਿਆਂ ਪੰਜਾਬ ਦੇ ਰੀਅਲ ਅਸਟੇਟ ਖੇਤਰ ਮੁਤਾਬਕ ਸਰਕਾਰ ਨੂੰ ਢਾਂਚਾਗਤ ਅਤੇ ਵਿਹਾਰਕ ਨੀਤੀਗਤ ਇਨਪੁਟ ਪ੍ਰਦਾਨ ਕਰਨਾ ਹੈ। ਇਹ ਕਮੇਟੀ ਦੂਜੇ ਸੂਬਿਆਂ ਵੱਲੋਂ ਅਪਣਾਏ ਗਏ ਸਰਵੋਤਮ ਅਭਿਆਸਾਂ ਅਤੇ ਨੀਤੀਗਤ ਢਾਂਚੇ ਦਾ ਅਧਿਐਨ ਕਰੇਗੀ ਅਤੇ ਪੰਜਾਬ ਦੀਆਂ ਵਿਕਾਸ ਤਰਜੀਹਾਂ ਮੁਤਾਬਕ ਸਿਫ਼ਾਰਸ਼ਾਂ ਪ੍ਰਦਾਨ ਕਰੇਗੀ। ਇਹ ਕਮੇਟੀ ਨੋਟੀਫਿਕੇਸ਼ਨ ਜਾਰੀ ਹੋਣ ਤੋਂ ਛੇ ਹਫ਼ਤਿਆਂ ਦੇ ਅੰਦਰ ਆਪਣੀਆਂ ਲਿਖਤੀ ਸਿਫ਼ਾਰਸ਼ਾਂ ਪੇਸ਼ ਕਰੇਗੀ। ਉਨ੍ਹਾਂ ਦੱਸਿਆ ਕਿ ਇਸ ਕਮੇਟੀ ਦੇ ਮੈਂਬਰ ਸਕੱਤਰ ਵੱਲੋਂ ਕਮੇਟੀ ਨੂੰ ਲੋੜੀਂਦੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ ਅਤੇ ਮੈਂਬਰ ਸਕੱਤਰ ਵੱਲੋਂ ਹੀ ਮੀਟਿੰਗਾਂ ਸਬੰਧੀ ਤਾਲਮੇਲ ਕਰਨ ਦੇ ਨਾਲ-ਨਾਲ ਕਾਰਵਾਈ ਦੇ ਮਿੰਟ ਵੀ ਤਿਆਰ ਕੀਤੇ ਜਾਣਗੇ। ਸ. ਹਰਦੀਪ ਸਿੰਘ ਮੁੰਡੀਆਂ ਨੇ ਕਿਹਾ ਕਿ ਇਸ ਕਮੇਟੀ ਦਾ ਗਠਨ ਰੀਅਲ ਅਸਟੇਟ ਸੈਕਟਰ ਵਿੱਚ ਪਾਰਦਰਸ਼ਤਾ, ਜਵਾਬਦੇਹੀ ਅਤੇ ਨਿਵੇਸ਼ਕ-ਪੱਖੀ ਸੁਧਾਰਾਂ ਨੂੰ ਮਜ਼ਬੂਤ ਕਰਨ ਵੱਲ ਇੱਕ ਅਹਿਮ ਕਦਮ ਹੈ।

# ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਸ਼੍ਰੀ ਕਾਲੀ ਮਾਤਾ ਮੰਦਰ ਵਿਖੇ ਸ਼੍ਰੀ ਹਨੂੰਮਾਨ ਚਾਲੀਸਾ ਦੇ ਪਾਠ ਦਾ ਆਯੋਜਨ



**ਪਟਿਆਲਾ, 13 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਿਵ ਸੈਨਾ ਹਿੰਦੁਸਤਾਨ ਦੇ ਧਾਰਮਿਕ ਵਿੰਗ, ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਨੇ, ਉੱਤਰੀ ਭਾਰਤ ਦੇ ਇੱਕ ਪ੍ਰਸਿੱਧ ਤੀਰਥ ਸਥਾਨ, ਪਟਿਆਲਾ, ਪੰਜਾਬ ਦੇ ਸ਼੍ਰੀ ਕਾਲੀ ਮਾਤਾ ਮੰਦਰ ਵਿੱਚ ਸਨਾਤਨ ਹਿੰਦੂ ਧਰਮ ਨੂੰ ਉਤਸ਼ਾਹਿਤ ਕਰਨ ਲਈ ਸ਼੍ਰੀ ਹਨੂੰਮਾਨ ਚਾਲੀਸਾ ਦੇ ਪਾਠ ਦਾ ਆਯੋਜਨ ਕੀਤਾ।

ਸ਼੍ਰੀ ਕਾਲੀ ਮਾਤਾ ਮੰਦਰ ਵਿਖੇ ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਦੇ ਵਿਆਸ ਪੀਠ ਤੋਂ, ਧਾਰਮਿਕ ਪ੍ਰਚਾਰਕ ਮਹੰਤ ਰਾਕੇਸ਼ ਜੀ ਨੇ ਆਪਣੇ ਭਜਨਾਂ ਰਾਹੀਂ ਸਮਝਾਇਆ ਕਿ ਜਦੋਂ ਕੋਈ ਸਿਆਣਾ ਵਿਅਕਤੀ ਰਿਸ਼ਤੇ ਨਿਭਾਉਣਾ ਬੰਦ ਕਰ ਦਿੰਦਾ ਹੈ, ਤਾਂ ਸਮਝੋ ਕਿ ਉਸਦੇ ਸਵੈ-ਮਾਣ ਨੂੰ ਬਹੁਤ ਠੇਸ ਪਹੁੰਚੀ ਹੈ। ਇਸ ਲਈ, ਆਪਣੇ ਸਵਾਰਥੀ ਕਾਰਨਾਂ ਕਰਕੇ ਕਦੇ ਵੀ ਆਪਣੇ ਰਿਸ਼ਤਿਆਂ ਨੂੰ ਬਰਬਾਦ ਨਾ ਕਰੋ, ਕਿਉਂਕਿ ਮਨੁੱਖੀ ਜੀਵਨ ਵਾਰ-ਵਾਰ ਨਹੀਂ ਦਿੱਤਾ ਜਾਂਦਾ। ਧਾਰਮਿਕ ਗ੍ਰੰਥ ਕਹਿੰਦੇ ਹਨ ਕਿ ਘੜੀ ਕਿੰਨੀ ਵੀ ਕੀਮਤੀ ਕਿਉਂ ਨਾ ਹੋਵੇ, ਇਹ ਸਮੇਂ ਨੂੰ ਕੰਟਰੋਲ ਨਹੀਂ ਕਰ ਸਕਦੀ। ਇਸੇ ਤਰ੍ਹਾਂ, ਕੋਈ ਵਿਅਕਤੀ ਕਿੰਨਾ ਵੀ ਮਜ਼ਬੂਤ ਕਿਉਂ ਨਾ ਹੋਵੇ, ਉਹ ਕਿਸਮਤ ਨੂੰ ਕੰਟਰੋਲ ਨਹੀਂ ਕਰ ਸਕਦਾ। ਜੀਵਨ ਵਿੱਚ ਸ਼ਾਂਤੀ ਪਰਮਾਤਮਾ ਵਿੱਚ ਵਿਸ਼ਵਾਸ ਕਰਕੇ ਹੀ ਸੰਭਵ ਹੈ, ਅਤੇ ਤੁਹਾਡੀ ਭਲਾਈ ਪਰਮਾਤਮਾ ਦੀ ਸ਼ਰਨ ਵਿੱਚ ਹੈ। ਅਸੀਂ ਸਮਝਦੇ ਹਾਂ ਕਿ ਖੁਸ਼ ਰਹਿਣ ਲਈ ਬਹੁਤ ਸਾਰੀਆਂ ਚੀਜ਼ਾਂ ਇਕੱਠੀਆਂ ਕਰਨੀਆਂ ਪੈਂਦੀਆਂ ਹਨ, ਪਰ ਅਨੁਭਵ ਦਰਸਾਉਂਦਾ ਹੈ ਕਿ ਖੁਸ਼ ਰਹਿਣ ਲਈ ਬਹੁਤ ਸਾਰੀਆਂ ਚੀਜ਼ਾਂ ਛੱਡਣੀਆਂ ਪੈਂਦੀਆਂ ਹਨ। ਅਸੀਂ ਆਪਣੀਆਂ ਬੁਰੀਆਂ ਆਦਤਾਂ ਅਤੇ ਸਵਾਰਥਾਂ ਨੂੰ ਤਿਆਗ ਕੇ ਅਤੇ ਪ੍ਰਮਾਤਮਾ ਨੂੰ ਸਮਰਪਣ ਕਰਕੇ ਹੀ ਖੁਸ਼ ਹੋ ਸਕਦੇ ਹਾਂ। ਭਗਵਾਨ ਸ੍ਰੀ ਰਾਮ ਜੀ ਦੇ ਪਰਮ ਸੇਵਕ ਸ੍ਰੀ ਹਨੂਮਾਨ ਜੀ ਦੀ ਭਗਤੀ ਨਾਲ ਸਾਨੂੰ ਸਾਰਿਆਂ ਨੂੰ ਸਬਰ ਅਤੇ ਸੰਤੋਸ਼ ਪ੍ਰਾਪਤ ਹੁੰਦਾ ਹੈ ਅਤੇ ਜਿਸ ਵਿਅਕਤੀ ਨੂੰ ਇਸ ਸੰਸਾਰ ਵਿੱਚ ਸਬਰ ਅਤੇ ਸੰਤੋਖ ਸਤਾਵਰਤਾਨ ਪ੍ਰਾਪਤ ਹੋ ਗਿਆ ਉਸ ਨੂੰ ਸੰਸਾਰ ਦਾ ਹਰ ਪ੍ਰਕਾਰ ਦਾ ਸੁੱਖ ਪ੍ਰਾਪਤ ਹੋ ਜਾਂਦਾ ਹੈ ਉਸਦੇ ਅੰਦਰ ਦੀ ਮਿਰਗ ਤ੍ਰਿਸ਼ਨਾ ਸਮਾਪਤ ਹੋ ਜਾਂਦੀ ਹੈ ਇਹ ਕੇਵਲ ਅਤੇ ਕੇਵਲ ਭਗਵਾਨ ਜੀ ਦੀ ਕਿਰਪਾ ਨਾਲ ਹੀ ਅਤੇ ਉਹਨਾਂ ਦੀ ਸ਼ਰਨ ਦੇ ਵਿੱਚ ਆਉਣ ਕਾਰਨ ਹੀ ਪ੍ਰਾਪਤ ਹੋ ਸਕਦੀ ਹੈ। ਪ੍ਰੋਗਰਾਮ ਦੇ ਅਖੀਰ ਦੇ ਵਿੱਚ ਸ੍ਰੀ ਹਨੁਮਾਨ ਚਲੀਸਾ ਜੀ ਦੇ ਪਾਠ ਦਾ ਗੁਣਗਾਨ ਕੀਤਾ ਗਿਆ ਅਤੇ ਇਸ ਤੋਂ ਬਾਅਦ ਸ੍ਰੀ ਹਨੁਮਾਨ ਜੀ ਦੀ ਆਰਤੀ ਕੀਤੀ ਗਈ ਅਤੇ ਪ੍ਰਸ਼ਾਦ ਦਾ ਭੋਗ ਲਗਾ ਕੇ ਸਾਰੇ ਭਗਤਾਂ ਦੇ ਵਿੱਚ ਪ੍ਰਸਾਦ ਦਾ ਵਿਤਰਨ ਕੀਤਾ ਗਿਆ। ਇਸ ਮੌਕੇ ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਦੇ ਸੰਸਥਾਪਕ ਸ਼੍ਰੀ ਪਵਨ ਕੁਮਾਰ ਗੁਪਤਾ ਜੀ, ਪੰਜਾਬ ਪ੍ਰਦੇਸ਼ ਚੇਅਰਮੈਨ ਸ਼੍ਰੀ ਹੇਮਰਾਜ ਗੋਇਲ, ਪੰਜਾਬ ਦੇ ਮੁੱਖ ਸਨਾਤਨ ਧਰਮ ਪ੍ਰਚਾਰਕ ਜੋਤਸ਼ੀ ਅਚਾਰੀਆ ਸ਼੍ਰੀ ਬਦਰੀ ਪ੍ਰਸਾਦ ਸ਼ਾਸਤਰੀ, ਸੂਬਾ ਜਨਰਲ ਸਕੱਤਰ ਸ਼੍ਰੀ ਡਾ ਸ਼੍ਰੀਚੰਦ ਸ਼ਰਮਾ ਜੀ, ਸ਼੍ਰੀਮਤੀ ਸੁਮਨ ਗੁਪਤਾ (ਪੰਜਾਬ ਪ੍ਰਧਾਨ, ਸ਼੍ਰੀ ਰਾਮ ਹਨੂੰਮਾਨ ਸੇਵਾ ਦਲ), ਸ਼੍ਰੀਮਤੀ ਰਾਮ ਹਨੂੰਮਾਨ ਸੇਵਾ ਦਲ ਦੇ ਸੂਬਾ ਜਨਰਲ ਸਕੱਤਰ, ਸ਼੍ਰੀਮਤੀ ਰਾਮ ਹਨੂੰਮਾਨ ਸੇਵਾ ਦਲ ਦੇ ਸੂਬਾ ਜਨਰਲ ਸਕੱਤਰ ਸ਼੍ਰੀਮਤੀ ਸ਼੍ਰੀ ਚੰਦ ਸ਼ਰਮਾ ਜੀ। ਯੂਨਿਟ, ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਪੰਜਾਬ, ਜ਼ਿਲ੍ਹਾ ਮਹਿਲਾ ਸ਼ਾਖਾ, ਪਟਿਆਲਾ ਦੇ ਪ੍ਰਧਾਨ ਸ਼੍ਰੀਮਤੀ ਵੀਰਤਾ ਸ਼ਰਮਾ, ਸ਼੍ਰੀਮਤੀ ਸੁਨੀਤਾ ਰਾਣੀ, ਜਿਲ੍ਹਾ ਮੀਤ ਪ੍ਰਧਾਨ, ਪਟਿਆਲਾ, ਸ਼੍ਰੀ ਸਵਤੰਤਰ ਰਾਜ ਪਾਸੀ (ਪ੍ਰਧਾਨ, ਸ਼ਿਵ ਸ਼ਕਤੀ ਸੇਵਾ ਦਲ ਲੰਗਰ ਕਮੇਟੀ, ਪਟਿਆਲਾ), ਸ਼੍ਰੀ ਰਾਮ ਹਨੂੰਮਾਨ ਸੇਵਾ ਦਲ, ਸ਼੍ਰੀ ਰਮੇਸ਼ ਕੰਬੋਜ ਅਤੇ ਸ਼੍ਰੀ ਰਾਮ ਹਨੂੰਮਾਨ ਸਮੇਤ ਦਲ ਦੇ ਸਮੂਹ ਅਹੁਦੇਦਾਰ, ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਪੰਜਾਬ, ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਦੇ ਪ੍ਰਧਾਨ ਸਨ। ਗੁੱਡੂ, ਖਿਲਾਵਾਂਨ, ਰਾਮ ਪ੍ਰਸਾਦ ਆਦੀ ਸੇਵਾਦਾਰ ਹਾਜ਼ਰ ਸਨ।

# ਭਾਜਪਾ ਜਨਰਲ ਸਕੱਤਰ ਅਨਿਲ ਸਰੀਨ ਨੇ 'ਆਪ' ਸਰਕਾਰ 'ਤੇ ਹੜ੍ਹਾਂ ਦੇ ਨੁਕਸਾਨ ਦੇ ਅੰਕੜੇ ਘੜਨ ਅਤੇ ਲੋਕਾਂ ਨੂੰ ਗੁੰਮਰਾਹ ਕਰਨ ਦਾ ਦੋਸ਼ ਲਾਇਆ

**12,589 ਕਰੋੜ SDRF ਫੰਡ ਦੀ ਦੁਰਵਰਤੋਂ, ਸਿਰਫ 70 ਕਰੋੜ ਜਾਰੀ; ਅਨਿਲ ਸਰੀਨ ਨੇ 'ਆਪ' ਸਰਕਾਰ 'ਤੇ ਵਰ੍ਹਦਿਆਂ ਕਿਹਾ**

**ਪਟਿਆਲਾ, 13 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਜਨਤਾ ਪਾਰਟੀ (ਭਾਜਪਾ) ਪੰਜਾਬ ਦੇ ਜਨਰਲ ਸਕੱਤਰ ਸ਼੍ਰੀ ਅਨਿਲ ਸਰੀਨ ਨੇ ਅੱਜ ਇੱਕ ਪ੍ਰੈਸ ਕਾਨਫਰੰਸ ਦੌਰਾਨ, ਮਹਿਲਾ ਮੋਰਚਾ ਪ੍ਰਧਾਨ ਸ਼੍ਰੀਮਤੀ ਜੈ ਇੰਦਰ ਕੌਰ ਦੇ ਨਾਲ, ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਵੱਲੋਂ ਸੂਬੇ ਵਿੱਚ ਆਏ ਹੜ੍ਹਾਂ ਨਾਲ ਨਜਿੱਠਣ ਵਿੱਚ ਮੁਕੰਮਲ ਅਸਫ਼ਲਤਾ ਨੂੰ ਲੈ ਕੇ ਇੱਕ ਚਾਰਜਸ਼ੀਟ ਜਾਰੀ ਕੀਤੀ ਹੈ। ਭਾਜਪਾ ਨੇ ਆਪ ਸਰਕਾਰ 'ਤੇ ਹੜ੍ਹ ਨੁਕਸਾਨ ਦੇ ਅੰਕੜੇ ਘੜਨ ਅਤੇ ਲੋਕਾਂ ਨੂੰ ਗੁੰਮਰਾਹ ਕਰਨ ਦਾ ਦੋਸ਼ ਲਾਇਆ ਹੈ।



ਸ਼੍ਰੀ ਸਰੀਨ ਨੇ 'ਆਪ' ਸਰਕਾਰ ਦੀ ਤਿੱਖੀ ਨਿਖੇਧੀ ਕਰਦਿਆਂ ਖੁਲਾਸਾ ਕੀਤਾ ਕਿ ਸਟੇਟ ਡਿਜ਼ਾਸਟਰ ਰਿਸਪਾਂਸ ਫੰਡ (SDRF) ਤਹਿਤ ?12,589 ਕਰੋੜ ਦੀ ਰਾਸ਼ੀ ਉਪਲਬਧ ਸੀ, ਜਿਵੇਂ ਕਿ ਕੈਗ (317) ਦੀ ਰਿਪੋਰਟ ਵਿੱਚ ਦੱਸਿਆ ਗਿਆ ਹੈ, ਪਰ ਪੰਜਾਬ ਸਰਕਾਰ ਨੇ ਘਰਾਂ, ਫਸਲਾਂ ਅਤੇ ਬੁਨਿਆਦੀ ਢਾਂਚੇ ਦੇ ਵਿਆਪਕ ਨੁਕਸਾਨ ਦੇ ਬਾਵਜੂਦ ਸਿਰਫ਼ ?70 ਕਰੋੜ ਹੀ ਜਾਰੀ ਕੀਤੇ। ਇਹ ਰਾਸ਼ੀ ਉਪਲਬਧ ਫੰਡਾਂ ਦਾ ਇੱਕ ਬਹੁਤ ਹੀ ਛੋਟਾ ਹਿੱਸਾ ਹੈ, ਜੋ ਫੰਡਾਂ ਦੀ ਸਪੱਸ਼ਟ ਦੁਰਵਰਤੋਂ ਅਤੇ ਪ੍ਰਬੰਧਕੀ ਲਾਪਰਵਾਹੀ ਨੂੰ ਦਰਸਾਉਂਦਾ ਹੈ।

ਭਾਜਪਾ ਆਗੂ ਨੇ 'ਆਪ' ਦੇ ਅੰਕੜਿਆਂ ਦੀ ਹੇਰਾਫੇਰੀ 'ਤੇ ਸਵਾਲ ਚੁੱਕੇ। ਉਨ੍ਹਾਂ ਦੱਸਿਆ ਕਿ ਮੁੱਖ ਸਕੱਤਰ ਦੀ ਰਿਪੋਰਟ ਵਿੱਚ ਹੜ੍ਹ ਕਾਰਨ ਨੁਕਸਾਨ ਦਾ ਅੰਦਾਜ਼ਾ ?13,289 ਕਰੋੜ ਲਾਇਆ ਗਿਆ ਸੀ, ਜਦੋਂ ਕਿ 'ਆਪ' ਦੇ ਆਗੂਆਂ ਨੇ ਝੂਠੇ ਤੌਰ 'ਤੇ ?20,000 ਕਰੋੜ ਦਾ ਦਾਅਵਾ ਕੀਤਾ। ਸ਼੍ਰੀ ਸਰੀਨ ਨੇ ਕਿਹਾ ਕਿ ਅੰਕੜਿਆਂ ਵਿੱਚ ਇਹ ਸਪੱਸ਼ਟ ਗੜਬੜੀਆਂ 'ਆਪ' ਸਰਕਾਰ ਦੀ ਗਲਤ ਬਿਆਨੀ ਦੀ ਕੋਸ਼ਿਸ਼ ਨੂੰ ਬੇਨਕਾਬ ਕਰਦੀਆਂ ਹਨ।

ਸ਼੍ਰੀ ਸਰੀਨ ਨੇ ਅੱਗੇ ਕਿਹਾ ਕਿ ਹੜ੍ਹਾਂ ਨੂੰ ਦੋ ਮਹੀਨੇ ਬੀਤ ਜਾਣ ਦੇ ਬਾਵਜੂਦ ਵੀ, ਪੰਜਾਬ ਸਰਕਾਰ ਨੇ ਰਾਹਤ ਸਹਾਇਤਾ ਲਈ ਕੇਂਦਰ ਸਰਕਾਰ ਨੂੰ ਕੋਈ ਮੈਮੋਰੰਡਮ ਪੇਸ਼ ਨਹੀਂ ਕੀਤਾ। ਉਨ੍ਹਾਂ ਦੋਸ਼ ਲਾਇਆ, ÷ਲੋਕਾਂ ਦੀ ਮਦਦ ਕਰਨ ਦੀ ਬਜਾਏ, 'ਆਪ' ਨੇ ਫੋਟੋ-ਆਪਸ ਅਤੇ ਪ੍ਰਚਾਰ ਨੂੰ ਚੁਣਿਆ। ਭਗਵੰਤ ਮਾਨ ਸਰਕਾਰ ਨੇ, ਦਿੱਲੀ ਦੀ ਭ੍ਰਿਸ਼ਟ ਲੀਡਰਸ਼ਿਪ ਦੀ ਅਗਵਾਈ ਹੇਠ, ਇੱਕ ਕੁਦਰਤੀ ਆਫ਼ਤ ਨੂੰ ਮਾਨ-ਬਣਾਈ ਆਫ਼ਤ ਵਿੱਚ ਬਦਲ ਦਿੱਤਾ ਹੈ। ਭਾਜਪਾ ਆਗੂ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ 25 ਕੇਂਦਰੀ ਮੰਤਰੀਆਂ ਨੇ ਹੜ੍ਹਾਂ ਦੀ ਸਥਿਤੀ ਦਾ ਜਾਇਜ਼ਾ ਲੈਣ ਲਈ ਪੰਜਾਬ ਦਾ ਦੌਰਾ ਕੀਤਾ, ਫਿਰ ਵੀ ਸੂਬਾ ਸਰਕਾਰ ਕਾਰਵਾਈ ਕਰਨ ਵਿੱਚ ਅਸਫ਼ਲ ਰਹੀ। ਉਨ੍ਹਾਂ ਨੇ ਦੇਰੀ ਨਾਲ ਕੀਤੀ ਗਈ ਤਿਆਰੀ ਅਤੇ ਗ਼ੈਰ-ਕਾਨੂੰਨੀ ਮਾਈਨਿੰਗ ਨੂੰ 'ਆਪ' ਦੀ ਪੂਰੀ ਲਾਪਰਵਾਹੀ ਦਾ ਪ੍ਰਮਾਣ ਦੱਸਿਆ।

ਭਾਜਪਾ, 'ਆਪ' ਸਰਕਾਰ ਦੀ ਲਾਪਰਵਾਹੀ, ਭ੍ਰਿਸ਼ਟਾਚਾਰ ਅਤੇ ਅੰਕੜੇ ਘੜ ਕੇ ਤੇ ਕੇਂਦਰ 'ਤੇ ਦੋਸ਼ ਲਾ ਕੇ ਪੰਜਾਬੀਆਂ ਨੂੰ ਗੁੰਮਰਾਹ ਕਰਨ ਦੀ ਜਾਣਬੁੱਝ ਕੇ ਕੀਤੀ ਗਈ ਕੋਸ਼ਿਸ਼ ਦੀ ਸਖ਼ਤ ਨਿਖੇਧੀ ਕਰਦੀ ਹੈ। ਪਾਰਟੀ ਮੰਗ ਕਰਦੀ ਹੈ ਕਿ 'ਆਪ' ਸਰਕਾਰ ਤੁਰੰਤ ਹੜ੍ਹ ਪ੍ਰਭਾਵਿਤ ਲੋਕਾਂ ਨੂੰ SDRF ਫੰਡਾਂ ਵਿੱਚੋਂ ਬਣਦੀ ਰਾਹਤ ਰਾਸ਼ੀ ਜਾਰੀ ਕਰੇ ਅਤੇ ਰਾਹਤ ਕਾਰਜਾਂ ਵਿੱਚ ਪਾਰਦਰਸ਼ਤਾ ਲਿਆਵੇ।

ਇਸ ਮੌਕੇ ਜ਼ਿਲ੍ਹਾ ਪ੍ਰਧਾਨ ਵਿਜੇ ਕੁਮਾਰ ਕੂਕਾ, ਜਨਰਲ ਸਕੱਤਰ ਹਰਦੇਵ ਸਿੰਘ ਬਾਲੀ, ਵਰਿੰਦਰ ਗੁਪਤਾ ਅਤੇ ਐੱਸ.ਕੇ. ਦੇਵ ਵੀ ਮੌਜੂਦ ਸਨ।

# 'ਯੁੱਧ ਨਸ਼ਿਆਂ ਵਿਰੁੱਧ': 222ਵੇਂ ਦਿਨ, ਪੰਜਾਬ ਪੁਲਿਸ ਵੱਲੋਂ 17.7 ਕਿਲੋ ਹੈਰੋਇਨ ਅਤੇ 15 ਲੱਖ ਰੁਪਏ ਦੀ ਡਰੱਗ ਮਨੀ ਸਮੇਤ 77 ਨਸ਼ਾ ਤਸਕਰ ਗ੍ਰਿਫ਼ਤਾਰ

**ਚੰਡੀਗੜ੍ਹ, 13 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਵਿੱਢੀ ਨਸ਼ਾ ਵਿਰੁੱਧ ਜੰਗ ÷ਯੁੱਧ ਨਸ਼ਿਆਂ ਵਿਰੁੱਧ÷ ਨੂੰ ਲਗਾਤਾਰ 222ਵੇਂ ਦਿਨ ਵੀ ਜਾਰੀ ਰੱਖਦਿਆਂ, ਪੰਜਾਬ ਪੁਲਿਸ ਨੇ ਅੱਜ 290 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਦੌਰਾਨ ਸੂਬੇ ਭਰ ਵਿੱਚ 59 ਐਫਆਈਆਰਜ਼ ਦਰਜ ਕਰਕੇ 77 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਨਾਲ, 222 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 32,432 ਹੋ ਗਈ ਹੈ।

ਇਸ ਛਾਪੇਮਾਰੀ ਦੌਰਾਨ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ ਵਿੱਚੋਂ 17.7 ਕਿਲੋ ਹੈਰੋਇਨ, 501 ਗ੍ਰਾਮ ਅਫੀਮ, 26,983 ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 15.09 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਸੁਪਰਡੈਂਟ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਕਿਹਾ ਗਿਆ ਹੈ। ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ 5 ਮੈਂਬਰੀ ਕੈਬਨਿਟ ਸਬ ਕਮੇਟੀ ਦਾ ਵੀ ਗਠਨ ਕੀਤਾ ਹੈ।

ਇਸ ਆਪਰੇਸ਼ਨ ਦੌਰਾਨ 62 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1000 ਤੋਂ ਵੱਧ ਪੁਲਿਸ ਮੁਲਾਜ਼ਮਾਂ ਵਾਲੀਆਂ 120 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ ਵਿੱਚ 290 ਛਾਪੇ ਮਾਰੇ ਹਨ। ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 311 ਸ਼ੱਕੀ ਵਿਅਕਤੀਆਂ ਦੀ ਵੀ ਜਾਂਚ ਕੀਤੀ ਹੈ।

ਸੂਬਾ ਸਰਕਾਰ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਨਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ 'ਡੀ-ਅਡਿਕਸ਼ਨ' ਹਿੱਸੇ ਵਜੋਂ ਅੱਜ 27 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

# ਭਾਰਤ ਵਿੱਚ ਹਰ ਸਾਲ ਛਾਤੀ ਦੇ ਕੈਂਸਰ ਦੇ 1.90 ਲੱਖ ਨਵੇਂ ਕੇਸ ਸਾਹਮਣੇ ਆਉਂਦੇ ਹਨ: ਡਾ. ਮੁਵੀਨ ਮਿੱਤਲ

**ਪਟਿਆਲਾ, 13 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਵਿੱਚ ਔਰਤਾਂ ਵਿੱਚ ਛਾਤੀ ਦੇ ਕੈਂਸਰ ਦੇ ਵਧ ਰਹੇ ਰੁਝਾਨ ਅਤੇ ਛਾਤੀ ਦੇ ਕੈਂਸਰ ਜਾਗਰੂਕਤਾ ਮਹੀਨੇ ਬਾਰੇ ਜਾਗਰੂਕਤਾ ਪੈਦਾ ਕਰਨ ਲਈ, ਪਾਰਕ ਹਸਪਤਾਲ ਦੇ ਡਾਕਟਰਾਂ ਦੀ ਇੱਕ ਟੀਮ ਡਾਇਰੈਕਟਰ ਮੈਡੀਕਲ ਓਨਕੋਲੋਜੀ ਡਾ. (ਬ੍ਰਿਗੇਡੀਅਰ) ਹਰਿੰਦਰ ਪਾਲ ਸਿੰਘ, ਸੀਨੀਅਰ ਕੰਸਲਟੈਂਟ ਸਰਜੀਕਲ ਓਨਕੋਲੋਜੀ ਡਾ. ਵਿਜੇ ਜਗੜ, ਕੰਸਲਟੈਂਟ ਮੈਡੀਕਲ ਓਨਕੋਲੋਜੀ ਡਾ. ਮੁਵੀਨ ਕੁਮਾਰ ਮਿੱਤਲ, ਕੰਸਲਟੈਂਟ ਨਿਊਕਲੀਅਰ ਮੈਡੀਸਨ ਡਾ. ਅਸ਼ੀਸ਼ ਕਮਾਰਾ ਅਤੇ ਕੰਸਲਟੈਂਟ ਰੇਡੀਏਸ਼ਨ ਓਨਕੋਲੋਜੀ ਡਾ. ਜੋਬਨਜੀਤ ਕੌਰ ਸ਼ਾਮਲ ਹਨ, ਨੇ ਵੀਰਵਾਰ ਨੂੰ ਕੈਂਸਰ ਜਾਗਰੂਕਤਾ ਮਹੀਨੇ 'ਤੇ ਭਾਰਤ ਵਿੱਚ ਛਾਤੀ ਦੇ ਕੈਂਸਰ ਦੇ ਵਧ ਰਹੇ ਰੁਝਾਨਾਂ ਬਾਰੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕੀਤਾ।



ਪਾਰਕ ਹਸਪਤਾਲ ਉੱਤਰੀ ਭਾਰਤ ਦਾ ਸਭ ਤੋਂ ਵੱਡਾ ਸੁਪਰ ਸਪੈਸ਼ਲਿਟੀ ਹਸਪਤਾਲ ਨੈੱਟਵਰਕ ਹੈ ਜਿਸ ਵਿੱਚ 19 ਹਸਪਤਾਲ, 3500 ਬਿਸਤਰੇ, 800 ਆਈਸੀਯੂ ਬਿਸਤਰੇ, 14 ਕੈਥ ਲੈਬ, 45 ਮਾਡਿਊਲਰ ਓਟੀ ਅਤੇ 1000 ਤੋਂ ਵੱਧ ਡਾਕਟਰ ਹਨ।

ਡਾਇਰੈਕਟਰ ਮੈਡੀਕਲ ਓਨਕੋਲੋਜੀ ਡਾ. ਹਰਿੰਦਰਪਾਲ ਸਿੰਘ ਨੇ ਕਿਹਾ, 4 ਦਹਾਕਿਆਂ ਤੋਂ ਵੱਧ ਸਮੇਂ ਤੋਂ, ਸਰਵਾਈਕਲ ਕੈਂਸਰ ਭਾਰਤ ਵਿੱਚ ਮੁੱਖ ਕਾਤਲ ਬਿਮਾਰੀ ਸੀ। ਪਰ ਛਾਤੀ ਦਾ ਕੈਂਸਰ ਲਗਾਤਾਰ ਵੱਧ ਰਿਹਾ ਹੈ ਅਤੇ ਹੁਣ ਨਵੇਂ ਯੁੱਗ ਦੀ ਸਭ ਤੋਂ ਆਮ ਅਤੇ ਘਾਤਕ ਕਾਤਲ ਬਿਮਾਰੀ ਵਜੋਂ ਸਰਵਾਈਕਲ ਕੈਂਸਰ ਨੂੰ ਪਛਾੜ ਰਿਹਾ ਹੈ। ਛਾਤੀ ਦੇ ਕੈਂਸਰ ਨਾਲ ਹਰ ਸਾਲ 2.1 ਮਿਲੀਅਨ ਔਰਤਾਂ ਪ੍ਰਭਾਵਿਤ ਹੁੰਦੀਆਂ ਹਨ ਅਤੇ ਦੇਸ਼ ਵਿੱਚ ਹਰ ਸਾਲ 1.90 ਲੱਖ ਨਵੇਂ ਕੇਸ ਸਾਹਮਣੇ ਆਉਂਦੇ ਹਨ।

ਕੰਸਲਟੈਂਟ ਮੈਡੀਕਲ ਓਨਕੋਲੋਜੀ ਡਾ. ਮੁਵੀਨ ਕੁਮਾਰ ਮਿੱਤਲ ਨੇ ਕਿਹਾ, ਕੁਝ ਦਹਾਕੇ ਪਹਿਲਾਂ, ਛਾਤੀ ਦਾ ਕੈਂਸਰ ਸਿਰਫ਼ ਪੰਜਾਹ ਸਾਲ ਦੀ ਉਮਰ ਤੋਂ ਬਾਅਦ ਹੀ ਦੇਖਿਆ ਜਾਂਦਾ ਸੀ, ਅਤੇ ਇਸ ਬਿਮਾਰੀ ਤੋਂ ਪੀੜਤ ਨੌਜਵਾਨ ਔਰਤਾਂ ਦੀ ਗਿਣਤੀ ਘੱਟ ਸੀ। ਲਗਭਗ 65% ਤੋਂ 70% ਮਰੀਜ਼ 50 ਸਾਲ ਤੋਂ ਵੱਧ ਸਨ ਅਤੇ ਸਿਰਫ਼ 30 ਤੋਂ 35% ਔਰਤਾਂ ਪੰਜਾਹ ਸਾਲ ਤੋਂ ਘੱਟ ਉਮਰ ਦੀਆਂ ਸਨ। ਹਾਲਾਂਕਿ, ਵਰਤਮਾਨ ਵਿੱਚ, ਛਾਤੀ ਦਾ ਕੈਂਸਰ ਛੋਟੀ ਉਮਰ ਦੇ ਸਮੂਹ ਵਿੱਚ ਵਧੇਰੇ ਆਮ ਹੁੰਦਾ ਜਾ ਰਿਹਾ ਹੈ ਅਤੇ ਲਗਭਗ 50% ਸਾਰੇ ਕੇਸ 25 ਤੋਂ 60 ਸਾਲ ਦੀ ਉਮਰ ਸਮੂਹ ਵਿੱਚ ਹਨ। ਭਾਰਤ ਵਿੱਚ 60% ਤੋਂ ਵੱਧ ਕੇਸ ਉੱਨਤ ਪੜਾਅ ਵਿੱਚ ਹਨ ਜੋ ਮਾੜੇ ਬਚਾਅ ਅਤੇ ਉੱਚ ਮੌਤ ਦਰ ਦਾ ਕਾਰਨ ਬਣਦੇ ਹਨ।

ਸੀਨੀਅਰ ਕੰਸਲਟੈਂਟ ਸਰਜੀਕਲ ਓਨਕੋਲੋਜੀ ਡਾ. ਵਿਜੇ ਜਗੜ ਦੇ ਅਨੁਸਾਰ, ਭਾਰਤ ਵਿੱਚ ਔਰਤਾਂ ਵਿੱਚ ਹੋਣ ਵਾਲੇ ਸਾਰੇ ਕੈਂਸਰਾਂ ਵਿੱਚੋਂ 27% ਛਾਤੀ ਦਾ ਕੈਂਸਰ ਹੈ। ਜੇਕਰ ਅਸੀਂ ਜਾਗਰੂਕਤਾ ਪੈਦਾ ਕਰਨ ਅਤੇ ਕੈਂਸਰ ਦਾ ਜਲਦੀ ਪਤਾ ਲਗਾਉਣ 'ਤੇ ਕੰਮ ਨਹੀਂ ਕਰਦੇ, ਤਾਂ ਇਹ ਅੰਕੜਾ ਬਹੁਤ ਮਾੜਾ ਹੋ ਸਕਦਾ ਹੈ। ਡਾ: ਵਿਜੇ ਜਗੜ ਨੇ ਇਹ ਵੀ ਸਾਂਝਾ ਕੀਤਾ ਕਿ ਛਾਤੀ ਦੀ ਸਵੈ-ਜਾਂਚ ਅਤੇ ਮੈਮੋਗ੍ਰਾਫੀ ਛਾਤੀ ਦੇ ਕੈਂਸਰ ਦੇ ਮਾਮਲਿਆਂ ਨੂੰ ਸ਼ੁਰੂਆਤੀ ਪੜਾਵਾਂ ਵਿੱਚ ਘਟਾਉਣ ਲਈ ਸਧਾਰਨ ਤਕਨੀਕਾਂ ਹਨ।

ਡਾ. ਜੋਬਨਜੀਤ ਕੌਰ ਨੇ ਸਾਂਝਾ ਕੀਤਾ ਕਿ 2025 ਤੱਕ ਕੈਂਸਰ ਦੇ ਮਾਮਲਿਆਂ ਦੀ ਗਿਣਤੀ 29.80 ਮਿਲੀਅਨ ਤੱਕ ਵਧਣ ਦੀ ਉਮੀਦ ਹੈ। ਸਾਡੇ ਦੇਸ਼ ਵਿੱਚ ਜ਼ਿਆਦਾਤਰ ਮਾਮਲਿਆਂ ਦਾ ਪਤਾ ਬਹੁਤ ਦੇਰ ਨਾਲ ਲਗਾਇਆ ਜਾਂਦਾ ਹੈ ਅਤੇ ਅੰਕੜਿਆਂ ਅਨੁਸਾਰ, ਭਾਰਤ ਵਿੱਚ 60% ਤੋਂ ਵੱਧ ਔਰਤਾਂ ਨੂੰ ਛਾਤੀ ਦੇ ਕੈਂਸਰ ਦਾ ਪਤਾ ਪੜਾਅ 999 ਜਾਂ IV 'ਤੇ ਲੱਗਦਾ ਹੈ। ਇਹ ਮਰੀਜ਼ਾਂ ਲਈ ਬਚਾਅ ਦਰ ਅਤੇ ਇਲਾਜ ਦੇ ਵਿਕਲਪਾਂ ਨੂੰ ਬਹੁਤ ਪ੍ਰਭਾਵਿਤ ਕਰਦਾ ਹੈ, ਉਨ੍ਹਾਂ ਦੱਸਿਆ। ਛਾਤੀ ਦੇ ਕੈਂਸਰ ਦੇ ਲੱਛਣ ਅਤੇ ਲੱਛਣ:

ਛਾਤੀ ਵਿੱਚ ਗੰਢ
ਨਿੱਪਲ ਡਿਸਚਾਰਜ
ਛਾਤੀ ਦੀ ਚਮੜੀ ਦਾ ਮੋਟਾ ਹੋਣਾ
ਛਾਤੀ ਦੇ ਕਿਸੇ ਵੀ ਹਿੱਸੇ ਵਿੱਚ ਲਾਲੀ ਅਤੇ ਸੋਜ
ਛਾਤੀ ਦਾ ਉਲਟਾ ਨਿੱਪਲ
ਕੱਛ ਵਿੱਚ ਗੰਢ

ਜੋਖਮ ਦੇ ਕਾਰਕ:
ਪਰਿਵਾਰਕ ਇਤਿਹਾਸ
ਛਾਤੀ ਵਿੱਚ ਗੰਢ
ਉਮਰ
ਖੁਰਾਕ ਅਤੇ ਜੀਵਨ ਸ਼ੈਲੀ ਦੇ ਵਿਕਲਪ
ਰੇਡੀਏਸ਼ਨ ਐਕਸਪੋਜਰ
ਮੋਟਾਪਾ ਐਸਟ੍ਰੋਜਨ ਐਕਸਪੋਜਰ

# ਮੋਹਿੰਦਰ ਭਗਤ ਵੱਲੋਂ ਪੈਸਕੋ ਦੇ 47ਵੇਂ ਸਥਾਪਨਾ ਦਿਵਸ ਮੌਕੇ ਸ਼ਾਨਦਾਰ ਸੇਵਾਵਾਂ ਲਈ ਸ਼ਾਲਾਘਾ

**ਚੰਡੀਗੜ੍ਹ, 13 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਰੱਖਿਆ ਸੇਵਾਵਾਂ ਭਲਾਈ, ਸੁਤੰਤਰਤਾ ਸੈਨਾਨੀ ਅਤੇ ਬਾਗਬਾਨੀ ਮੰਤਰੀ ਸ਼੍ਰੀ ਮੋਹਿੰਦਰ ਭਗਤ ਨੇ ਅੱਜ ਪੰਜਾਬ ਐਕਸ-ਸਰਵਿਸਮੈਨ ਕਾਰਪੋਰੇਸ਼ਨ (ਪੈਸਕੋ) ਦੇ 47ਵੇਂ ਸਥਾਪਨਾ ਦਿਵਸ ਮੌਕੇ ਅਦਾਰੇ ਦੇ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਵਧਾਈਆਂ ਦਿੱਤੀਆਂ ਹਨ।

ਮੰਤਰੀ ਸ੍ਰੀ ਭਗਤ ਨੇ ਪੈਸਕੋ ਵੱਲੋਂ ਪਿਛਲੇ ਇੱਕ ਸਾਲ ਦੌਰਾਨ ਮੁੱਖ ਮੰਤਰੀ ਸ਼੍ਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਅਧੀਨ 6000 ਤੋਂ ਵੱਧ ਸਾਬਕਾ ਸੈਨਿਕਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣ ਲਈ ਸ਼ਾਲਾਘਾ ਕੀਤੀ।



ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਭਲਾਈ ਤੇ ਪੁਨਰਵਾਸ ਨੀਤੀਆਂ ਅਨੁਸਾਰ ਪੈਸਕੋ ਵੱਲੋਂ ਕੀਤਾ ਗਿਆ ਇਹ ਇੱਕ ਮਹੱਤਵਪੂਰਣ ਉਪਰਾਲਾ ਹੈ ਜਿਸ ਦਾ ਮਕਸਦ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਸਮਾਜਿਕ ਤੇ ਆਰਥਿਕ ਤਰੱਕੀ ਨੂੰ ਯਕੀਨੀ ਬਣਾਉਣਾ ਹੈ।

ਮੰਤਰੀ ਸ੍ਰੀ ਭਗਤ ਨੇ ਪੈਸਕੋ ਵੱਲੋਂ ਰਾਜ ਦੀਆਂ ਅਹਿਮ ਸੰਪਤੀਆਂ ਦੀ ਸੁਰੱਖਿਆ ਕਰਨ ਅਤੇ ਵੱਖ-ਵੱਖ ਸਰਕਾਰੀ ਵਿਭਾਗਾਂ ਤੇ ਸੰਸਥਾਵਾਂ ਨੂੰ ਸੇਵਾਵਾਂ ਪ੍ਰਦਾਨ ਕਰਨ ਵਿੱਚ ਨਿਭਾਈ ਜਾ ਰਹੀ ਭੂਮਿਕਾ ਦੀ ਵੀ ਪ੍ਰਸ਼ੰਸਾ ਕੀਤੀ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਾਬਕਾ ਸੈਨਿਕਾਂ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਪ੍ਰਤੀ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਨੇ ਸਾਬਕਾ ਸੈਨਿਕਾਂ ਨੂੰ ÷ਇਮਾਨਦਾਰੀ, ਨਿਸ਼ਠਾ ਅਤੇ ਮਿਹਨਤ ਦੇ ਪ੍ਰਤੀਕ÷ ਵਜੋਂ ਵਰਣਨ ਕੀਤਾ।

ਮੰਤਰੀ ਸ਼੍ਰੀ ਮੋਹਿੰਦਰ ਭਗਤ ਨੇ ਪੈਸਕੋ ਦੇ ਨਿਰੰਤਰ ਵਿਕਾਸ ਅਤੇ ਸਫਲਤਾ ਲਈ ਆਪਣੀਆਂ ਸ਼ੁਭਕਾਮਨਾਵਾਂ ਪ੍ਰਗਟਾਈਆਂ ਅਤੇ ਵਿਸ਼ਵਾਸ ਜਤਾਇਆ ਕਿ ਪੈਸਕੋ ਪੰਜਾਬ ਅਤੇ ਇਸ ਦੇ ਲੋਕਾਂ ਦੀ ਸੇਵਾ ਵਿੱਚ ਆਪਣੀ ਮਹੱਤਵਪੂਰਨ ਭੂਮਿਕਾ ਨੂੰ ਹੋਰ ਮਜ਼ਬੂਤੀ ਨਾਲ ਜਾਰੀ ਰੱਖੇਗਾ।

# ਭਾਰਤ ਵਿਕਾਸ ਪ੍ਰੀਸ਼ਦ, ਪਟਿਆਲਾ ਦੀਆਂ ਭਗਤ ਸਿੰਘ ਅਤੇ ਗੋਵਿੰਦ ਸ਼ਾਖਾਵਾਂ ਨੇ ਕਰਵਾਇਆ ਰਾਸ਼ਟਰੀ ਸਮੂਹ ਗੀਤ ਮੁਕਾਬਲਾ

**ਪਟਿਆਲਾ, 13 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਵਿਕਾਸ ਪ੍ਰੀਸ਼ਦ, ਪਟਿਆਲਾ ਦੀਆਂ ਭਗਤ ਸਿੰਘ ਅਤੇ ਗੋਵਿੰਦ ਸ਼ਾਖਾਵਾਂ ਨੇ ਅੱਜ ਵੱਖ-ਵੱਖ ਸਕੂਲਾਂ ਵਿਖੇ ਰਾਸ਼ਟਰੀ ਸਮੂਹ ਗੀਤ ਮੁਕਾਬਲਾ ਸਫਲਤਾਪੂਰਵਕ ਆਯੋਜਿਤ ਕੀਤਾ। ਇਸ ਮੌਕੇ ਸ਼ਹਿਰ ਦੇ ਕਈ ਨਾਮਵਰ ਸਕੂਲਾਂ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਦੇਸ਼ ਭਗਤੀ ਅਤੇ ਸੱਭਿਆਚਾਰਕ ਏਕਤਾ ਨੂੰ ਸਮਰਪਿਤ ਸੁਰੀਲੇ ਸਮੂਹ ਗੀਤ ਪੇਸ਼ ਕੀਤੇ। ਮੁਕਾਬਲੇ ਦਾ ਉਦੇਸ਼ ਵਿਦਿਆਰਥੀਆਂ ਵਿੱਚ ਦੇਸ਼ ਭਗਤੀ, ਏਕਤਾ ਅਤੇ ਸੱਭਿਆਚਾਰਕ ਸਦਭਾਵਨਾ ਦੀ ਭਾਵਨਾ ਨੂੰ ਜਗਾਉਣਾ ਸੀ। ਭਾਗੀਦਾਰਾਂ ਨੇ ਦੇਸ਼ ਭਗਤੀ ਅਤੇ ਲੋਕ ਗੀਤਾਂ ਰਾਹੀਂ ਭਾਰਤ ਦੀ ਅਮੀਰ ਸੱਭਿਆਚਾਰਕ ਵਿਰਾਸਤ ਨੂੰ ਪੇਸ਼ ਕੀਤਾ, ਜਿਸਦੀ ਦਰਸ਼ਕਾਂ ਨੇ ਬਹੁਤ ਪ੍ਰਸ਼ੰਸਾ ਕੀਤੀ। ਖੇਤਰੀ ਸੰਗਠਨ ਮੰਤਰੀ ਸ਼੍ਰੀ ਹਰਿੰਦਰ ਗੁਪਤਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਹਿੱਸਾ ਲੈਣਾ ਮਹੱਤਵਪੂਰਨ ਹੈ, ਜਿੱਤਣਾ ਨਹੀਂ। ਉਨ੍ਹਾਂ ਅੱਗੇ ਕਿਹਾ ਕਿ ਸਿਰਫ਼ ਨਵੀਂ ਪੀੜ੍ਹੀ ਹੀ ਭਾਰਤ ਨੂੰ ਇੱਕ ਵਿਕਸਤ ਰਾਸ਼ਟਰ ਬਣਾਉਣ ਦੇ ਸਮਰੱਥ ਹੈ। ਇਸੇ ਕ੍ਰਮ ਵਿੱਚ, ਭਾਰਤ ਵਿਕਾਸ ਪ੍ਰੀਸ਼ਦ ਤੋਂ ਸ਼੍ਰੀਮਤੀ ਸੀਮਾ ਜੋਸ਼ੀ ਨੇ ਮੁਕਾਬਲੇ ਦੇ ਉਦੇਸ਼ 'ਤੇ ਚਾਨਣਾ ਪਾਉਂਦੇ ਹੋਏ ਕਿਹਾ ਕਿ ਇਸ ਸਮਾਗਮ ਰਾਹੀਂ ਵਿਦਿਆਰਥੀਆਂ ਵਿੱਚ ਦੇਸ਼ ਭਗਤੀ, ਸਮੂਹਿਕਤਾ ਦੀ ਸ਼ਕਤੀ ਅਤੇ ਭਾਰਤੀ ਸੱਭਿਆਚਾਰ ਪ੍ਰਤੀ ਮਾਣ ਦੀ ਭਾਵਨਾ ਪੈਦਾ ਕੀਤੀ ਜਾਂਦੀ ਹੈ। ਪ੍ਰੀਸ਼ਦ ਹਮੇਸ਼ਾ ਅਜਿਹੇ ਸਮਾਗਮਾਂ ਰਾਹੀਂ ਨੌਜਵਾਨਾਂ ਨੂੰ ਰਾਸ਼ਟਰ ਨਿਰਮਾਣ ਲਈ ਪ੍ਰੇਰਿਤ ਕਰਦੀ ਹੈ। ਪ੍ਰੋਗਰਾਮ ਵਿੱਚ, ਮੁੱਖ ਮਹਿਮਾਨ ਸ਼੍ਰੀ ਸੰਜੇ ਗੋਇਲ ਦੇ ਨਾਲ ਵਿਸ਼ੇਸ਼ ਮਹਿਮਾਨਾਂ ਅਤੇ ਸਿੱਖਿਆ ਸ਼ਾਸਤਰੀਆਂ ਨੇ ਵੀ ਵਿਦਿਆਰਥੀਆਂ ਦੇ ਯਤਨਾਂ ਦੀ ਸ਼ਲਾਘਾ ਕੀਤੀ। ਸਰਕਾਰੀ ਗਰਲਜ਼ ਸੀਨੀਅਰ ਸੈਕੰਡਰੀ ਸਕੂਲ, ਨਿਊ ਪਾਵਰ ਹਾਊਸ ਅਤੇ ਭੁਪਿੰਦਰ ਇੰਟਰਨੈਸ਼ਨਲ ਪਬਲਿਕ ਸਕੂਲ ਦੀਆਂ ਟੀਮਾਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਮੁਕਾਬਲੇ ਵਿੱਚ ਜੇਤੂ ਰਹੀਆਂ। ਭਾਰਤ ਵਿਕਾਸ ਪ੍ਰੀਸ਼ਦ ਦੇ ਪ੍ਰਮੁੱਖ ਮੈਂਬਰ ਜਿਵੇਂ ਕਿ ਸਮੀਰ ਅਰੋੜਾ, ਰਾਜਿੰਦਰ ਜਿੰਦਲ, ਮੁਕੇਸ਼ ਸਿੰਗਲਾ, ਰਾਜੇਸ਼ ਬਾਂਸਲ, ਨਿਰਮਲ ਪਾਸੀ, ਰਾਕੇਸ਼ ਸੂਦ ਅਤੇ ਹੋਰ ਮੈਂਬਰ ਇਸ ਮੌਕੇ ਮੌਜੂਦ ਸਨ। ਜੇਤੂ ਟੀਮਾਂ ਨੂੰ ਪ੍ਰੀਸ਼ਦ ਵੱਲੋਂ ਇਨਾਮ ਅਤੇ ਸਰਟੀਫਿਕੇਟ ਦਿੱਤੇ ਗਏ।



# ਕਾਂਗਰਸ ਪਾਰਟੀ ਵਲੋਂ 'ਵੋਟ ਚੋਰੀ ਗੱਡੀ ਛੋੜ' ਮੁਹਿੰਮ ਲਈ ਖਰੜ ਹਲਕੇ ਦੇ ਲੋਕਾਂ ਵਿਚ ਵੱਡਾ ਉਤਸ਼ਾਹ: ਯਾਦਵਿੰਦਰਾ ਸਿੰਘ ਬੰਨੀ ਕੰਗ

**ਖਰੜ, 13 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਇਨਫੋਟੈਕ ਦੇ ਸਾਬਕਾ ਚੇਅਰਮੈਨ ਯਾਦਵਿੰਦਰਾ ਸਿੰਘ ਬੰਨੀ ਕੰਗ ਨੇ ਕਿਹਾ ਕਿ ਸ੍ਰੀ ਰਾਹੁਲ ਗਾਂਧੀ ਵਲੋਂ ਦੇਸ਼ ਵਿਚ ਸ਼ੁਰੂ ਕੀਤੀ ਗਈ 'ਵੋਟ ਚੋਰੀ ਗੱਡੀ ਛੋੜ' ਮੁਹਿੰਮ ਤਹਿਤ ਵਿਧਾਨ ਸਭਾ ਹਲਕਾ ਖਰੜ ਵਿਚ ਦਸਤਖਤ ਮੁਹਿੰਮ ਸਿਖਰਾਂ ਤੇ ਜਾਰੀ ਹੈ ਤੇ ਇਸ ਮੁਹਿੰਮ ਨੂੰ ਲੈ ਕੇ ਹਲਕੇ ਦੇ ਲੋਕਾਂ ਵਿਚ ਵੱਡਾ ਉਤਸ਼ਾਹ ਪਾਇਆ ਜਾ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਮੁਹਿੰਮ ਤਹਿਤ ਹਲਕੇ ਦੇ ਲੋਕਾਂ ਨੂੰ ਜਾਣੂ ਕਰਵਾ ਕੇ ਫਾਰਮ ਭਰ ਕੇ ਦਸਤਖਤ ਕਰਵਾਏ ਜਾ ਰਹੇ ਹਨ ਅਤੇ ਉਨ੍ਹਾਂ ਨੂੰ ਈ.ਵੀ.ਐਮ. ਵਿਚ ਹੋ ਰਹੀ ਹੇਰਾਫੇਰੀ ਅਤੇ ਲੋਕਤੰਤਰ ਤੇ ਹੋ ਰਹੇ ਖਤਰੇ ਬਾਰੇ ਵਿਸਥਾਰ ਨਾਲ ਜਾਣੂ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਚੋਣਾਂ ਵਿਚ ਵੋਟਾਂ ਦੀ ਲੁੱਟਮਾਰ ਕਰਕੇ ਭਾਜਪਾ ਵਲੋਂ ਲੋਕਾਂ ਦੇ ਨਾਲ ਵਿਸਵਾਸ਼ ਨਾਲ ਧੋਖਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਹਲਕੇ ਵਿਚ ਇਸ ਦਸਤਖਤ ਮੁਹਿੰਮ ਰਾਹੀ ਲੋਕਾਂ ਦੀ ਸਹਿਮਤੀ ਇਕੱਠੀ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਹਲਕੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਮੁਹਿੰਮ ਵਿਚ ਭਾਗ ਲੈਣ ਅਤੇ ਆਪਣੇ ਦਸਤਖਤ ਰਾਹੀਂ ਲੋਕਤੰਤਰ ਦੀ ਰੱਖਿਆ ਦਾ ਵਚਨ ਦੇਣ।



# ਸਾਹਿਤ ਸਭਾ ਕਲਾ ਸੰਗਮ ਨੀਲੋਂ ਨੂੰ ਸਾਹਿਤਕਾਰਾਂ ਨੇ ਨਵਾਂ ਰੂਪ ਦਿੱਤਾ ਵੱਡੀ ਗਿਣਤੀ ਵਿੱਚ ਸਾਹਿਤਕਾਰਾਂ ਲਈ ਕੀਤੀ ਸ਼ਿਰਕਤ

**ਮਾਛੀਵਾੜਾ ਸਾਹਿਬ, 13 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪਿਛਲੇ ਕੁੱਝ ਦਿਨਾਂ ਤੋਂ ਸਹਿਤਕ ਹਲਕਿਆਂ ਵਿੱਚ ਚਰਚਿਤ ਵਿਅਕਤੀਆਂ ਨੇ ਕਲਾ ਸੰਗਮ ਨੀਲੋਂ ਪੁਲ਼ ਨੂੰ ਮੁੜ ਸੁਰਜੀਤ ਕਰਨ ਲਈ ਸਰਗਰਮੀਆਂ ਸ਼ੁਰੂ ਕੀਤੀਆਂ। ਅੱਜ ਇਨਾਂ ਸਰਗਰਮੀਆਂ ਨੂੰ ਉਸ ਵੇਲੇ ਬੂਰ ਪਿਆ ਜਦੋਂ ਕਲਾ ਸੰਗਮ ਨੀਲੋਂ ਵਿੱਚ ਇਲਾਕੇ ਦੇ ਸਾਹਿਤਕਾਰ ਹੀ ਨਹੀਂ ਦੂਰ ਦੁਰਾਡਿਓਂ ਵੀ ਪੰਜਾਬੀ ਮਾਂ ਬੋਲੀ ਦੇ ਪਿਆਰੇ ਨੀਲੋਂ ਪੁਲ ਵਿੱਚ ਸਥਿਤ ਸੰਤ ਕ੍ਰਿਪਾਲ ਸਿੰਘ ਸੇਵਾ ਪੰਥੀ ਸਕੂਲ ਦੇ ਵਿੱਚ ਇਕੱਤਰਤਾ ਕਰਦੇ ਹਨ। ਇਸ ਇਕੱਤਰਤਾ ਦੇ ਵਿੱਚ ਬਹੁਤ ਸੁਲਝੇ ਹੋਏ ਪੁਰਾਣੇ ਤੇ ਨਵੇਂ ਸਾਹਿਤਕਾਰ ਸੱਜਣ ਹਾਜ਼ਰ ਹੁੰਦੇ ਹਨ ਜਿਸ ਦੇ ਵਿੱਚ ਕਲਾ ਸੰਗਮ ਨੀਲੋਂ ਪੁਲ਼ ਨੂੰ ਮੁੜ ਸੁਰਜੀਤ ਕਰਨ ਦੇ ਲਈ ਵਿਚਾਰਾਂ ਹੋਈਆਂ।

ਬਹੁਤ ਵਧੀਆ ਤਰੀਕੇ ਦੇ ਨਾਲ ਕਾਰਵਾਈ ਚੱਲੀ ਤੇ ਸਭਾ ਦੀ ਗੱਲਬਾਤ ਬੁੱਧ ਸਿੰਘ ਨੀਲੋਂ ਨੇ ਸ਼ੁਰੂ ਕੀਤੀ ਉਪਰੰਤ ਸਰਦਾਰ ਪੰਛੀ, ਗੁਰਦਿਆਲ ਦਲਾਲ, ਗੁਰਸੇਵਕ ਸਿੰਘ ਪ੍ਰਧਾਨ ਪੰਜਾਬੀ ਸਾਹਿਤ ਸਭਾ ਭੈਣੀ ਸਾਹਿਬ, ਪੱਤਰਕਾਰ ਤੇ ਲੇਖਕ ਬਲਬੀਰ ਸਿੰਘ ਬੱਬੀ, ਲਖਬੀਰ ਸਿੰਘ ਮਾਂਗਟ ਭਮਾਂ ਅਮਰੀਕਾ, ਅਨਿਲ ਫਤਿਹਗੜ੍ਹ ਜੱਟਾਂ, ਬਲਵੰਤ ਮਾਂਗਟ, ਦਲਵੀਰ ਸਿੰਘ ਕਲੇਰ, ਜ਼ੋਰਾਵਰ ਸਿੰਘ ਪੰਛੀ, ਇੰਦਰਜੀਤ ਕੌਰ ਲੋਟੇ ਤੇ ਹੋਰ ਸਾਹਿਤਕ ਸ਼ਖਸ਼ੀਅਤਾਂ ਨੇ ਕਲਾ ਸੰਗਮ ਬਾਰੇ ਵਿਚਾਰ ਚਰਚਾ ਕੀਤੀ।

ਹਾਜ਼ਰੀਨ ਵੱਲੋਂ ਸਰਬ ਸੰਮਤੀ ਦੇ ਨਾਲ ਨਵੀਂ ਚੋਣ ਕੀਤੀ ਗਈ। ਜਿਸ ਵਿੱਚ ਅਨਿਲ ਫ਼ਤਹਿਗੜ੍ਹ ਜੱਟਾ ਪ੍ਰਧਾਨ, ਜਨਰਲ ਸਕੱਤਰ ਬੁੱਧ ਸਿੰਘ ਨੀਲੋਂ, ਪ੍ਰੈੱਸ ਸਕੱਤਰ ਬਲਬੀਰ ਸਿੰਘ ਬੱਬੀ, ਸੀਨੀਅਰ ਮੀਤ ਪ੍ਰਧਾਨ ਕਰਨੈਲ ਸਿਵੀਆ, ਮੀਤ ਪ੍ਰਧਾਨ ਦੀਪ ਦਿਲਬਰ, ਮੀਤ ਪ੍ਰਧਾਨ ਜੋਰਾਵਰ ਸਿੰਘ ਪੰਛੀ, ਵਿੱਤ ਸਕੱਤਰ ਕਮਲਜੀਤ ਨੀਲੋਂ ਸਹਾਇਕ ਸਕੱਤਰ ਬਲਵੰਤ ਮਾਂਗਟ, ਕਾਰਜਕਰਨੀ ਮੈਂਬਰਾਂ ਦੇ ਵਿੱਚ ਗੁਰਸੇਵਕ ਸਿੰਘ ਢਿੱਲੋਂ ਸ਼੍ਰੀ ਭੈਣੀ ਸਾਹਿਬ, ਇੰਦਰਜੀਤ ਕੌਰ ਲੋਟੇ, ਪ੍ਰੀਤ ਸਿੰਘ ਸੰਦਲ, ਲਖਵੀਰ ਸਿੰਘ ਮਾਂਗਟ, ਅਮਰਜੀਤ ਸਿੰਘ ਸ਼ੇਰਪੁਰੀ ਆਦਿ ਨੂੰ ਇਸ ਸਭਾ ਦੀ ਨਵੀ ਬਾਡੀ ਵਿੱਚ ਸ਼ਾਮਿਲ ਕੀਤਾ।

ਦੂਜੇ ਸੈਸ਼ਨ ਦੇ ਵਿੱਚ ਕਵੀ ਦਰਬਾਰ ਹੋਇਆ ਜਿਸ ਵਿੱਚ ਕਲਾ ਸੰਗਮ ਨੀਲੋਂ ਨਾਲ ਜੁੜੇ ਹੋਏ ਪੁਰਾਣੇ ਉਸਤਾਦ ਸ਼ਾਇਰ ਸਰਦਾਰ ਪੰਛੀ ਆਪਣੀ ਸਿਹਤ ਠੀਕ ਨਾ ਹੁੰਦਿਆਂ ਵੀ ਵਿਸ਼ੇਸ਼ ਤੌਰ ਪੁੱਜੇ ਤੇ ਮੈਂਬਰਾਂ ਨੂੰ ਅਸ਼ੀਰਵਾਦ ਦਿੱਤਾ ਉਪਰੰਤ ਕਮਲਜੀਤ ਸਿੰਘ ਨੀਲੋਂ, ਬਲਬੀਰ ਸਿੰਘ ਬੱਬੀ, ਇੰਦਰਜੀਤ ਕੌਰ ਲੋਟੇ, ਬਲਵੰਤ ਮਾਂਗਟ, ਮੇਜਰ ਸਿੰਘ ਤੱਖੀ, ਦਲਵੀਰ ਕਲੇਰ, ਸਤਿਨਾਮ ਸਿੰਘ ਕੋਮਲ, ਦੀਪ ਦਿਲਬਰ, ਗੁਰਪ੍ਰੀਤ ਸਿੰਘ ਜਮਾਲਪੁਰੀ, ਮੀਤ ਪਾਣੀਪਤ, ਪੰਮੀ ਹਬੀਬ, ਅਮਰਜੀਤ ਸ਼ੇਰਪੁਰੀ, ਜੋਰਾਵਰ ਸਿੰਘ ਪੰਛੀ, ਜਵਾਲਾ ਸਿੰਘ ਥਿੰਦ, ਬਲਵੰਤ ਚਿਰਾਗ, ਅਮਨ ਅਜ਼ਾਦ ਅਨਿਲ ਫਤਿਹਗੜ੍ਹ ਜੱਟਾਂ, ਲਖਵੀਰ ਸਿੰਘ ਮਾਂਗਟ, ਬੁੱਧ ਸਿੰਘ ਨੀਲੋਂ, ਗੁਰਦਿਆਲ ਦਲਾਲ, ਰਣਵੀਰ ਸਿੰਘ, ਕੁਲਵਿੰਦਰ ਸਿੰਘ ਮਾਨੂੰਪੁਰੀ, ਲਖਵੀਰ ਸਿੰਘ ਲੱਭਾ, ਜਗਵੀਰ ਸਿੰਘ ਵਿੱਕੀ, ਮਲਕੀਤ ਸਿੰਘ ਮਾਲੜਾ, ਕਰਮਜੀਤ ਸਿੰਘ ਬਾਸੀ, ਕਰਨੈਲ ਸਿੰਘ ਸਿਵੀਆ, ਪ੍ਰੀਤ ਸਿੰਘ ਸੰਦਲ, ਪਰਮਜੀਤ ਸਿੰਘ ਮੁੰਡੀਆਂ, ਭਜਨ ਸਿੰਘ ਤੇ ਹੋਰ ਸਾਹਿਤਕ ਸੱਜਣਾਂ ਨੇ ਆਪੋ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ ਤੇ ਹਾਜ਼ਰੀਨ ਨੇ ਭਰਪੂਰ ਆਨੰਦ ਮਾਣਿਆ। ਕਲਾ ਸੰਗਮ ਨੀਲੋ ਪੁਲ ਵੱਲੋਂ ਵਿਸ਼ੇਸ਼ ਤੌਰ ਦੇ ਉੱਤੇ ਸੰਤ ਕਿਰਪਾਲ ਸਿੰਘ ਸੇਵਾ ਪੰਥੀ ਸਕੂਲ ਦੇ ਮੁੱਖ ਪ੍ਰਬੰਧਕਾਂ ਸਕੂਲ ਇਨਚਾਰਜ ਗੁਰਚਰਨ ਸਿੰਘ ਮਾਂਗਟ ਪ੍ਰਿੰਸੀਪਲ ਜਸਬੀਰ ਕੌਰ ਮਾਨ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ ਜਿਨ੍ਹਾਂ ਨੇ ਸਭਾ ਦੀ ਹਰ ਮੀਟਿੰਗ ਲਈ ਸਕੂਲ ਵੱਲੋਂ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਕਲਾ ਸੰਗਮ ਦੇ ਚਾਲੂ ਹੋਣ ਉੱਤੇ ਇਲਾਕੇ ਦੀਆਂ ਸਾਹਿਤ ਸਭਾਵਾਂ ਨਾਮਵਰ ਸਾਹਿਤਕਾਰਾਂ ਲੇਖਕਾਂ ਤੇ ਪੱਤਰਕਾਰਾਂ ਨੇ ਵਧਾਈਆਂ ਦਿੱਤੀਆਂ।

# ਡਿਪਟੀ ਕਮਿਸ਼ਨਰ ਵੱਲੋਂ ਬਖ਼ਸ਼ੀਵਾਲ ਮੰਡੀ ਦਾ ਅਚਨਚੇਤ ਦੌਰਾ

## ਕਿਸਾਨ ਸੁੱਕਾ ਝੋਨਾ ਹੀ ਮੰਡੀਆਂ 'ਚ ਵੇਚਣ ਲਈ ਲਿਆਉਣ ਤੇ ਪਰਾਲੀ ਨੂੰ ਅੱਗ ਨਾ ਲਗਾਉਣ : ਡਾ. ਪ੍ਰੀਤੀ ਯਾਦਵ

**ਪਟਿਆਲਾ, 13 ਅਕਤੂਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਵੇਚਣ ਲਈ ਪੁੱਜ ਰਹੇ ਝੋਨੇ ਦੀ ਨਾਲੋਂ-ਨਾਲ ਖਰੀਦ, ਕਿਸਾਨਾਂ ਨੂੰ ਅਦਾਇਗੀ ਤੇ ਲਿਫਟਿੰਗ ਵੀ ਨਾਲੋਂ-ਨਾਲ ਹੋ ਰਹੀ ਹੈ। ਇਹ ਪ੍ਰਗਟਾਵਾ ਅੱਜ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਪਿੰਡ ਬਖ਼ਸ਼ੀਵਾਲਾ ਦੀ ਮੰਡੀ ਦਾ ਅਚਨਚੇਤ ਦੌਰਾ ਕਰਕੇ ਸਮੁੱਚੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲੈਣ ਮੌਕੇ ਕੀਤਾ। ਇਸ ਮੌਕੇ ਐਸ.ਡੀ.ਐਮ ਹਰਜੋਤ ਕੌਰ ਮਾਵੀ ਵੀ ਉਨ੍ਹਾਂ ਦੇ ਨਾਲ ਮੌਜੂਦ ਸਨ।



ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਬਖ਼ਸ਼ੀਵਾਲਾ ਮੰਡੀ ਦਾ ਦੌਰਾ ਕਰਕੇ ਖਰੀਦ ਦਾ ਜਾਇਜ਼ਾ ਲੈਂਦੇ ਹੋਏ।

ਡਿਪਟੀ ਕਮਿਸ਼ਨਰ ਨੇ ਇਸ ਦੌਰਾਨ ਕਿਸਾਨਾਂ ਤੇ ਆੜਤੀਆਂ ਨਾਲ ਗੱਲਬਾਤ ਕੀਤੀ ਅਤੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਕੀਤੇ ਗਏ ਯਤਨਾਂ ਸਦਕਾ ਪਟਿਆਲਾ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਝੋਨੇ ਦੀ ਖਰੀਦ ਤੇ ਲਿਫਟਿੰਗ ਦੀ ਕੋਈ ਸਮੱਸਿਆ ਨਹੀਂ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਸਾਡੇ ਅੰਨਦਾਤਾ ਹਨ ਇਸ ਲਈ ਕਿਸੇ ਵੀ ਕਿਸਾਨ ਨੂੰ ਮੰਡੀਆਂ ਵਿੱਚ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਜਾ ਰਹੀ।

ਡਿਪਟੀ ਕਮਿਸ਼ਨਰ ਨੇ ਇਸ ਮੌਕੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਜਿਣਸ ਦੀ ਤੁਰੰਤ ਖਰੀਦ ਲਈ ਸੁੱਕਾ ਝੋਨਾ ਹੀ ਮੰਡੀਆਂ 'ਚ ਲਿਆਉਣ ਅਤੇ ਪਰਾਲੀ ਨੂੰ ਅੱਗ ਨਾ ਲਗਾਉਣ ਕਿਉਂਕਿ ਪ੍ਰਸ਼ਾਸਨ ਨੇ ਪਰਾਲੀ ਦੀ ਇਨਸੀਟੂ ਤੇ ਐਕਸਸੀਟੂ ਸੰਭਾਲ ਲਈ ਪੂਰੇ ਪ੍ਰਬੰਧ ਕੀਤੇ ਹਨ।

ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਖਰੀਦ ਕੀਤੇ ਝੋਨੇ ਦੀ ਕਿਸਾਨਾਂ ਨੂੰ ਹੁਣ ਤੱਕ 387.44 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ ਅਤੇ ਇਹ ਅਦਾਇਗੀ ਵੀ ਖਰੀਦ ਦੇ 48 ਘੰਟਿਆਂ ਦੇ ਅੰਦਰ-ਅੰਦਰ ਯਕੀਨੀ ਬਣਾਈ ਗਈ ਹੈ।

ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਅੰਦਰ ਝੋਨੇ ਦੀ 1 ਲੱਖ 79 ਹਜ਼ਾਰ 265 ਮੀਟ੍ਰਿਕ ਟਨ ਆਮਦ ਹੋਈ ਹੈ, ਜਿਸ ਵਿੱਚੋਂ 1 ਲੱਖ 68 ਹਜ਼ਾਰ 704 ਮੀਟ੍ਰਿਕ ਟਨ ਦੀ ਖਰੀਦ ਕੀਤੀ ਗਈ ਹੈ। ਇਸ ਮੌਕੇ ਮਾਰਕੀਟ ਕਮੇਟੀ ਦੇ ਸਕੱਤਰ ਅਸ਼ਵਨੀ ਮਹਿਤਾ ਤੇ ਮੰਡੀ ਸੁਪਰਵਾਈਜ਼ਰ ਵਿਜੇ ਪਾਲ ਸਮੇਤ ਆੜਤੀਆ, ਕਿਸਾਨ ਤੇ ਹੋਰ ਪਤਵੰਤੇ ਵੀ ਮੌਜੂਦ ਸਨ।

# ਸਰਕਾਰੀ ਮਿਡਲ ਸਕੂਲ ਖੇੜੀ ਗੁੱਜਰਾਂ ਨੇ ਸਰਕਲ ਸਟਾਈਲ ਕੱਬਡੀ ਵਿੱਚ ਹਾਸਲ ਕੀਤਾ ਦੂਜਾ ਸਥਾਨ



**ਪਟਿਆਲਾ, 13 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ੋਨ ਪਟਿਆਲਾ-2 ਦਾ ਸਰਕਲ ਸਟਾਈਲ ਕੱਬਡੀ ਦਾ ਜ਼ੋਨਲ ਟੂਰਨਾਮੈਂਟ ਡਾ. ਰਜਨੀਸ਼ ਗੁਪਤਾ ਜੀ (ਪ੍ਰਧਾਨ, ਜ਼ੋਨਲ ਟੂਰਨਾਮੈਂਟ ਕਮੇਟੀ ਪਟਿਆਲਾ-2) ਅਤੇ ਸ੍ਰੀ ਬਲਵਿੰਦਰ ਸਿੰਘ ਜੱਸਲ ਜੀ (ਜ਼ੋਨਲ ਸਕੱਤਰ, ਜ਼ੋਨਲ ਟੂਰਨਾਮੈਂਟ ਕਮੇਟੀ ਪਟਿਆਲਾ-2) ਦੀ ਅਗਵਾਈ ਵਿੱਚ ਸਕੂਲ ਆਫ਼ ਐਮੀਨੈਂਸ ਫੀਲਖਾਨਾ ਪਟਿਆਲਾ ਵਿਖੇ ਕਰਵਾਇਆ ਗਿਆ।ਇਸ ਟੂਰਨਾਮੈਂਟ ਦੌਰਾਨ ਬਹੁਤ ਸ਼ਾਨਦਾਰ ਮੁਕਾਬਲੇ ਹੋਏ। ਸਰਕਾਰੀ ਮਿਡਲ ਸਕੂਲ ਖੇੜੀ ਗੁੱਜਰਾਂ (ਪਟਿਆਲਾ) ਦੀ ਅੰਡਰ-14 ਲੜਕੀਆ ਦੀ ਸਰਕਲ ਸਟਾਈਲ ਕੱਬਡੀ ਟੀਮ ਨੇ ਸ੍ਰੀਮਤੀ ਮਮਤਾ ਰਾਣੀ ਜੀ (ਪੀ.ਟੀ.ਆਈ., ਸਰਕਾਰੀ ਮਿਡਲ ਸਕੂਲ ਖੇੜੀ ਗੁੱਜਰਾਂ ਪਟਿਆਲਾ) ਦੀ ਅਗਵਾਈ ਵਿੱਚ ਇਸ ਟੂਰਨਾਮੈਂਟ ਵਿੱਚ ਭਾਗ ਲਿਆ। ਸਕੂਲ ਦੀ ਅੰਡਰ-14 ਲੜਕੀਆ ਦੀ ਸਰਕਲ ਸਟਾਈਲ ਕੱਬਡੀ ਟੀਮ ਵਿੱਚ ਮਮਤਾ ਕੁਮਾਰੀ ਅਵਸਥੀ ਪੁੱਤਰੀ ਰਾਜੂ, ਪਾਇਲ ਪੁੱਤਰੀ ਰਾਜੇਸ਼ ਕੁਮਾਰ, ਨੰਦਨੀ ਪੁੱਤਰੀ ਬਾਬੂ ਰਾਮ, ਨਿਸ਼ਾ ਪੁੱਤਰੀ ਰਮੇਸ਼ ਕੁਮਾਰ, ਚੰਚਲ ਪੁੱਤਰੀ ਰਾਮਦੀਨ, ਰੁਪਿੰਦਰ ਕੌਰ ਪੁੱਤਰੀ ਹਿਮਤ ਸਿੰਘ, ਸ਼ਿਵਾਨੀ ਪੁੱਤਰੀ ਰਾਧੇ ਸ਼ਾਮ, ਬਲਜੋਤ ਕੌਰ ਪੁੱਤਰੀ ਜਗਵੰਤ ਸਿੰਘ, ਪ੍ਰਗਯਾ ਪੁੱਤਰੀ ਰਾਮ ਪਾਲ ਅਤੇ ਮੁਸਕਾਨ ਯਾਦਵ ਪੁੱਤਰੀ ਰਾਜੇਸ਼ ਯਾਦਵ ਸ਼ਾਮਲ ਸਨ। ਸਕੂਲ ਦੀ ਅੰਡਰ-14 ਲੜਕੀਆ ਦੀ ਸਰਕਲ ਸਟਾਈਲ ਕੱਬਡੀ ਟੀਮ ਨੇ ਜ਼ੋਨਲ ਟੂਰਨਾਮੈਂਟ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਦੂਜਾ ਸਥਾਨ ਹਾਸਲ ਕੀਤਾ। ਸ੍ਰੀਮਤੀ ਮਮਤਾ ਰਾਣੀ ਜੀ ਨੇ ਕਿਹਾ ਕਿ ਸਕੂਲ ਦੀ ਸਰਕਲ ਸਟਾਈਲ ਕੱਬਡੀ ਟੀਮ ਨੇ ਪੂਰੇ ਟੂਰਨਾਮੈਂਟ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਸ੍ਰੀਮਤੀ ਮਮਤਾ ਰਾਣੀ ਜੀ ਨੇ ਕਿਹਾ ਕਿ ਉਹ ਹਮੇਸ਼ਾਂ ਕੋਸ਼ਿਸ਼ ਕਰਦੇ ਹਨ ਕਿ ਉਹਨਾਂ ਦੇ ਸਕੂਲ ਦੀ ਹਰ ਕੁੜੀ ਕਿਸੇ ਨਾ ਕਿਸੇ ਖੇਡ ਵਿੱਚ ਜ਼ਰੂਰ ਭਾਗ ਲਵੇ ਜਿਸ ਨਾਲ ਉਹਨਾਂ ਵਿੱਚ ਆਤਮ ਵਿਸ਼ਵਾਸ਼ ਦੀ ਭਾਵਨਾ ਪੈਦਾ ਹੋਵੇ। ਸ੍ਰੀਮਤੀ ਰਵਿੰਦਰਪਾਲ ਕੌਰ ਜੀ (ਸਕੂਲ ਇੰਚਾਰਜ) ਨੇ ਸ੍ਰੀਮਤੀ ਮਮਤਾ ਰਾਣੀ ਜੀ ਅਤੇ ਸਮੂਹ ਸਰਕਲ ਸਟਾਈਲ ਕੱਬਡੀ ਟੀਮ ਨੂੰ ਇਸ ਸਫਲਤਾ ਤੇ ਵਧਾਈ ਦਿਤੀ। ਸ੍ਰੀਮਤੀ ਰਵਿੰਦਰਪਾਲ ਕੌਰ ਜੀ ਨੇ ਕਿਹਾ ਪੜ੍ਹਾਈ ਦੇ ਨਾਲ ਨਾਲ ਖੇਡਾਂ ਦਾ ਵੀ ਜੀਵਨ ਵਿੱਚ ਬਹੁਤ ਮਹੱਤਵ ਹੈ।ਇਸ ਮੌਕੇ ਤੇ ਸ੍ਰੀਮਤੀ ਅਨੀਤਾ ਸ਼ਰਮਾ (ਹਿੰਦੀ ਮਿਸਟ੍ਰੈਸ), ਸ੍ਰੀ ਮਨਪ੍ਰੀਤ ਸਿੰਘ (ਕੰਪਿਊਟਰ ਫੈਕਲਟੀ), ਸ੍ਰੀਮਤੀ ਲੀਨਾ (ਸ.ਸ. ਮਿਸਟ੍ਰੈਸ) ਅਤੇ ਸ੍ਰੀਮਤੀ ਮੀਨੂੰ ਯਾਦਵ (ਸਾਇੰਸ ਮਿਸਟ੍ਰੈਸ) ਮੌਜੂਦ ਸਨ।

# ਪੰਜਾਬ ਸਰਕਾਰ ਨੇ ਓਮੈਕਸ ਨੂੰ ਮੁਕੰਮਲ ਕਰਨ ਲਈ 3 ਸਾਲ ਦਾ ਵਾਧਾ ਦਿੱਤਾ : ਮਨੀਸ਼ਾ ਰਾਣਾ

**ਪਟਿਆਲਾ, 13 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਵਿਕਾਸ ਅਥਾਰਟੀ (ਪੀਡੀਏ) ਦੇ ਮੁੱਖ ਪ੍ਰਸ਼ਾਸਕ, ਮਨੀਸ਼ਾ ਰਾਣਾ ਨੇ ਦੱਸਿਆ ਹੈ ਕਿ ਪੰਜਾਬ ਸਰਕਾਰ ਨੇ ਮੰਤਰੀ ਮੰਡਲ ਦੀ ਮੀਟਿੰਗ ਵਿੱਚ, ਪਟਿਆਲਾ ਦੀ ਓਮੈਕਸ ਸਿਟੀ ਦੇ ਵਸਨੀਕਾਂ ਦੇ ਹਿਤਾਂ ਲਈ ਇੱਕ ਅਹਿਮ ਫੈਸਲਾ ਕਰਦਿਆਂ ਓਮੈਕਸ ਡਿਵੈਲਪਰ ਨੂੰ ਇਸ ਕਲੋਨੀ ਵਿੱਚ ਲੰਬਿਤ ਵਿਕਾਸ ਕਾਰਜ ਪੂਰੇ ਕਰਨ ਲਈ ਤਿੰਨ ਸਾਲਾਂ ਦਾ ਵਾਧਾ ਦੇਣ ਦੀ ਪ੍ਰਵਾਨਗੀ ਦਿੱਤੀ ਹੈ।

ਉਨ੍ਹਾਂ ਦੱਸਿਆ ਕਿ ਪੀਡੀਏ ਨੇ ਸਾਲ 2006 ਵਿੱਚ ਮੈਸਰਜ਼ ਓਮੈਕਸ ਲਿਮਟਿਡ ਨਾਲ ਇੱਕ ਸਮਝੌਤਾ ਕਰਕੇ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ (ਪੀਪੀਪੀ) ਮੋਡ ਅਧੀਨ ਪਿੰਡ ਬਾਰਨ, ਸਰਹਿੰਦ ਰੋਡ, ਪਟਿਆਲਾ ਵਿਖੇ ਲਗਭਗ 330 ਏਕੜ ਤੋਂ ਵੱਧ ਇੰਟੈਗਰੇਟਿਡ ਟਾਊਨਸ਼ਿਪ ਦੇ ਵਿਕਾਸ ਲਈ ਪ੍ਰੋਜੈਕਟ ਸ਼ੁਰੂ ਕੀਤਾ ਸੀ।

ਉਨ੍ਹਾਂ ਦੱਸਿਆ ਕਿ 2007 ਅਤੇ 2009 ਵਿੱਚ ਪਲਾਟ ਵੇਚੇ ਗਏ ਸਨ, ਅਤੇ ਟਾਊਨਸ਼ਿਪ ਵਿੱਚ ਲਗਭਗ 500 ਅਲਾਟੀਆਂ ਨੇ ਆਪਣੇ ਘਰ ਬਣਾਏ ਹਨ। ਪਰੰਤੂ ਡਿਵੈਲਪਰ ਨੂੰ ਸਮਝੌਤੇ ਦੀਆਂ ਸ਼ਰਤਾਂ ਅਤੇ ਨਿਯਮਾਂ ਦੀ ਪਾਲਣਾ ਨਾ ਕਰਨ 'ਤੇ 2011 ਵਿੱਚ ਬਰਖਾਸਤਗੀ ਦਾ ਨੋਟਿਸ ਜਾਰੀ ਕੀਤਾ ਗਿਆ ਸੀ ਅਤੇ ਇਹ ਮਾਮਲਾ ਲਗਭਗ 13-14 ਸਾਲਾਂ ਤੋਂ ਅਣਸੁਲਝਿਆ ਪਿਆ ਸੀ।

ਮਨੀਸ਼ਾ ਰਾਣਾ ਨੇ ਅੱਗੇ ਕਿਹਾ ਕਿ, ਜਨਤਕ ਹਿੱਤ ਨੂੰ ਧਿਆਨ ਵਿੱਚ ਰੱਖਦੇ ਹੋਏ, ਹੁਣ ਪੰਜਾਬ ਸਰਕਾਰ ਨੇ ਮੰਤਰੀ ਮੰਡਲ ਦੀ ਮੀਟਿੰਗ ਵਿੱਚ, ਡਿਵੈਲਪਰ ਨੂੰ ਲੰਬਿਤ ਵਿਕਾਸ ਕਾਰਜਾਂ ਨੂੰ ਪੂਰਾ ਕਰਨ ਲਈ ਤਿੰਨ ਸਾਲਾਂ ਦਾ ਵਾਧਾ ਦੇਣ ਦੀ ਪ੍ਰਵਾਨਗੀ ਦੇ ਦਿੱਤੀ ਹੈ।

# ਵੋਟ ਚੋਰ ਗੱਦੀ ਛੋੜ ਮੁਹਿੰਮ ਤਹਿਤ ਹਲਕਾ ਪੂਰਬੀ 'ਚ ਅਮ੍ਰਿਤਾ ਰਾਜਾ ਵੜਿੰਗ ਦੀ ਅਗਵਾਈ ਹੇਠ ਮੀਟਿੰਗ ਦਾ ਆਯੋਜਨ : ਬੀਬੀ ਸੁਰਿੰਦਰ ਕੌਰ

**ਲੁਧਿਆਣਾ, 13 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵੋਟ ਚੋਰ ਗੱਦੀ ਛੋੜ ਮੁਹਿੰਮ ਦੇ ਤਹਿਤ ਅੱਜ ਹਲਕਾ ਪੂਰਬੀ ਵਿਖੇ ਪੰਜਾਬ ਕਾਂਗਰਸ ਦੀ ਸੀਨੀਅਰ ਆਗੂ ਅਮ੍ਰਿਤਾ ਰਾਜਾ ਵੜਿੰਗ ਦੀ ਅਗਵਾਈ ਹੇਠ ਇਕ ਮਹੱਤਵਪੂਰਨ ਮੀਟਿੰਗ ਆਯੋਜਿਤ ਕੀਤੀ ਗਈ।

ਇਸ ਮੀਟਿੰਗ ਦਾ ਉਦੇਸ਼ ਲੋਕਾਂ ਵਿੱਚ ਚੋਣ ਪ੍ਰਕਿਰਿਆ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਅਤੇ ਭਾਜਪਾ ਵੱਲੋਂ ਵੋਟ ਚੋਰੀ ਦੇ ਦੋਸ਼ਾਂ ਦੇ ਮੱਦੇਨਜ਼ਰ ਲੋਕਤੰਤਰਕ ਮੁੱਲਾਂ ਦੀ ਰੱਖਿਆ ਲਈ ਆਵਾਜ਼ ਉਠਾਉਣਾ ਸੀ। ਅਮ੍ਰਿਤਾ ਰਾਜਾ ਵੜਿੰਗ ਨੇ ਇਸ ਮੌਕੇ ਕਿਹਾ ਕਿ 2027 ਵਿੱਚ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਬਣਨ ਜਾ ਰਹੀ ਹੈ ਅਤੇ ਪਾਰਟੀ ਨੇ ਹਰ ਹਲਕੇ ਵਿੱਚ ਜਾਗਰੂਕਤਾ ਮੁਹਿੰਮ ਸ਼ੁਰੂ ਕੀਤੀ ਹੈ, ਤਾਂ ਜੋ ਭਵਿੱਖ ਦੀਆਂ ਚੋਣਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਗਲਤ ਵੋਟਿੰਗ ਜਾਂ ਧਾਂਧਲੀ ਨਾ ਹੋ ਸਕੇ।



ਉਨ੍ਹਾਂ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ ਕਿ ਮੌਜੂਦਾ ਸਰਕਾਰ ਨੇ ਮਹਿਲਾਵਾਂ ਨੂੰ ਰੁਪਏ 1000 ਪ੍ਰਤੀ ਮਹੀਨਾ ਦੇਣ ਦਾ ਜੋ ਵਾਅਦਾ ਕੀਤਾ ਸੀ, ਉਹ ਅਜੇ ਤੱਕ ਪੂਰਾ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਲੋਕ ਇਸ ਧੋਖੇ ਦਾ ਜਵਾਬ 2027 ਦੀਆਂ ਚੋਣਾਂ ਵਿੱਚ ਜ਼ਰੂਰ ਦੇਣਗੇ।

ਇਸ ਮੌਕੇ 'ਤੇ ਜ਼ਿਲਾ ਪ੍ਰਧਾਨ ਬੀਬੀ ਸੁਰਿੰਦਰ ਕੌਰ, ਜਨਰਲ ਸਕੱਤਰ ਬੀਬੀ ਜਸਵਿੰਦਰ ਕੌਰ, ਪੂਰਬੀ ਬਲਾਕ ਪ੍ਰਧਾਨ ਨੀਤੂ ਬਬਲੀ, ਸੀਨੀਅਰ ਕਾਂਗਰਸੀ ਆਗੂ ਰੰਮੀ ਮੂਮ, ਰਾਜਵਿੰਦਰ ਕੌਰ ਰਜਨੀ (ਇੰਚਾਰਜ ਹਲਕਾ ਦੱਖਣੀ) ਸਮੇਤ ਕਈ ਕਾਂਗਰਸੀ ਆਗੂਆਂ ਅਤੇ ਵਰਕਰਾਂ ਨੇ ਹਿੱਸਾ ਲਿਆ।

ਮੀਟਿੰਗ ਦੌਰਾਨ ਵਰਕਰਾਂ ਨੇ ਕਾਂਗਰਸ ਪਾਰਟੀ ਦੇ ਹੱਕ ਵਿੱਚ ਨਾਅਰੇਬਾਜ਼ੀ ਕਰਦੇ ਹੋਏ ਲੋਕਾਂ ਨੂੰ ਸੱਚਾਈ ਅਤੇ ਜਵਾਬਦੇਹੀ ਦੇ ਆਧਾਰ 'ਤੇ ਆਉਣ ਵਾਲੀਆਂ ਚੋਣਾਂ ਲਈ ਤਿਆਰ ਰਹਿਣ ਦਾ ਸੁਨੇਹਾ ਵੀ ਦਿੱਤਾ।

# ਏਯੂ ਸਮਾਲ ਫਾਈਨੈਂਸ ਬੈਂਕ ਨੇ NBBL ਦੇ 'ਬੈਂਕਿੰਗ ਕਨੈਕਟ' ਪਲੇਟਫਾਰਮ ਨਾਲ ਏਕੀਕਰਨ ਦੀ ਸ਼ੁਰੂਆਤ ਕੀਤੀ

**ਚੰਡੀਗੜ੍ਹ, 13 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਏਯੂ ਸਮਾਲ ਫਾਈਨੈਂਸ ਬੈਂਕ (AU SFB), ਭਾਰਤ ਦਾ ਸਭ ਤੋਂ ਵੱਡਾ ਸਮਾਲ ਫਾਈਨੈਂਸ ਬੈਂਕ ਅਤੇ ਇੱਕ ਦਹਾਕੇ ਤੋਂ ਵੱਧ ਸਮੇਂ ਵਿੱਚ ਇੱਕ ਯੂਨੀਵਰਸਲ ਬੈਂਕ ਵਿੱਚ ਤਬਦੀਲੀ ਲਈ ਸਿਧਾਂਤਕ ਪ੍ਰਵਾਨਗੀ ਪ੍ਰਾਪਤ ਕਰਨ ਵਾਲਾ ਪਹਿਲਾ, ਨੇ ਇੱਕ ਹੋਰ ਉਦਯੋਗ-ਪਹਿਲੀ ਪ੍ਰਾਪਤੀ ਕੀਤੀ ਹੈ। ਬੈਂਕ ਨੇ NPCI ਭਾਰਤ ਬਿੱਲਪੇ ਲਿਮਟਿਡ (NBBL) ਦੇ 'ਬੈਂਕਿੰਗ ਕਨੈਕਟ' ਪਲੇਟਫਾਰਮ 'ਤੇ ਲਾਈਵ ਹੋਣ ਵਾਲਾ ਪਹਿਲਾ ਬੈਂਕ ਬਣ ਕੇ ਇਤਿਹਾਸ ਰਚਿਆ ਹੈ। ਭਾਰਤੀ ਰਿਜ਼ਰਵ ਬੈਂਕ ਦੇ ਮਾਣਯੋਗ ਗਵਰਨਰ ਸ਼੍ਰੀ ਸੰਜੇ ਮਲਹੋਤਰਾ ਦੁਆਰਾ ਗਲੋਬਲ ਫਿਨਟੈਕਫੈਸਟ 2025 ਵਿੱਚ ਲਾਂਚ ਕੀਤਾ ਗਿਆ, ਬੈਂਕਿੰਗ ਕਨੈਕਟ ਇੱਕ ਪਰਿਵਰਤਨਸ਼ੀਲ ਪਹਿਲ ਹੈ ਜਿਸਦਾ ਉਦੇਸ਼ ਨੈੱਟ ਬੈਂਕਿੰਗ ਅਤੇ ਭੁਗਤਾਨ ਗੇਟਵੇ (PG) ਲੈਣ-ਦੇਣ ਨੂੰ ਸਰਲ ਬਣਾਉਣਾ ਅਤੇ ਮਿਆਰੀਕਰਨ ਕਰਨਾ ਹੈ। ਏਯੂ ਸਮਾਲ ਫਾਈਨੈਂਸ ਬੈਂਕ ਦੇ ਕਾਰਜਕਾਰੀ ਨਿਰਦੇਸ਼ਕ ਅਤੇ ਡਿਪਟੀ ਸੀਈਓ ਸ਼੍ਰੀ ਉੱਤਮ ਟਿਬਰੇਵਾਲ ਨੇ ਕਿਹਾ: ਏਯੂ ਸਮਾਲ ਫਾਈਨੈਂਸ ਬੈਂਕ ਵਿਖੇ, ਅਸੀਂ ਉਦੇਸ਼ਪੂਰਨ ਨਵੀਨਤਾ ਅਤੇ ਸਹਿਯੋਗ ਰਾਹੀਂ ਭਾਰਤ ਦੇ ਡਿਜੀਟਲ ਬੈਂਕਿੰਗ ਈਕੋਸਿਸਟਮ ਨੂੰ ਅੱਗੇ ਵਧਾਉਣ ਲਈ ਵਚਨਬੱਧ ਹਾਂ। ਐਨਬੀਬੀਐਲ ਦੇ ਬੈਂਕਿੰਗ ਕਨੈਕਟ ਪਲੇਟਫਾਰਮ ਨਾਲ ਸਾਡਾ ਏਕੀਕਰਨ ਇਸ ਦ੍ਰਿਸ਼ਟੀਕੋਣ ਨੂੰ ਦਰਸਾਉਂਦਾ ਹੈ - ਕੁਸ਼ਲਤਾ ਨੂੰ ਵਧਾਉਣਾ, ਸੁਰੱਖਿਆ ਨੂੰ ਮਜ਼ਬੂਤ ਕਰਨਾ ਅਤੇ ਡਿਜੀਟਲ ਭੁਗਤਾਨ ਉਦਯੋਗ ਵਿੱਚ ਅਨੁਭਵ ਲਈ ਮਿਆਰ ਨਿਰਧਾਰਤ ਕਰਨਾ।

# ਰਣਜੋਧ ਹਡਾਣਾ ਨੇ 11 ਕੇ ਵੀ ਐਕਸਟੈਂਸ਼ਨ ਫੀਡਰ 66 ਕੇ.ਵੀ. ਨਾਨਕਸਰ ਦਾ ਕੀਤਾ ਉਦਘਾਟਨ



**ਸਨੌਰ, 13 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਸਨੌਰ ਦੇ ਇੰਚਾਰਜ ਚੇਅਰਮੈਨ ਰਣਜੋਧ ਸਿੰਘ ਹਡਾਣਾ ਨੇ ਸਨੌਰ ਹਲਕੇ ਚ ਵਿਕਾਸ਼ ਕਾਰਜਾਂ ਚ ਤੇਜ਼ੀ ਲਿਆਂਦੇ ਹੋਏ 66 ਕੇ ਵੀ ਫੀਡਰ ਨਾਨਕਸਰ ਸਨੌਰ ਵਿਖੇ 11 ਕੇ, ਵੀ, ਐਕਸਟੈਂਨਸ਼ਨ ਫੀਡਰ ਦਾ ਉਦਘਾਟਨ ਬਿਜਲੀ ਗਰਿੱਡ ਸਨੌਰ ਵਿਖੇ ਇੰਚਾਰਜ ਚੇਅਰਮੈਨ ਰਣਜੋਧ ਸਿੰਘ ਹਡਾਣਾ ਨੇ ਕੀਤਾ।ਇੰਚਾਰਜ ਰਣਜੋਧ ਹਡਾਣਾ ਨੇ ਕਿਹਾ ਕਿ ਨਵੇਂ ਫੀਡਰ ਦੇ ਸ਼ੁਰੂ ਹੋਣ ਦੇ ਨਾਲ ਇਲਾਕਾ ਨਿਵਾਸੀਆਂ ਨੂੰ ਬਿਜਲੀ ਸਪਲਾਈ ਹੋਰ ਬਿਹਤਰ ਤੇ ਬਿਨਾਂ ਰੁਕਾਵਟ ਮਿਲੇਗੀ। ਕਿਹਾ ਪ੍ਰੋਜੈਕਟ ਲੰਬੇ ਸਮੇਂ ਤੋਂ ਇਲਾਕੇ ਦੇ ਲੋਕਾਂ ਦੀ ਮੰਗ ਸੀ ਜਿਸ ਨੂੰ ਪੂਰਾ ਕਰਕੇ ਸਰਕਾਰ ਨੇ ਲੋਕਾਂ ਨੂੰ ਵੱਡੀ ਸਹੂਲਤ ਦਿੱਤੀ ਹੈ ਪ੍ਰੋਜੈਕਟ ਨਾਲ ਸਨੌਰ ਅਤੇ ਆਲੇ ਦੁਆਲੇ ਦੇ ਪਿੰਡਾਂ ਵਿੱਚ ਲੋਡ ਘੱਟ ਹੋਣ ਨਾਲ ਵੋਲਟੇਜ ਦੀ ਸਮੱਸਿਆ ਨਹੀਂ ਰਹੇਗੀ।

ਇਸ ਅਵਸਰ ਤੇ ਨਗਰ ਕੌਂਸਲ ਪ੍ਰਧਾਨ ਪ੍ਰਦੀਪ ਜੋਸ਼ਨ ਨੇ ਕਿਹਾ ਕਿ ਇਸ ਪ੍ਰੋਜੈਕਟ ਨਾਲ ਇਲਾਕੇ ਦੇ ਵਿਕਾਸ ਨੂੰ ਹੋਰ ਵੀ ਗਤੀ ਮਿਲੀ ਅਤੇ ਲੋਕਾਂ ਨੂੰ ਰੋਜ਼ਾਨਾ ਦੀ ਜ਼ਿੰਦਗੀ ਵਿੱਚ ਵੱਡਾ ਸੁਧਾਰ ਮਹਿਸੂਸ ਹੋਵੇਗਾ।

ਇਸ ਅਵਸਰ ਤੇ ਗੁਰਵਿੰਦਰ ਸਿੰਘ ਐਕਸੀਅਨ, ਗੁਰਪਿੰਦਰ ਸਿੰਘ ਐਸ ਡੀ ਓ, ਪ੍ਰਧਾਨ ਨਰਿੰਦਰ ਤੱਖਰ, ਰਾਜੇਸ਼ ਕੁਮਾਰ ਜੇ ਈ, ਸਮੂਹ ਐਮ ਸੀ ਸਹਿਬਾਨ ਨਾਲ ਹੋਰ ਆਗੂ ਵੀ ਮੌਜੂਦ ਰਹੇ।

# ਹਲਕਾ ਇੰਚਾਰਜ ਦਰਬਾਰਾ ਸਿੰਘ ਬਨਵਾਲਾ ਨੇ ਜਨਰਲ ਸਕੱਤਰ ਸੰਦੀਪ ਸੰਧੂ ਦੀ ਮਾਤਾ ਦੀ ਅੰਤਿਮ ਅਰਦਾਸ ਵਿੱਚ ਹਾਜ਼ਰੀ ਲਗਵਾ

**ਪਾਤੜਾਂ, 13 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਕਾਂਗਰਸ ਹਲਕਾ ਸ਼ੁਤਰਾਣਾ ਦੇ ਇੰਚਾਰਜ ਦਰਬਾਰਾ ਸਿੰਘ ਬਨਵਾਲਾ ਦੀ ਸਮੁੱਚੀ ਟੀਮ ਵੱਲੋਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਸੰਦੀਪ ਸਿੰਘ ਸੰਧੂ ਦੀ ਸਤਿਕਾਰਯੋਗ ਮਾਤਾ ਦੀ ਅੰਤਿਮ ਅਰਦਾਸ ਵਿੱਚ ਹਾਜ਼ਰੀ ਲਗਵਾਈ। ਅੰਤਿਮ ਅਰਦਾਸ ਦੀ ਰਸਮ ਗੁਰਦੁਆਰਾ ਸਾਹਿਬ ਨੌਵੀਂ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸੈਕਟਰ 34 ਵਿੱਚ ਸੰਪੂਰਨ ਕੀਤੀ ਗਈ।

ਇਸ ਮੌਕੇ ਸੀਨੀਅਰ ਆਗੂ ਰਣਜੀਤ ਸਿੰਘ ਮਤੌਲੀ, ਧੰਨਾ ਸਿੰਘ ਕਰਵਾਨੂੰ, ਕੁਲਵੰਤ ਸ਼ਰਮਾ, ਮਲਕੀਤ ਸਿੰਘ ਘੱਗਾ ਅਤੇ ਯੂਥ ਆਗੂ ਸਿਕੰਦਰ ਸਿੰਘ ਦੁਤਾਲ ਹਾਜ਼ਰ ਸਨ।

# 69ਵੀਆਂ ਜ਼ਿਲ੍ਹਾ ਸਕੂਲ ਖੇਡਾਂ ਐਥਲੈਟਿਕਸ 'ਚ ਲੜਕੇ ਤੇ ਲੜਕੀਆਂ ਵੱਲੋਂ ਸ਼ਾਨਦਾਰ ਪ੍ਰਦਰਸ਼ਨ



**ਪਟਿਆਲਾ, 13 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਖੇਡ ਟੂਰਨਾਮੈਂਟ ਕਮੇਟੀ ਦੇ ਪ੍ਰਧਾਨ ਸੰਜੀਵ ਸ਼ਰਮਾ ਜ਼ਿਲ੍ਹਾ ਸਿੱਖਿਆ ਅਫਸਰ ਸੈ.ਸਿੱ. ਪਟਿਆਲਾ ਤੇ ਡਾ: ਰਵਿੰਦਰਪਾਲ ਸਿੰਘ ਉਪ ਜ਼ਿਲ੍ਹਾ ਸਿੱਖਿਆ ਅਫਸਰ ਦੇ ਦਿਸ਼ਾ ਨਿਰਦੇਸ਼ ਅਤੇ ਪ੍ਰਬੰਧਕ ਸਕੱਤਰ ਡਾ: ਦਲਜੀਤ ਸਿੰਘ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਤੇ ਸਕੱਤਰ ਜ਼ਿਲ ?ਾ ਟੂਰਨਾਮੈਂਟ ਕਮੇਟੀ ਚਰਨਜੀਤ ਸਿੰਘ ਭੁੱਲਰ ਦੇ ਤਾਲਮੇਲ ਨਾਲ 69ਵੀਆਂ ਜ਼ਿਲ੍ਹਾ ਸਕੂਲ ਖੇਡਾਂ ਕਰਵਾਈਆਂ ਜਾ ਰਹੀਆਂ ਹਨ।

ਜ਼ਿਲ੍ਹਾ ਟੂਰਨਾਮੈਂਟ ਕਮੇਟੀ ਦੇ ਸਕੱਤਰ ਚਰਨਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਅੱਜ ਦੇ ਹੋਏ ਅੰਡਰ 14 ਲੋਂਗਜੰਪ ਲੜਕਿਆਂ ਦੇ ਮੁਕਾਬਲਿਆਂ ਵਿੱਚ ਜਸਵੀਰ ਸਿੰਘ ਭੁੰਨਰਹੇੜੀ ਨੇ ਪਹਿਲਾ, ਮਾਨਇੰਦਰ ਸਿੰਘ ਪਟਿ 1 ਨੇ ਦੂਜਾ ਤੇ ਕ੍ਰਿਸ਼ਨ ਭਾਦਸੋ ਨੇ ਤੀਜਾ,ਅੰਡਰ 14 ਲੜਕੀਆਂ ਦੇ ਡਿਸਕਸ ਥਰੋ ਦੇ ਮੁਕਾਬਲਿਆਂ ਦੇ ਵਿੱਚ ਗੁਰਸੀਰਤ ਕੌਰ ਨਾਭਾ ਨੇ ਪਹਿਲਾਂ, ਸੁਖਮਨ ਸੰਧੂ ਰਾਜਪੁਰਾ ਨੇ ਦੂਜਾ ਤੇ ਸੀਰਤ ਕੌਰ ਪਟਿ 1 ਨੇ ਤੀਜਾ, ਅੰਡਰ 17 ਲੜਕਿਆਂ ਦੇ ਲੌਂਗ ਜੰਪ ਦੇ ਮੁਕਾਬਲਿਆਂ ਵਿੱਚ ਬਿਲਾਲ ਖਾਨ ਘਨੌਰ ਨੇ ਪਹਿਲਾਂ, ਨਵਜੀਤ ਸਿੰਘ ਰਾਜਪੁਰਾ ਨੇ ਦੂਜਾ ਤੇ ਰਘੂਵੀਰ ਪਟਿ 1 ਨੇ ਤੀਜਾ, ਅੰਡਰ 19 ਲੜਕਿਆਂ ਦੇ ਲੌਂਗ ਜੰਪ ਦੇ ਮੁਕਾਬਲਿਆਂ ਵਿੱਚ ਗਗਨਦੀਪ ਸਿੰਘ ਪਾਤੜਾਂ ਨੇ ਪਹਿਲਾਂ, ਗੁਰਵੀਰ ਸਿੰਘ ਪਟਿ 3 ਨੇ ਦੂਜਾ ਤੇ ਸ਼ਿਖਰਪ੍ਰਤਾਪ ਸਿੰਘ ਰਾਜਪੁਰਾ ਨੇ ਤੀਜਾ, ਅੰਡਰ 14 ਲੜਕੀਆਂ ਦੇ ਸ਼ਾਟਪੁੱਟ ਦੇ ਮੁਕਾਬਲਿਆਂ ਵਿੱਚ ਗੁਰਸੀਰਤ ਕੌਰ ਨਾਭਾ ਨੇ ਪਹਿਲਾਂ,ਸੁਖਮਨ ਸੰਧੂ ਰਾਜਪੁਰਾ ਨੇ ਦੂਜਾ ਤੇ ਨਮਨ ਜੋਤ ਕੌਰ ਨਾਭਾ ਨੇ ਤੀਜਾ, ਅੰਡਰ 17 ਲੜਕੀਆਂ ਦੇ ਸ਼ਾਟਪੁਟ ਦੇ ਮੁਕਾਬਲਿਆਂ ਵਿੱਚ ਦਿਵਜੋਤ ਕੌਰ ਰਾਜਪੁਰਾ ਨੇ ਪਹਿਲਾਂ, ਜੈਸਮੀਨ ਕੌਰ ਪਟਿ 1 ਨੇ ਦੂਜਾ,ਹੁਸੈਨਦੀਪ ਕੌਰ ਪਟਿ 1 ਨੇ ਤੀਜਾ, ਅੰਡਰ 19 ਲੜਕੀਆਂ ਦੇ ਸ਼ਾਟਪੁੱਟ ਦੇ ਮੁਕਾਬਲਿਆਂ ਵਿੱਚ ਨਵਨੀਤ ਕੌਰ ਸਮਾਣਾ ਨੇ ਪਹਿਲਾ, ਗੁਰਕਮਲ ਕੌਰ ਪਟਿ 2 ਨੇ ਦੂਜਾ, ਰਿਪਤਮਨ ਪਟਿ 3 ਨੇ ਤੀਜਾ, ਅੰਡਰ 14 ਲੜਕਿਆਂ ਦੇ ਸ਼ਾਟਪੁੱਟ ਦੇ ਮੁਕਾਬਲਿਆਂ ਵਿੱਚ ਦਿਲਰਾਜ ਸਿੰਘ ਪਟਿ 3 ਨੇ ਪਹਿਲਾ, ਦਕਸ਼ ਪਟਿ 1 ਨੇ ਦੂਜਾ, ਤੇਜ਼ਵੀਰ ਪਾਤੜਾਂ ਨੇ ਤੀਜਾ, ਅੰਡਰ 17 ਲੜਕਿਆਂ ਦੇ ਸ਼ਾਟਪੁਟ ਮੁਕਾਬਲਿਆਂ ਵਿੱਚ ਹਰਸ਼ਿਤ ਸਿੰਧੀ ਪਟਿ 1 ਨੇ ਪਹਿਲਾ, ਅੰਮ੍ਰਿਤ ਸਿੰਘ ਪਾਤੜਾਂ ਨੇ ਦੂਜਾ, ਉਦੇਵੀਰ ਸਿੰਘ ਪਟਿ 2 ਨੇ ਤੀਜਾ, ਅੰਡਰ 17 ਲੜਕਿਆਂ ਦੇ 800 ਮੀਟਰ ਦੌੜ ਮੁਕਾਬਲਿਆਂ ਵਿੱਚ ਵਿਸ਼ਾਲ ਪਟਿ 2 ਨੇ ਪਹਿਲਾ,ਏਕਮਵੀਰ ਸਿੰਘ ਨੇ ਦੂਜਾ, ਵੰਸਪ੍ਰੀਤ ਪਟਿ 2 ਨੇ ਤੀਜਾ ਸਥਾਨ, ਅੰਡਰ 14 ਲੜਕੀਆਂ 600 ਮੀਟਰ ਦੀ ਦੌੜ ਵਿੱਚ ਮਹਿਲਦੀਪ ਕੌਰ ਪਟਿ 3 ਨੇ ਪਹਿਲਾਂ, ਨਵਜੋਤ ਕੌਰ ਪਟਿ 3 ਨੇ ਦੂਜਾ, ਅੰਸੂਲ ਪਾਤੜਾਂ ਨੇ ਤੀਜਾ ਸਥਾਨ ਹਾਸਲ ਕੀਤਾ।

# ਡਿਪਟੀ ਕਮਿਸ਼ਨਰ ਵੱਲੋਂ ਪਿੰਡ ਬਖ਼ਸ਼ੀਵਾਲਾ ਵਿਖੇ ਲੱਗੇ ਜਨ ਸੁਵਿਧਾ ਕੈਂਪ ਦਾ ਜਾਇਜ਼ਾ

**ਪਟਿਆਲਾ, 13 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ.ਪ੍ਰੀਤੀ ਯਾਦਵ ਨੇ 'ਆਪ ਦੀ ਸਰਕਾਰ ਆਪ ਦੇ ਦੁਆਰ' ਤਹਿਤ ਪਿੰਡ ਬਖ਼ਸ਼ੀਵਾਲਾ ਵਿਖੇ ਲਗਾਏ ਗਏ ਵਿਸ਼ੇਸ਼ ਕੈਂਪ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਮੌਕੇ 'ਤੇ ਮੌਜੂਦ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਲੋਕਾਂ ਦੀਆਂ ਮੁਸ਼ਕਿਲਾਂ ਦਾ ਹੱਲ ਕਰਨ ਅਤੇ ਸਰਕਾਰੀ ਸੇਵਾਵਾ ਪ੍ਰਦਾਨ ਕਰਨ 'ਚ ਕੋਈ ਢਿੱਲ ਮੱਠ ਨਾ ਵਰਤੀ ਜਾਵੇ।

ਡਾ. ਪ੍ਰੀਤੀ ਯਾਦਵ ਨੇ ਇਸ ਮੌਕੇ ਪੇਂਡੂ ਵਿਕਾਸ ਤੇ ਪੰਚਾਇਤ, ਕਿਰਤ ਵਿਭਾਗ, ਸਿਹਤ ਵਿਭਾਗ, ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ, ਸਮਾਜਿਕ ਸੁਰੱਖਿਆ, ਵਣ ਵਿਭਾਗ, ਸਹਿਕਾਰਤਾ ਸਮੇਤ ਹੋਰ ਕਈ ਵਿਭਾਗਾਂ ਦੀਆਂ ਸਟਾਲਾਂ ਦਾ ਦੌਰਾ ਕਰਕੇ ਪ੍ਰਦਾਨ ਕੀਤੀਆਂ ਜਾ ਰਹੀਆਂ ਸੇਵਾਵਾਂ ਦਾ ਜਾਇਜ਼ਾ ਲਿਆ ਅਤੇ ਤਸੱਲੀ ਪ੍ਰਗਟਾਈ। ਉਨ੍ਹਾਂ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਕੈਂਪਾਂ ਵਿੱਚ ਆਉਣ ਵਾਲੇ ਨਾਗਰਿਕਾਂ ਦੀ ਪੂਰੀ ਗੰਭੀਰਤਾ ਨਾਲ ਸਮੱਸਿਆ ਸੁਣਕੇ ਨਿਪਟਾਰਾ ਕਰਨਾ ਯਕੀਨੀ ਬਣਾਇਆ ਜਾਵੇ।




ਡਿਪਟੀ ਕਮਿਸ਼ਨਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਚੱਲ ਰਹੇ ਨਿਵੇਕਲੇ ਉਪਰਾਲੇ 'ਆਪ ਦੀ ਸਰਕਾਰ ਆਪ ਦੇ ਦੁਆਰ' ਤਹਿਤ ਲਗਾਏ ਜਾ ਰਹੇ ਜਨ ਸੁਵਿਧਾ ਕੈਂਪਾਂ ਦਾ ਲਾਭ ਲੈਣ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੋਕਾਂ ਤੱਕ ਪਹੁੰਚ ਕਰਨ ਲਈ ਜ਼ਿਲ੍ਹੇ ਦੇ ਹਰ ਪਿੰਡ ਤੇ ਸ਼ਹਿਰਾਂ ਦੇ ਵਾਰਡਾਂ ਵਿੱਚ ਕੈਂਪ ਲਗਾਏ ਜਾ ਰਹੇ ਹਨ ਇਸ ਲਈ ਲੋੜਵੰਦ ਲੋਕ ਸਰਕਾਰ ਦੇ ਪ੍ਰੋਗਰਾਮਾਂ ਤੇ ਭਲਾਈ ਸਕੀਮਾਂ ਦਾ ਲਾਭ ਲੈਣ ਲਈ ਇਨ੍ਹਾਂ ਕੈਂਪਾਂ ਵਿੱਚ ਜਰੂਰ ਜਾਣ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਨ੍ਹਾਂ ਕੈਂਪਾਂ ਵਿੱਚ ਮੁੱਖ ਤੌਰ 'ਤੇ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਮੌਕੇ 'ਤੇ ਹੱਲ ਕਰਨ ਅਤੇ ਤੁਰੰਤ ਸਰਕਾਰੀ ਸੇਵਾਵਾਂ ਪ੍ਰਦਾਨ ਕਰਨ ਨੂੰ ਤਰਜ਼ੀਹ ਦਿੱਤੀ ਜਾ ਰਹੀ ਹੈ। ਕੈਂਪ ਦੌਰਾਨ 45 ਸੇਵਾਵਾਂ ਤੋਂ ਇਲਾਵਾ ਸਾਂਝ ਕੇਂਦਰ ਅਤੇ ਵੱਖ ਵੱਖ ਵਿਭਾਗਾਂ ਵੱਲੋਂ ਦਿੱਤੀਆਂ ਜਾਂਦੀਆਂ ਸੇਵਾਵਾਂ ਵੀ ਲੋਕਾਂ ਨੂੰ ਇਕੋ ਛੱਤ ਥੱਲੇ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।

# ਗੁਰੂ ਨਾਨਕ ਸਕੂਲ ਲੋਦੀ ਮਾਜਰਾ ਦਾ ਜ਼ਿਲ੍ਹਾ ਪੱਧਰੀ ਗੱਤਕਾ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ




**ਰੂਪ ਨਗਰ, 13 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

69ਵੀਆਂ ਜ਼ਿਲ੍ਹਾ ਪੱਧਰੀ ਸਕੂਲ ਖੇਡਾਂ ਵਿੱਚ ਗੁਰੂ ਨਾਨਕ ਮਾਡਲ ਸ: ਸੈ: ਸਕੂਲ ਲੋਦੀ ਮਾਜਰਾ ਨੇ ਵਧੀਆ ਕਾਰਗੁਜ਼ਾਰੀ ਕਰਦੇ ਹੋਏ ਸ਼ਾਨਦਾਰ ਪ੍ਰਦਰਸ਼ਨ ਕੀਤਾ।

ਇਸ ਸੰਬੰਧੀ ਜਾਣਕਾਰੀ ਦਿੰਦਿਆ ਗੁਰੂ ਨਾਨਕ ਗੱਤਕਾ ਅਕੈਡਮੀ ਦੇ ਇੰਚਾਰਜ ਜਸਪ੍ਰੀਤ ਸਿੰਘ ਨੇ ਦੱਸਿਆ ਲੜਕੀਆਂ ਦੇ ਅੰਡਰ 14 ਸਾਲ ਵਰਗ ਵਿੱਚ ਫਰੀ ਸੋਟੀ ਵਿਅਕਤੀਗਤ ਅਤੇ ਫਰੀ ਸੋਟੀ ਟੀਮ ਵਿੱਚ ਪਹਿਲਾ ਸਥਾਨ ,ਅੰਡਰ 17 ਸਾਲ ਵਰਗ ਵਿੱਚ ਸਿੰਗਲ ਸੋਟੀ ਟੀਮ ਨੇ ਤੀਜਾ ਸਥਾਨ ,ਫਰੀ ਸੋਟੀ ਵਿਅਕਤੀਗਤ ਅਤੇ ਫਰੀ ਸੋਟੀ ਟੀਮ ਵਿੱਚ ਦੂਜਾ ਸਥਾਨ, ਅੰਡਰ 19 ਸਾਲ ਵਰਗ ਵਿੱਚ ਫਰੀ ਸੋਟੀ ਵਿਅਕਤੀਗਤ ਵਿੱਚ ਦੂਜਾ ਸਥਾਨ ਅਤੇ ਫਰੀ ਸੋਟੀ ਟੀਮ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ । ਇਸ ਤਰ੍ਹਾਂ ਲੜਕਿਆਂ ਦੇ ਅੰਡਰ 14 ਸਾਲ ਵਰਗ ਵਿੱਚ ਸਿੰਗਲ ਸੋਟੀ ਟੀਮ ਵਿੱਚ ਤੀਜਾ ਸਥਾਨ ,ਫਰੀ ਸੋਟੀ ਵਿਅਕਤੀਗਤ ਵਿੱਚ ਤੀਜਾ ਸਥਾਨ ਅਤੇ ਫਰੀ ਸੋਟੀ ਟੀਮ ਵਿੱਚ ਦੂਜਾ ਸਥਾਨ, ਅੰਡਰ 17 ਸਾਲ ਵਰਗ ਵਿੱਚ ਫਰੀ ਸੋਟੀ ਵਿਅਕਤੀਗਤ ਅਤੇ ਫਰੀ ਸੋਟੀ ਟੀਮ ਵਿੱਚ ਪਹਿਲਾ ਸਥਾਨ ਅਤੇ ਅੰਡਰ 19 ਵਰਗ ਵਿੱਚ ਸਿੰਗਲ ਸੋਟੀ ਵਿਅਕਤੀਗਤ ਵਿੱਚ ਅਤੇ ਫਰੀ ਸੋਟੀ ਵਿਅਕਤੀਗਤ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ।

ਇਸ ਮੌਕੇ ਤੇ ਡਾਇਰੈਕਟਰ ਗੁਰਬਚਨ ਸਿੰਘ ਵਲੋਂ ਗੱਤਕਾ ਕੋਚ ਗੁਰਵਿੰਦਰ ਸਿੰਘ ਅਤੇ ਸ਼ੈਰੀ ਸਿੰਘ ਦੀ ਬੱਚਿਆਂ ਨੂੰ ਕਰਵਾਈ ਗਈ ਮਿਹਨਤ ਲਈ ਸ਼ਲਾਘਾ ਕੀਤੀ ਅਤੇ ਬੱਚਿਆਂ ਨੂੰ ਉਨ੍ਹਾਂ ਦੀ ਪ੍ਰਾਪਤੀ ਲਈ ਮੁਬਾਰਕਬਾਦ ਦਿੱਤੀ ਅਤੇ ਪ੍ਰਿੰਸੀਪਲ ਹਰਦੀਪ ਸਿੰਘ ਵਲੋਂ ਬੱਚਿਆਂ ਨੂੰ ਵਧਾਈ ਦਿੰਦੇ ਹੋਏ ਹੋਰ ਮਿਹਨਤ ਕਰਨ ਲਈ ਪ੍ਰੇਰਿਆ ।ਇਸ ਮੌਕੇ ਤੇ ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

# ਭਾਸ਼ਾ ਵਿਭਾਗ ਪੰਜਾਬ ਵੱਲੋਂ ਪੰਜਾਬੀ ਭਾਸ਼ਾ ਦੇ ਸ਼ਬਦ-ਜੋੜਾਂ ਬਾਰੇ ਗੋਸ਼ਟੀ ਆਯੋਜਿਤ

> ➢ ਪ੍ਰਮਾਣਿਕ ਸ਼ਬਦ-ਜੋੜ: ਇੱਕ ਸੰਵਾਦ' ਵਿਸ਼ੇ ਤਹਿਤ ਵਿਦਵਾਨਾਂ ਨੇ ਕੀਤੀਆਂ ਨਿੱਠ ਕੇ ਵਿਚਾਰਾਂ
> ➢ ਪੰਜਾਬੀ ਭਾਸ਼ਾ ਦੇ ਸ਼ਬਦ-ਜੋੜਾਂ 'ਚ ਇਕਸਾਰਤਾ ਲਿਆਉਣ 'ਤੇ ਵਿਦਵਾਨਾਂ ਨੇ ਦਿੱਤਾ ਜ਼ੋਰ

**ਪਟਿਆਲਾ, 13 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਸ਼ਾ ਵਿਭਾਗ ਪੰਜਾਬ ਵੱਲੋਂ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਦੀ ਅਗਵਾਈ ਵਿੱਚ ਅੱਜ ਇੱਥੇ ਭਾਸ਼ਾ ਭਵਨ ਵਿਖੇ ਪੰਜਾਬੀ ਭਾਸ਼ਾ ਦੇ ਸ਼ਬਦ-ਜੋੜਾਂ ਬਾਰੇ 'ਪ੍ਰਮਾਣਿਕ ਸ਼ਬਦ-ਜੋੜ: ਇੱਕ ਸੰਵਾਦ' ਵਿਸ਼ੇ ਤਹਿਤ ਇੱਕ ਰੋਜ਼ਾ ਗੋਸ਼ਟੀ ਕਰਵਾਈ ਗਈ। ਜਿਸ ਦੌਰਾਨ ਪੰਜਾਬੀ ਦੇ ਨਾਮਵਰ ਵਿਦਵਾਨਾਂ ਨੇ ਸ਼ਬਦ-ਜੋੜਾਂ ਨਾਲ ਸਬੰਧਤ ਵੱਖ-ਵੱਖ ਪਹਿਲੂਆਂ 'ਤੇ ਚਰਚਾ ਕੀਤੀ। ਗੋਸ਼ਟੀ ਦੇ ਪਹਿਲੇ ਸੈਸ਼ਨ ਦੀ ਪ੍ਰਧਾਨਗੀ ਡਾ. ਸੁਖਵਿੰਦਰ ਸਿੰਘ ਸੰਘਾ ਨੇ ਅਤੇ ਦੂਸਰੇ ਸੈਸ਼ਨ ਦੀ ਪ੍ਰਧਾਨਗੀ ਡਾ. ਜੋਗਾ ਸਿੰਘ ਨੇ ਕੀਤੀ। ਗੋਸ਼ਟੀ ਦੌਰਾਨ ਸ਼ਬਦ-ਜੋੜਾਂ ਬਾਰੇ ਚਾਰ ਪੱਖ ਉੱਭਰਕੇ ਸਾਹਮਣੇ ਆਏ। ਜਿਨ੍ਹਾਂ ਵਿੱਚ ਪੰਜਾਬੀ ਭਾਸ਼ਾ ਦੇ ਸ਼ਬਦ-ਜੋੜਾਂ 'ਚ ਇਕਸਾਰਤਾ ਲਿਆਉਣ, ਜਿੱਥੇ ਪੈਰ ਬਿੰਦੀ ਅਰਥਾਂ 'ਚ ਫਰਕ ਨਹੀਂ ਪਾਉਂਦੀ ਉੱਥੇ ਵਰਤੋਂ ਤੋਂ ਗੁਰੇਜ਼ ਕੀਤਾ ਜਾਵੇ, ਜੋ ਸ਼ਬਦ ਪੰਜਾਬੀ ਕੋਲ ਹਨ ਉਨ੍ਹਾਂ ਦੀ ਥਾਂ ਹੋਰਨਾਂ ਭਾਸ਼ਾਵਾਂ ਦੇ ਸ਼ਬਦ ਵਰਤਣ ਤੋਂ ਸੰਕੋਚ ਕਰਨ ਅਤੇ ਡਾ. ਹਰਕੀਰਤ ਸਿੰਘ ਵਾਲੇ ਕੋਸ਼ ਨੂੰ ਲੋੜੀਂਦੀਆਂ ਸੋਧਾਂ ਕਰਕੇ ਮੰਨ ਲੈਣਾ ਚਾਹੀਦਾ ਹੈ।

ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਨੇ ਸਵਾਗਤੀ ਭਾਸ਼ਣ ਦੌਰਾਨ ਕਿਹਾ ਕਿ ਭਾਸ਼ਾ ਇੱਕ ਗਤੀਸ਼ੀਲ ਵਰਤਾਰਾ ਹੈ ਅਤੇ ਇਸ ਵਿੱਚ ਤਬਦੀਲੀਆਂ ਹੋਣੀਆਂ ਸੁਭਾਵਿਕ ਹਨ। ਇਨ੍ਹਾਂ ਤਬਦੀਲੀਆਂ 'ਤੇ ਵਿਦਵਾਨਾਂ ਦੌਰਾਨ ਸਹਿਮਤੀ ਅਸਹਿਮਤੀ ਹੋਣੀ ਸੁਭਾਵਿਕ ਹੈ ਪਰ ਬਦਲਾਅ ਬਾਰੇ ਵਿਚਾਰ ਚਰਚਾ ਹੁੰਦੀ ਰਹਿਣੀ ਚਾਹੀਦੀ ਹੈ। ਖੋਜ ਅਫ਼ਸਰ ਸਤਪਾਲ ਸਿੰਘ ਚਹਿਲ ਨੇ ਗੋਸ਼ਟੀ ਦੀ ਰੂਪ-ਰੇਖਾ ਤੇ ਲੋੜ ਬਾਰੇ ਜਾਣਕਾਰੀ ਦਿੱਤੀ। ਗੋਸ਼ਟੀ ਦੀ ਸ਼ੁਰੂਆਤ ਕਰਦਿਆਂ ਸ. ਜਗਤਾਰ ਸਿੰਘ ਸੋਖੀ ਨੇ 'ਪੰਜਾਬੀ ਸ਼ਬਦ-ਜੋੜਾਂ ਦੇ ਚੋਣਵੇਂ ਨਿਯਮਾਂ' ਸਬੰਧੀ ਦੋ ਅਹਿਮ ਮੁੱਦੇ ਉਠਾਏ। ਪਹਿਲਾ ਡਿਜੀਟਲ ਸਾਧਨਾਂ ਦੀ ਆਮਦ ਸਦਕਾ ਅਸੀਂ ਬਹੁਤ ਕਾਹਲੀ 'ਚ ਲਿਖਦੇ ਹਾਂ ਜਿਸ ਕਰਕੇ ਬਹੁਤ ਸਾਰੇ ਅੱਖਰ ਲਿਖਣ ਦੀ ਘੌਲ਼ ਕਰ ਜਾਂਦੇ ਹਾਂ ਤੇ ਸ਼ਬਦਾਂ 'ਚ ਵਿਗਾੜ ਪੈਦਾ ਹੋ ਜਾਂਦਾ ਹੈ। ਇਸੇ ਤਰ੍ਹਾਂ ਹੀ ਗੂਗਲ ਟਰਾਂਸਲੇਟਰ ਆਦਿ ਰਾਹੀਂ ਅਨੁਵਾਦ ਕਰਨ ਸਮੇਂ ਵੀ ਵਾਕ ਬਣਤਰ ਵਿਗੜ ਜਾਂਦੀ ਹੈ। ਇਸੇ ਕਰਕੇ ਅਜੋਕੇ ਦੌਰ 'ਚ ਸ਼ੁੱਧ ਪੰਜਾਬੀ ਸਿੱਖਣ ਵਾਲਿਆਂ ਦੀ ਗਿਣਤੀ ਬਹੁਤ ਘਟ ਗਈ ਹੈ। ਇੱਕ ਸਰਵੇਖਣ ਮੁਤਾਬਕ ਅੱਠਵੀਂ ਜਮਾਤ ਤੱਕ ਦੇ ਸਿਰਫ਼ ਤਿੰਨ ਫ਼ੀਸਦੀ ਵਿਦਿਆਰਥੀ ਹੀ ਸ਼ੁੱਧ ਪੰਜਾਬੀ ਲਿਖਦੇ ਹਨ। ਡਾ. ਆਸ਼ਾ ਕਿਰਨ ਨੇ 'ਪੰਜਾਬੀ ਭਾਸ਼ਾ ਵਿੱਚ ਦੂਜੀਆਂ ਭਾਸ਼ਾਵਾਂ ਤੋਂ ਆਈ ਸ਼ਬਦਾਵਲੀ ਦੇ ਸ਼ਬਦ-ਜੋੜ' ਵਿਸ਼ੇ 'ਤੇ ਬੋਲਦਿਆਂ ਕਿਹਾ ਕਿ ਭਾਸ਼ਾ ਸੁਚੇਤ ਰੂਪ 'ਚ ਲਿਆ ਜਾਣ ਵਾਲਾ ਵਰਤਾਰਾ ਹੈ ਅਤੇ ਇਸ ਦੇ ਲਹਿਜ਼ੇ ਵਿੱਚ ਵਖਰੇਵਾਂ ਹੋਣਾ ਸੁਭਾਵਿਕ ਹੈ। ਉਨ੍ਹਾਂ ਕਿਹਾ ਭਾਸ਼ਾ ਦੇ ਉਚਾਰਨ 'ਚ ਹੋਣ ਵਾਲੀਆਂ ਭਿੰਨਤਾਵਾਂ ਨੂੰ ਰੋਕਿਆ ਨਹੀਂ ਜਾ ਸਕਦਾ ਹੈ ਪਰ ਲਿਖਤੀ ਰੂਪ ਲਈ ਸਾਨੂੰ ਜ਼ਰੂਰ ਇਕਮੱਤ ਹੋ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਭਾਸ਼ਾ ਤੋਂ ਆਉਣ ਵਾਲੇ ਸ਼ਬਦਾਂ ਨੂੰ ਲਿਖਣ ਤੇ ਉਚਾਰਨ ਸਬੰਧੀ ਸੁਚੇਤ ਹੋਣਾ ਜ਼ਰੂਰੀ ਹੈ ਅਤੇ ਪੰਜਾਬੀ ਸ਼ਬਦ-ਜੋੜਾਂ 'ਚ ਦੂਸਰੀਆਂ ਭਾਸ਼ਾਵਾਂ ਤੋਂ ਆਏ ਸ਼ਬਦਾਂ ਨਾਲ ਸਬੰਧਤ ਸਮੱਸਿਆਵਾਂ ਵਧੇਰੇ ਹਨ।

ਸ. ਸੁਲੱਖਣ ਸਰਹੱਦੀ ਨੇ 'ਫ਼ਾਰਸੀ ਵੱਲੋਂ ਆਈਆਂ ਪੈਰੀਂ ਬਿੰਦੀਆਂ ਨੂੰ ਅਣਵਿਗਿਆਨਕ ਤੇ ਫ਼ਜ਼ੂਲ' ਕਰਾਰ ਦਿੰਦਿਆਂ ਕਿਹਾ ਕਿ ਇਸ ਸਬੰਧੀ ਕਿਸੇ ਵੀ ਅਕਾਦਮਿਕ ਸੰਸਥਾ ਵੱਲੋਂ ਕਰਵਾਏ ਗਏ ਖੋਜ ਕਾਰਜ 'ਚ ਕਿਧਰੇ ਵੀ ਬਿੰਦੀਆਂ ਦੀ ਆਮਦ ਸਬੰਧੀ ਕੋਈ ਪ੍ਰਮਾਣ ਨਹੀਂ ਮਿਲਦਾ। ਫਿਰ ਵੀ ਅਸੀਂ ਅੰਨੇਵਾਹ ਇਨ੍ਹਾਂ ਦੀ ਵਰਤੋਂ ਕਰ ਰਹੇ ਹਾਂ ਅਤੇ ਇਹ ਪੰਜਾਬੀ ਬੋਲੀ ਦਾ ਉਚਾਰਨ ਵਿਗਾੜ ਰਹੀਆਂ ਹਨ। ਸ. ਸਰਹੱਦੀ ਨੇ ਕਿਹਾ ਕਿ ਪੰਜਾਬੀ ਭਾਸ਼ਾ ਕੋਲ ਆਪਣੇ 35 ਅੱਖਰ ਹਨ ਜੋ ਹਰ ਤਰ੍ਹਾਂ ਦੀ ਧੁਨੀ ਦੇ ਸਮਰੱਥ ਹਨ। ਇਸ ਕਰਕੇ ਬਿੰਦੀਆਂ ਲਗਾਕੇ ਹੋਰ ਵਰਣ ਪੈਦਾ ਕਰਨ ਦੀ ਜ਼ਰੂਰਤ ਨਹੀਂ। ਡਾ. ਪਰਮਜੀਤ ਸਿੰਘ ਢੀਂਗਰਾ ਨੇ 'ਪੰਜਾਬੀ ਸ਼ਬਦ-ਜੋੜ ਮਸਲੇ, ਚੁਣੌਤੀਆਂ ਤੇ ਇਨ੍ਹਾਂ ਦੇ ਹੱਲ' ਵਿਸ਼ੇ ਦੇ ਬੋਲਦਿਆਂ ਕਿਹਾ ਕਿ ਭਾਸ਼ਾ ਵਿੱਚ ਨਿਰੰਤਰ ਤਬਦੀਲੀਆਂ ਹੁੰਦੀਆਂ ਰਹਿੰਦੀਆਂ ਹਨ। ਇਨ੍ਹਾਂ ਨੂੰ ਮਸਲਾ ਨਹੀਂ ਸਗੋਂ ਚੁਣੌਤੀਆਂ ਵਜੋਂ ਲੈਣਾ ਚਾਹੀਦਾ ਹੈ ਕਿਉਂਕਿ ਬਦਲਾਅ ਦੀ ਬਦੌਲਤ ਹੀ ਭਾਸ਼ਾ ਵਿਕਾਸ ਕਰਦੀ ਹੈ। ਉਨ੍ਹਾਂ ਕਿਹਾ ਕਿ ਲੋੜ ਹੈ ਮੀਡੀਆ 'ਚ ਸ਼ੁੱਧ ਸ਼ਬਦ-ਜੋੜ ਵਰਤੇ ਜਾਣ ਅਤੇ ਵਿਦਿਅਕ ਸੰਸਥਾਵਾਂ ਵੱਲੋਂ ਪੜ੍ਹਾਈ ਜਾਂਦੀ ਪੰਜਾਬੀ ਦੀਆਂ ਕਿਤਾਬਾਂ ਦੀ ਭਾਸ਼ਾ ਵੱਲ ਖਾਸ ਤੌਰ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਇਸ ਸੈਸ਼ਨ ਦੇ ਪ੍ਰਧਾਨਗੀ ਭਾਸ਼ਣ ਦੌਰਾਨ ਡਾ. ਸੁਖਵਿੰਦਰ ਸਿੰਘ ਸੰਘਾ ਨੇ 'ਪੰਜਾਬੀ ਧੁਨੀ ਵਿਉਂਤ ਅਤੇ ਗੁਰਮੁਖੀ ਲਿਪੀ ਬਾਰੇ ਸ਼ਬਦ-ਜੋੜਾਂ ਦੇ ਪ੍ਰਸੰਗ ਵਿੱਚ ਬੋਲਦਿਆ ਕਿਹਾ ਕਿ ਭਾਸ਼ਾ ਵਿਗਿਆਨਿਕ ਤੌਰ 'ਤੇ ਸ਼ਬਦ ਜੋੜ ਪ੍ਰਮਾਣਿਕ ਨਹੀਂ ਹੋ ਸਕਦੇ ਸਗੋਂ ਪ੍ਰਵਾਨਿਤ ਹੋ ਸਕਦੇ ਹਨ ਕਿਉਂਕਿ ਹਰੇਕ ਭਾਸ਼ਾ ਦੇ ਸ਼ਬਦਾਂ 'ਚ ਨਿਰੰਤਰ ਤਬਦੀਲੀਆਂ ਹੁੰਦੀਆਂ ਰਹਿੰਦੀਆਂ ਹਨ। ਉਨ੍ਹਾਂ ਇੱਕ ਚਿੰਨ੍ਹ ਇੱਕ ਧੁਨੀ ਦੇ ਸਿਧਾਂਤ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਕਈ ਭਾਸ਼ਾਵਾਂ ਦੀਆਂ ਇੱਕ ਤੋਂ ਵੱਧ ਲਿਪੀਆਂ ਹਨ ਅਤੇ ਕਈ ਲਿਪੀਆਂ 'ਚ ਬਹੁਤ ਸਾਰੀਆਂ ਭਾਸ਼ਾਵਾਂ ਲਿਖੀਆਂ ਜਾਂਦੀਆਂ ਹਨ। ਪੰਜਾਬੀ ਵੀ ਭਾਵੇਂ ਦੋ ਲਿਪੀਆਂ 'ਚ ਲਿਖੀ ਜਾ ਰਹੀ ਹੈ ਪਰ ਗੁਰਮੁਖੀ ਲਿਪੀ ਇਸ ਲਈ ਸਭ ਤੋਂ ਢੁਕਵੀਂ ਤੇ ਵਿਗਿਆਨਿਕ ਹੈ। ਗੁਰਮੁਖੀ ਲਿਪੀ ਨੇ ਇਤਿਹਾਸਿਕ ਤੇ ਧਾਰਮਿਕ ਵਿਰਾਸਤ ਵੀ ਸੰਭਾਲੀ ਹੋਈ ਹੈ ਅਤੇ ਇਹ ਸੁਚੇਤ ਪੱਧਰ 'ਤੇ ਪੰਜਾਬੀ ਲਈ ਹੀ ਘੜੀ ਗਈ ਸੀ। ਡਾ. ਸੰਘਾ ਨੇ ਕਿਹਾ ਕਿ ਹੋਰਨਾਂ ਭਾਸ਼ਾਵਾਂ ਤੋਂ ਸ਼ਬਦ ਲੈਣੇ ਚਾਹੀਦੇ ਹਨ ਪਰ ਵਿਆਕਰਣ ਤੇ ਧੁਨੀ ਨਹੀਂ ਲੈਣੀ ਚਾਹੀਦੀ।ਇਸ ਸੈਸ਼ਨ ਦਾ ਮੰਚ ਸੰਚਾਲਨ ਖੋਜ ਅਫ਼ਸਰ ਡਾ. ਮਨਜਿੰਦਰ ਸਿੰਘ ਨੇ ਕੀਤਾ।



# ਮਹਾਨਗਰ ਨੂੰ ਬਿਜਲੀ ਸੰਕਟ ਤੋਂ ਉਭਾਰਨ 'ਚ ਮਦਦ ਕਰਨ ਲਈ 1,171 ਕਰੋੜ ਰੁਪਏ ਦੇ 9 ਪ੍ਰਾਜੈਕਟਾਂ ਦਾ ਉਦਘਾਟਨ

**ਕੌਮੀ ਪਤ੍ਰਿਕਾ**

ਲੁਧਿਆਣਾ 13 ਅਕਤੂਬਰ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਬਿਜਲੀ ਮੰਤਰੀ ਸੰਜੀਵ ਅਰੋੜਾ ਨੇ ਪੰਜਾਬ ਦੇ ਉਦਯੋਗਿਕ ਸ਼ਹਿਰ ਨੂੰ 24 ਘੰਟੇ ਨਿਰਵਿਘਨ ਬਿਜਲੀ ਸਪਲਾਈ ਪ੍ਰਦਾਨ ਕਰ ਕੇ ਇਤਿਹਾਸ ਰਚਿਆ ਹੈ। ਪੰਜਾਬ ਸਰਕਾਰ ਦੀ ਅਗਵਾਈ ਹੇਠ ਪਾਵਰਕਾਮ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨੇ ਲੁਧਿਆਣਾ 'ਚ ਬੀਤੇ ਦਿਨ ਨੀਂਹ ਪੱਥਰ ਰੱਖਿਆ। ਪ੍ਰਾਜੈਕਟ ਦੀ ਸ਼ੁਰੂਆਤ ਨਾ ਸਿਰਫ਼ ਜਨਤਾ ਨੂੰ ਅਣ-ਐਲਾਨੇ ਬਿਜਲੀ ਕੱਟਾਂ ਤੋਂ ਰਾਹਤ ਪ੍ਰਦਾਨ ਕਰੇਗੀ, ਸਗੋਂ ਸ਼ਹਿਰ ਨੂੰ ਨਵੀਂ ਊਰਜਾ ਵੀ ਪ੍ਰਦਾਨ ਕਰੇਗੀ। ਇਸ ਜਾਣਕਾਰੀ ਦਾ ਖੁਲਾਸਾ ਕਰਦੇ ਹੋਏ ਪੰਜਾਬ ਰਾਜ ਬਿਜਲੀ ਨਿਗਮ ਦੇ ਮੁੱਖ ਇੰਜੀਨੀਅਰ ਜਗਦੇਵ ਸਿੰਘ ਹਾਂਸ ਨੇ ਕਿਹਾ ਕਿ ਸਰਕਾਰ ਨੇ ਮਹਾਨਗਰ ਨੂੰ ਬਿਜਲੀ ਸੰਕਟ 'ਚੋਂ ਬਾਹਰ ਕੱਢਣ 'ਚ ਮਦਦ ਕਰਨ ਲਈ 1,171 ਕਰੋੜ ਰੁਪਏ ਦੇ ਪ੍ਰਾਜੈਕਟ ਦਾ ਐਲਾਨ ਕੀਤਾ ਹੈ। 100 ਕਰੋੜ ਰੁਪਏ ਦੀ ਲਾਗਤ ਵਾਲੇ 9 ਵੱਖ-ਵੱਖ ਪ੍ਰਾਜੈਕਟਾਂ ਦਾ ਰਸਮੀ ਉਦਘਾਟਨ ਕੀਤਾ ਗਿਆ। ਸਰਕਾਰ ਦੀ ਇਹ ਪਹਿਲ ਸ਼ਹਿਰ ਦੇ ਕਾਰੋਬਾਰ ਅਤੇ ਵਿਕਾਸ ਪ੍ਰਾਜੈਕਟਾਂ ਨੂੰ ਇਕ ਨਵੀਂ ਗਤੀ ਦੇਵੇਗੀ। ਮੁੱਖ ਇੰਜੀਨੀਅਰ ਨੇ ਕਿਹਾ ਕਿ ਸਰਕਾਰ ਅਤੇ ਪਾਵਰਕਾਮ ਵਿਭਾਗ ਆਮ ਜਨਤਾ ਨੂੰ ਨਿਰਵਿਘਨ 24 ਘੰਟੇ ਬਿਜਲੀ ਸਪਲਾਈ ਪ੍ਰਦਾਨ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਲੁਧਿਆਣਾ 'ਚ ਬਿਜਲੀ ਸਪਲਾਈ ਨੂੰ ਹੋਰ ਮਜ਼ਬੂਤ, ਭਰੋਸੇਮੰਦ ਅਤੇ ਨਿਰਵਿਘਨ ਬਣਾਉਣ ਲਈ ਪੰਜਾਬ ਰਾਜ ਬਿਜਲੀ ਨਿਗਮ ਵਲੋਂ ਸਾਰੇ ਪ੍ਰਾਜੈਕਟ ਲਾਗੂ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਲੁਧਿਆਣਾ ਉੱਤਰੀ ਦੇ ਵਿਧਾਇਕ ਮਦਨ ਲਾਲ ਬੱਗਾ ਨੇ 66 ਕੇ. ਵੀ. ਜੀ. ਟੀ. ਰੋਡ ਸਬ-ਸਟੇਸ਼ਨ ਤੋਂ 2 ਨਵੇਂ ਫੀਡਰ ਚਾਲੂ ਕੀਤੇ, ਲੁਧਿਆਣਾ ਕੇਂਦਰੀ ਦੇ ਵਿਧਾਇਕ ਅਸ਼ੋਕ



ਪਰਾਸ਼ਰ ਪੱਪੀ ਨੇ 66 ਕੇ. ਵੀ. ਪੁਰਾਣੇ ਜੇਲ ਰੋਡ ਸਬ-ਸਟੇਸ਼ਨ ਤੋਂ 11 ਕੇ. ਵੀ. ਜੱਸਲ ਹਾਊਸ ਫੀਡਰ ਚਾਲੂ ਕੀਤਾ, ਲੁਧਿਆਣਾ ਪੂਰਬੀ ਦੇ ਵਿਧਾਇਕ ਦਲਜੀਤ ਸਿੰਘ ਗਰੇਵਾਲ ਨੇ 66 ਕੇ. ਵੀ. ਨੂਰ ਵਾਲਾ ਸਬ-ਸਟੇਸ਼ਨ ਤੋਂ 3 ਨਵੇਂ 11 ਕੇ. ਵੀ. ਫੀਡਰ ਚਾਲੂ ਕੀਤੇ, ਵਿਧਾਨ ਸਭਾ ਹਲਕਾ ਆਤਮ ਨਗਰ ਦੇ ਵਿਧਾਇਕ ਕੁਲਵੰਤ ਸਿੰਘ ਸਿੱਧੂ ਨੇ 11 ਕੇ. ਵੀ. ਦੁੱਗਰੀ ਸਬ-ਸਟੇਸ਼ਨ ਤੋਂ ਇਕ ਨਵਾਂ ਫੀਡਰ ਚਾਲੂ ਕੀਤਾ। ਹਲਕਾ ਦੱਖਣੀ 'ਚ ਵਿਧਾਇਕ ਰਾਜਿੰਦਰਪਾਲ ਕੌਰ ਛੀਨਾ ਨੇ 66 ਕੇ. ਵੀ. ਸਬ-ਸਟੇਸ਼ਨ ਕੰਗਣਵਾਲ ਤੋਂ ਇਕ ਨਵਾਂ ਫੀਡਰ ਚਾਲੂ ਕੀਤਾ ਹੈ, ਸਾਹਨੇਵਾਲ ਵਿਧਾਨ ਸਭਾ ਹਲਕੇ 'ਚ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ 66 ਕੇ. ਵੀ. ਸਬ-ਸਟੇਸ਼ਨ ਫੇਜ਼-7 'ਤੇ 20 ਐੱਮ. ਵੀ. ਏ. ਪਾਵਰ ਟ?ਰਾਂਸਫਾਰਮਰ ਨੂੰ 31.5 ਐੱਮ. ਵੀ. ਏ ਵਿਚ ਅਪਗ੍ਰੇਡ ਕੀਤਾ ਹੈ, ਖੰਨਾ ਡਵੀਜ਼ਨ ਅਤੇ ਫਤਹਿਗੜ੍ਹ ਸਾਹਿਬ 'ਚ ਹੜ੍ਹ ਸੁਰੱਖਿਆ ਕੰਧਾਂ ਦੇ ਉਦਘਾਟਨ ਦੇ ਨਾਲ ਨਵੇਂ 200 ਕੇ. ਵੀ. ਏ. ਟ?ਰਾਂਸਫਾਰਮਰ ਲਗਾਏ ਗਏ ਹਨ। ਨਵੇਂ ਫੀਡਰਾਂ ਦੀ ਸਥਾਪਨਾ ਸਬੰਧਤ ਇਲਾਕਿਆਂ 'ਚ ਬਿਜਲੀ ਸਪਲਾਈ 'ਚ ਕਾਫੀ ਸੁਧਾਰ ਹੋਇਆ ਹੈ। ਇਸ ਮੌਕੇ ਕੌਂਸਲਰ ਅਮਨ ਬੱਗਾ, ਕੌਂਸਲਰ ਮਨਜੀਤ ਸਿੰਘ ਢਿੱਲੋਂ, ਕੌਂਸਲਰ ਲਵਲੀ ਮਨੋਚਾ, ਕੌਂਸਲਰ ਨਿੱਕੂ ਭਾਰਤੀ, ਚੀਫ ਇੰਜੀਨੀਅਰ ਐੱਚ. ਐੱਸ. ਬੋਪਾਰਾਏ, ਚੀਫ ਇੰਜੀਨੀਅਰ ਕੁਲਦੀਪ ਸਿੰਘ, ਚੀਫ ਇੰਜੀਨੀਅਰ ਅਰਵਿੰਦਰਪਾਲ ਸਿੰਘ, ਉਪ ਮੁੱਖ ਇੰਜੀਨੀਅਰ ਈਸਟ ਸੁਰਜੀਤ ਸਿੰਘ, ਉਪ ਮੁੱਖ ਪੱਛਮ ਇੰਜੀਨੀਅਰ ਕੁਲਵਿੰਦਰ ਸਿੰਘ, ਉਪ ਮੁੱਖ ਇੰਜੀਨੀਅਰ ਜਸਬੀਰ ਸਿੰਘ ਧੀਮਾਨ, ਉਪ ਮੁੱਖ ਇੰਜੀਨੀਅਰ ਬਲਜਿੰਦਰ ਸਿੰਘ, ਕਾਰਜਕਾਰੀ ਇੰਜੀਨੀਅਰ ਆਗਰਾ ਨਗਰ ਦਲਜੀਤ ਸਿੰਘ, ਫੋਕਲ ਪੁਆਇੰਟ ਦੇ ਕਾਰਜਕਾਰੀ ਅਮਰਿੰਦਰ ਸਿੰਘ ਸੰਧੂ, ਕਾਰਜਕਾਰੀ ਇੰਜੀਨੀਅਰ ਸਿਟੀ ਵੈਸਟ ਗੁਰਮਨਪ੍ਰੀਤ ਸਿੰਘ ਕਾਰਜਕਾਰੀ ਇੰਜੀਨੀਅਰ ਅਸਟੇਟ ਇੰਜੀਨੀਅਰ ਗੁਰਮਨਪ੍ਰੀਤ ਸਿੰਘ, ਕਾਰਜਕਾਰੀ ਇੰਜੀਨੀਅਰ ਸੁੰਦਰ ਨਗਰ ਜਗਮੋਹਨ ਸਿੰਘ ਜੰਡੂ ਆਦਿ ਹਾਜ਼ਰ ਸਨ।

## ਸਿਹਤ ਵਿਭਾਗ ਵੱਲੋਂ ਡੇਂਗੂ ਵਿਰੋਧੀ ਜਾਗਰੂਕਤਾ ਮੁਹਿੰਮ ਜਾਰੀ

ਰਾਮਪੁਰਾ ਫੂਲ 12 ਅਕਤੂਬਰ। ਸਿਵਲ ਸਰਜਨ ਬਠਿੰਡਾ ਡਾਕਟਰ ਤਪਿੰਦਰਜੋਤ ਕੌਂਸਲ, ਜ਼ਿਲ੍ਹਾ ਸਿਹਤ ਅਫ਼ਸਰ ਡਾ. ਊਸ਼ਾ ਗੋਇਲ, ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਸੁਕਰੀਤੀ ਸ਼ਰਮਾ, ਸੀਨੀਅਰ ਮੈਡੀਕਲ ਅਫ਼ਸਰ ਰਾਮਪੁਰਾ ਫੂਲ ਡਾ. ਗੁਰਪ੍ਰੀਤ ਸਿੰਘ ਮਾਹਿਲ ਅਤੇ ਸੀਨੀਅਰ ਮੈਡੀਕਲ ਅਫ਼ਸਰ ਭਗਤਾ ਭਾਈਕਾ ਡਾ. ਸੀਮਾ ਗੁਪਤਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਸ਼ਹਿਰ ਰਾਮਪੁਰਾ ਫੂਲ ਵਿਖੇ ਮੱਛਰਾਂ ਦੀ ਪੈਦਾਵਾਰ ਨੂੰ ਰੋਕਣ ਲਈ ਜਾਗਰੂਕ ਕੀਤਾ ਗਿਆ। ਇਸ ਮੌਕੇ



ਮਲਟੀਪਰਪਜ਼ ਹੈਲਥ ਸੁਪਰਵਾਈਜ਼ਰ ਬਲਵੀਰ ਸਿੰਘ ਸੰਧੂ ਕਲਾਂ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਟੀਮਾਂ ਬਣਾ ਕੇ ਰਾਮਪੁਰਾ ਫੂਲ ਵਿਖੇ ਘਰਾਂ ਅਤੇ ਜਨਤਕ ਥਾਵਾਂ ਦੀ ਵਿਜ਼ਿਟ ਕਰ ਕੇ ਮੱਛਰਾਂ ਦੀ ਪੈਦਾਇਸ਼ ਵਾਲੀਆਂ ਥਾਵਾਂ ਦੀ ਸ਼ਨਾਖਤ ਕਰਕੇ ਮੱਛਰਾਂ ਦੇ ਪਨਪਣ ਦੇ ਆਸਾਰ ਵਾਲੀਆ ਥਾਵਾਂ ਦੀ ਮੌਕੇ 'ਤੇ ਸਫ਼ਾਈ ਕਰਵਾਈ ਜਾ ਰਹੀ ਹੈ, ਤਾਂ ਜੋ ਸਮਾਜ ਨੂੰ ਡੇਂਗੂ, ਮਲੇਰੀਆ ਤੋਂ ਬਚਾਇਆ ਜਾ ਸਕੇ, ਲੋਕਾਂ ਨੂੰ ਆਪੋ ਆਪਣੇ ਘਰਾਂ ਅਤੇ ਘਰਾਂ ਦੇ ਆਲੇ-ਦੁਆਲੇ ਸਫ਼ਾਈ ਰੱਖਣ ਲਈ ਵੀ ਜਾਗਰੂਕ ਕੀਤਾ ਜਾ ਰਿਹਾ। ਇਸ ਮੌਕੇ ਮਲਟੀਪਰਪਜ਼ ਹੈਲਥ ਵਰਕਰਜ਼ ਜਸਵਿੰਦਰ ਸਿੰਘ, ਨਰਪਿੰਦਰ ਸਿੰਘ, ਵਿਨੋਦ ਕੁਮਾਰ ਮੌਜੂਦ ਸਨ।

## ਪ੍ਰਕਾਸ਼ ਪੁਰਬ ਮੌਕੇ ਵੱਖ-ਵੱਖ ਸੇਵਾਵਾਂ ਨਿਭਾਉਣ ਵਾਲੀਆਂ ਸੰਗਤਾਂ ਦਾ ਐਡਵੋਕੇਟ ਧਾਮੀ ਨੇ ਕੀਤਾ ਧੰਨਵਾਦ

ਅੰਮ੍ਰਿਤਸਰ 13 ਅਕਤੂਬਰ। ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਪ੍ਰਕਾਸ਼ ਗੁਰਪੁਰਬ ਮੌਕੇ ਪ੍ਰਬੰਧਾਂ ਵਿਚ ਸਹਿਯੋਗ ਕਰਨ ਲਈ ਸੇਵਾ ਨਿਭਾਉਣ ਵਾਲੀਆਂ ਸਮੂਹ ਸੰਗਤਾਂ, ਮਹਾਂਪੁਰਖ ਅਤੇ ਸੇਵਾ ਸੁਸਾਇਟੀਆਂ ਸ਼?ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਧੰਨਵਾਦ ਕੀਤਾ। ਐਡਵੋਕੇਟ ਧਾਮੀ ਨੇ ਕਿਹਾ ਕਿ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਗੁਰਪੁਰਬ ਮੌਕੇ ਦੇਸ਼ ਵਿਦੇਸ਼ ਤੋਂ ਲੱਖਾਂ ਸੰਗਤਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਪੁੱਜਦੀਆਂ ਹਨ। ਉਨ੍ਹਾਂ ਕਿਹਾ ਕਿ ਵੱਡੀ ਗਿਣਤੀ ਵਿਚ ਆਈਆਂ ਸੰਗਤਾਂ ਲਈ ਪ੍ਰਬੰਧ ਕਰਨੇ ਇਕ ਵੱਡੀ ਜ਼ੁੰਮੇਵਾਰੀ ਹੁੰਦੀ ਹੈ, ਜੋ ਸੰਗਤ ਦੇ ਸਹਿਯੋਗ ਨਾਲ ਹੀ ਨਿਭਾਈ



ਜਾਂਦੀ ਹੈ। ਐਡੋਵਕੇਟ ਧਾਮੀ ਨੇ ਗੁਰਪੁਰਬ ਸਮੇਂ ਵੱਖ ਵੱਖ ਸੇਵਾਵਾਂ ਵਿਚ ਹਿੱਸਾ ਪਾਉਣ ਵਾਲੀਆਂ ਸੰਗਤਾਂ, ਕਾਰਸੇਵਾ ਵਾਲੇ ਮਹਾਂਪੁਰਖ, ਧਾਰਮਿਕ ਸ਼ਖ਼ਸੀਅਤਾਂ, ਸਮੂਹ ਸਭਾ ਸੁਸਾਇਟੀਆਂ, ਗਤਕਾ ਅਖਾੜਿਆਂ, ਲੰਗਰਾਂ ਦੀ ਸੇਵਾ ਨਿਭਾਉਣ ਵਾਲੀ ਸੰਗਤ, ਸ੍ਰੀ ਦਰਬਾਰ ਸਾਹਿਬ ਦੇ ਕੰਪਲੈਕਸ ਸਮੇਤ ਸ਼ਹਿਰ ਵਿਚ ਲਾਈਟਾਂ, ਫੁੱਲਾਂ ਦੀ ਡੈਕੋਰੇਸ਼ਨ ਕਰਨ ਵਾਲੇ, ਰਿਹਾਇਸ਼ ਦੇ ਪ੍ਰਬੰਧ ਕਰਨ ਲਈ ਹੋਟਲ ਐਸੋਸੀਏਸ਼ਨ, ਪ੍ਰਸਾਸ਼ਨ, ਨਗਰ ਨਿਗਮ, ਲੱਡੂਆਂ ਦੀ ਸੇਵਾ ਕਰਨ ਵਾਲੇ, ਨਗਰ ਕੀਰਤਨ ਸਮੇਂ ਚੱਲਣ ਵਾਲੀਆਂ ਗੱਡੀਆਂ ਦੀ ਸੇਵਾ ਕਰਨ ਲਈ ਲੁਧਿਆਣੇ ਦੀ ਸੰਗਤ, ਜੋੜਾ ਘਰ, ਗੱਠੜੀ ਘਰ ਵਿਖੇ ਸੇਵਾ ਨਿਭਾਉਣ ਵਾਲਿਆਂ, ਲੋਕਲ ਗੁਰਦੁਆਰਾ ਕਮੇਟੀਆਂ, ਨਗਰ ਕੀਰਤਨ ਸਮੇਂ ਸਜਾਵਟੀ ਗੇਟ ਅਤੇ ਲੰਗਰ ਲਗਾਉਣ ਵਾਲੀਆਂ ਕਮੇਟੀਆਂ, ਸ਼ਬਦ ਚੌਂਕੀ ਜਥੇ, ਸੁਖਮਨੀ ਸਾਹਿਬ ਸੇਵਾ ਸੁਸਾਇਟੀਆਂ ਦੇ ਨਾਲ ਨਾਲ ਵੱਖ-ਵੱਖ ਸੇਵਾਵਾਂ ਕਰਨ ਵਾਲੀ ਬੰਬੇ, ਚੰਬੇ ਅਤੇ ਸਿੰਘੜੇ ਦੀ ਸੰਗਤ ਸਮੇਤ ਆਤਿਸ਼ਬਾਜ਼ੀ ਦੀ ਸੇਵਾ ਵਾਸਤੇ ਇੰਦੌਰ ਦੀ ਸੰਗਤ ਤੇ ਸ੍ਰੀ ਦਰਬਾਰ ਸਾਹਿਬ ਅਤੇ ਸ਼?ਰੋਮਣੀ ਕਮੇਟੀ ਦੇ ਸਮੁੱਚੇ ਸਟਾਫ ਦਾ ਵੀ ਧੰਨਵਾਦ ਕੀਤਾ। ਇਸੇ ਦੌਰਾਨ ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਕਿਹਾ ਕਿ ਜਿਥੇ ਚੌਥੇ ਪਾਤਸ਼ਾਹ ਜੀ ਦੇ ਪ੍ਰਕਾਸ਼ ਪੁਰਬ ਮੌਕੇ ਲੱਖਾਂ ਸੰਗਤਾਂ ਨੇ ਨਤਮਸਤਕ ਹੋ ਕੇ ਗੁਰੂ ਸਾਹਿਬ ਪ੍ਰਤੀ ਸ਼ਰਧਾ ਪ੍ਰਗਟਾਈ ਹੈ, ਉਥੇ ਹੀ ਸੰਗਤਾਂ ਅਤੇ ਸਭਾ-ਸੁਸਾਇਟੀਆਂ ਵੱਲੋਂ ਸੇਵਾਵਾਂ ਵਿਚ ਵੀ ਵੱਡਾ ਯੋਗਦਾਨ ਪਾਇਆ ਹੈ। ਉਨ੍ਹਾਂ ਅੱਗੋਂ ਵੀ ਸੰਗਤਾਂ ਪਾਸੋਂ ਇਸੇ ਤਰ੍ਹਾਂ ਸਹਿਯੋਗ ਦੀ ਆਸ ਪ੍ਰਗਟਾਈ।

## ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਸਾਨੂੰ ਆਜ਼ਾਦੀ, ਧਰਮ ਤੇ ਇਨਸਾਫ਼ ਲਈ ਲੜਨ ਦੀ ਪ੍ਰੇਰਣਾ ਦਿੱਤੀ

ਖੰਨਾ 13 ਅਕਤੂਬਰ। ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਲਾਸਾਨੀ ਸ਼ਹਾਦਤ ਦੇ 350 ਸਾਲਾਂ ਨੂੰ ਸਮਰਪਿਤ ਰਾਜ ਪੱਧਰੀ ਸਮਾਗਮ ਦੀਆਂ ਤਿਆਰੀਆਂ ਨੂੰ ਮੁੱਖ ਰੱਖਦੇ ਹੋਏ ਜ਼ਿਲ੍ਹਾ ਗੁਰਦਾਸਪੁਰ ਅਤੇ ਜ਼ਿਲ੍ਹਾ ਅੰਮ੍ਰਿਤਸਰ ਦੀ ਵਿਸ਼ਾਲ ਰੀਵਿਊ ਮੀਟਿੰਗ ਕੀਤੀ ਗਈ। ਇਸ ਮੀਟਿੰਗ ਦੀ ਪ੍ਰਧਾਨਗੀ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕੀਤੀ। ਮੀਟਿੰਗ ਵਿਚ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ, ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ., ਦੀਪਕ ਬਾਲੀ (ਐਡਵਾਈਜ਼ਰ ਟੂਰਿਜ਼ਮ ਅਤੇ ਕਲਚਰ ਵਿਭਾਗ), ਆਪ ਕਾਰਜਕਾਰੀ ਪ੍ਰਧਾਨ ਤੇ ਬਟਾਲਾ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਵਿਧਾਇਕ ਜਸਵਿੰਦਰ ਸਿੰਘ, ਗੁਰਦਾਸਪੁਰ ਜ਼ਿਲ੍ਹਾ ਪ੍ਰਧਾਨ ਅਤੇ ਪਲਾਨਿੰਗ ਬੋਰਡ ਚੇਅਰਮੈਨ ਜੋਬਨ ਰੰਧਾਵਾ ਸਮੇਤ ਵੱਖ-ਵੱਖ ਹਲਕਾ ਇੰਚਾਰਜ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ। ਇਸ ਮੌਕੇ ਅੰਮ੍ਰਿਤਸਰ ਦੇ ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ, ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ, ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰ ਜੀਤ ਸਿੰਘ, ਐੱਸ.ਐੱਸ.ਪੀ. ਅੰਮ੍ਰਿਤਸਰ ਦਿਹਾਤੀ ਮਨਿੰਦਰ ਸਿੰਘ, ਐੱਸ.ਐੱਸ.ਪੀ. ਗੁਰਦਾਸਪੁਰ ਅਦਿਤਯਾ ਕੁਮਾਰ, ਐੱਸ.ਐੱਸ.ਪੀ. ਬਟਾਲਾ ਸੋਹੇਲ ਮੀਰ ਅਤੇ ਵੱਖ-ਵੱਖ ਵਿਭਾਗਾਂ ਦੇ ਅਫ਼ਸਰ ਵੀ ਮੌਜੂਦ ਸਨ।

## ਕਾਨਪੁਰ ਤੋਂ ਚੱਲ ਰਿਹਾ ਸੀ ਨਕਲੀ ਦਵਾਈਆਂ ਦਾ ਕਾਲਾ ਕਾਰੋਬਾਰ, ਫਾਰਮਾ ਮਾਲਿਕ ਦੀ ਬੇਟੀ ਨਿਕਲੀ ਸਰਗਣਾ

**ਕੌਮੀ ਪਤ੍ਰਿਕਾ**

ਲੁਧਿਆਣਾ 12 ਅਕਤੂਬਰ। ਦੇਸ਼ ਦੇ ਕਈ ਸੂਬਿਆਂ 'ਚ ਫੈਲਿਆ ਨਕਲੀ ਦਵਾਈਆਂ ਦੀ ਸਪਲਾਈ ਦਾ ਵੱਡਾ ਨੈੱਟਵਰਕ ਕਾਨਪੁਰ ਤੋਂ ਚਲਾਇਆ ਜਾ ਰਿਹਾ ਸੀ। ਇਹ ਪੂਰਾ ਗੋਰਖਧੰਦਾ ਕਿਸੇ ਹੋਰ ਦਾ ਨਹੀਂ, ਸਗੋਂ ਸ਼?ਰੀਲਕਸ਼ਮੀ ਫਾਰਮਾ ਦੇ ਮਾਲਕ ਰਾਹੁਲ ਅਗਰਵਾਲ ਦੀ ਬੇਟੀ ਵਰਤਿਕਾ ਅਗਰਵਾਲ ਦੇ ਇਸ਼ਾਰੇ 'ਤੇ ਚੱਲ ਰਿਹਾ ਸੀ। ਵਰਤਿਕਾ ਆਪਣੇ ਦੋਸਤ ਮੁਹੰਮਦ ਹਸਨ ਜ਼ਰੀਏ ਪੰਜਾਬ, ਗੁਜਰਾਤ, ਹਰਿਆਣਾ, ਬਿਹਾਰ, ਮੱਧ-ਪ੍ਰਦੇਸ਼ ਸਮੇਤ ਕਈ ਸੂਬਿਆਂ 'ਚ ਨਕਲੀ ਦਵਾਈਆਂ ਸਪਲਾਈ ਕਰਵਾਉਂਦੀ ਸੀ। ਸਪੈਸ਼ਲ ਟਾਸਕ ਫੋਰਸ ਲੁਧਿਆਣਾ ਰੇਂਜ ਨੇ ਇਸ ਗੋਰਖਧੰਦੇ ਦਾ ਪਰਦਾਫਾਸ਼ ਕਰਦੇ ਹੋਏ ਵਰਤਿਕਾ ਅਗਰਵਾਲ ਨੂੰ ਗ੍ਰਿਫਤਾਰ ਕੀਤਾ ਹੈ। ਅਦਾਲਤ 'ਚ ਪੇਸ਼ ਕਰਨ ਤੋਂ ਬਾਅਦ ਉਸ ਨੂੰ 3 ਦਿਨ ਦੇ ਪੁਲਸ ਰਿਮਾਂਡ 'ਤੇ ਭੇਜ ਦਿੱਤਾ ਗਿਆ ਹੈ। ਐੱਸ. ਟੀ. ਐੱਫ. ਦੇ ਐੱਸ. ਆਈ. ਨਰੇਸ਼ ਕੁਮਾਰ ਨੇ ਦੱਸਿਆ ਕਿ ਅਗਸਤ 'ਚ ਨਸ਼ੇ ਦੇ ਨਾ ਫੜੇ ਗਏ ਇਕ ਮੁਲਜ਼ਮ ਦੀ ਗ੍ਰਿਫਤਾਰੀ ਤੋਂ ਬਾਅਦ ਹੋਈ ਪੁੱਛਗਿੱਛ ਅਤੇ ਜਾਂਚ 'ਚ ਇਸ ਨੈੱਟਵਰਕ ਦਾ ਖੁਲਾਸਾ ਹੋਇਆ ਸੀ। ਜਾਂਚ 'ਚ ਪਤਾ ਲੱਗਾ ਕਿ ਇਹ ਪੂਰਾ ਧੰਦਾ ਕਾਨਪੁਰ ਤੋਂ ਆਪ੍ਰੇਟ ਹੁੰਦਾ ਹੈ ਅਤੇ ਦੇਸ਼ ਦੇ ਕਈ ਸ਼ਹਿਰਾਂ ਤੱਕ ਫੈਲਿਆ ਹੋਇਆ ਹੈ। ਕਾਨਪੁਰ ਦੇ ਬਿਰਹਾਨਾ ਰੋਡ ਸਥਿਤ 3 ਮੰਜ਼ਿਲਾ ਇਮਾਰਤ 'ਚ ਹੀ ਨਕਲੀ ਦਵਾਈਆਂ ਦੀ ਫੈਕਟਰੀ ਚੱਲ ਰਹੀ ਸੀ। ਇਸੇ ਇਮਾਰਤ 'ਚ ਲੱਗੀਆਂ ਮਸ਼ੀਨਾਂ 'ਤੇ ਦਵਾਈਆਂ ਤਿਆਰ ਕੀਤੀਆਂ ਜਾਂਦੀਆਂ ਸਨ ਅਤੇ ਫਿਰ ਬ੍ਰਾਂਡਿਡ ਕੰਪਨੀਆਂ ਦੇ ਸਟੀਕਰ ਲਾ ਕੇ ਪੈਕਿੰਗ ਕੀਤੀ ਜਾਂਦੀ ਸੀ ਤਾਂਕਿ ਅਸਲੀ ਵਰਗੀਆਂ ਦਿਸਣ। ਪਹਿਲਾਂ ਪੁਲਸ ਨੇ




ਅਹਿਮਦਾਬਾਦ 'ਚ ਵੀ ਛਾਪੇਮਾਰੀ ਕਰ ਕੇ ਕਈ ਮੈਡੀਕਲ ਸਟੋਰਾਂ ਤੋਂ ਸੈਂਪਲ ਜ਼ਬਤ ਕੀਤੇ, ਜਿਨ੍ਹਾਂ ਦਾ ਸਿੱਧਾ ਲਿੰਕ ਵਰਤਿਕਾ ਅਤੇ ਉਸ ਦੇ ਪਿਤਾ ਰਾਹੁਲ ਅਗਰਵਾਲ ਨਾਲ ਮਿਲਿਆ। ਵਰਤਿਕਾ ਅਗਰਵਾਲ ਦੇ ਮੋਬਾਈਲ ਤੋਂ ਪੁਲਸ ਨੂੰ ਚੈਟ, ਵਾਈਸ ਰਿਕਾਰਡਿੰਗ ਅਤੇ ਪੇਮੈਂਟ ਟਰਾਂਜ਼ੈਕਸ਼ਨ ਨਾਲ ਜੁੜੇ ਕਈ ਅਹਿਮ ਸਬੂਤ ਮਿਲੇ ਹਨ। ਇਨ੍ਹਾਂ ਤੋਂ ਸਾਫ ਹੋਇਆ ਹੈ ਕਿ ਉਹ ਲੰਬੇ ਸਮੇਂ ਤੋਂ ਇਸ ਨਾਜਾਇਜ਼ ਕਾਰੋਬਾਰ ਨੂੰ ਚਲਾ ਰਹੀ ਸੀ। ਪੁਲਸ ਹੁਣ ਉਸ ਦੇ ਬੈਂਕ ਖਾਤਿਆਂ ਦੀ ਜਾਂਚ ਕਰ ਰਹੀ ਹੈ ਤਾਂਕਿ ਪੈਸਿਆਂ ਦੇ ਲੈਣ-ਦੇਣ ਦੀ ਕੜੀ ਨੂੰ ਫੜਿਆ ਜਾ ਸਕੇ। ਐੱਸ. ਆਈ. ਨਰੇਸ਼ ਮੁਤਾਬਕ ਵਰਤਿਕਾ ਅਤੇ ਉਸ ਦਾ ਸਾਥੀ ਮੁਹੰਮਦ ਹਸਨ ਨਕਲੀ ਦਵਾਈਆਂ ਦੀ ਸਪਲਾਈ ਬੱਸਾਂ ਅਤੇ ਟ?ਰੇਨਾਂ ਰਾਹੀਂ ਭੇਜਦੇ ਸਨ। ਪੰਜਾਬ ਸਮੇਤ ਕਈ ਸੂਬਿਆਂ 'ਚ ਹਸਪਤਾਲਾਂ ਦੇ ਬਾਹਰ ਸਥਿਤ ਮੈਡੀਕਲ ਸਟੋਰਾਂ ਤੱਕ ਇਹ ਨਕਲੀ ਮਾਲ ਪਹੁੰਚਾਇਆ ਜਾਂਦਾ ਸੀ, ਜਿਥੇ ਲੋਕਾਂ ਨੂੰ ਬ੍ਰਾਂਡਿਡ ਕੰਪਨੀ ਦੇ ਨਾਂ 'ਤੇ ਵੇਚਿਆ ਜਾਂਦਾ ਸੀ। ਇਸ ਕਾਰੋਬਾਰ ਤੋਂ ਮੁਲਜ਼ਮ ਲੱਖਾਂ ਦਾ ਮੁਨਾਫਾ ਕਮਾ ਰਹੇ ਸਨ। ਮੁਹੰਮਦ ਹਸਨ ਨੇ ਹਰ ਸ਼ਹਿਰ 'ਚ ਆਪਣੇ ਲੋਕਲ ਸੋਰਸ ਬਣਾ ਰੱਖੇ ਸਨ, ਜਿਨ੍ਹਾਂ 'ਚ ਜ਼ਿਆਦਾਤਰ ਮੈਡੀਕਲ ਸਟੋਰਾਂ 'ਤੇ ਕੰਮ ਕਰਨ ਵਾਲੇ ਮੁਲਾਜ਼ਮ ਸਨ, ਜੋ ਕੁਝ ਪੈਸਿਆਂ ਦੇ ਲਾਲਚ 'ਚ ਇਸ ਕਾਲੇ ਧੰਦੇ ਨਾਲ ਜੁੜ ਗਏ ਸਨ। ਪੁਲਸ ਹੁਣ ਇਨ੍ਹਾਂ ਲੋਕਲ ਏਜੰਟਾਂ ਦੀ ਪਛਾਣ ਕਰਨ 'ਚ ਜੁਟੀ ਹੈ। ਕੁਝ ਸ਼ੱਕੀ ਦੁਕਾਨਦਾਰਾਂ ਤੋਂ ਪੁੱਛਗਿੱਛ ਵੀ ਕੀਤੀ ਜਾ ਚੁੱਕੀ ਹੈ। ਐੱਸ. ਆਈ. ਨਰੇਸ਼ ਕੁਮਾਰ ਨੇ ਕਿਹਾ ਕਿ ਜਾਂਚ ਅਜੇ ਜਾਰੀ ਹੈ ਅਤੇ ਇਸ ਨੈੱਟਵਰਕ ਨਾਲ ਜੁੜੇ ਕਈ ਹੋਰ ਨਾਮ ਸਾਹਮਣੇ ਆ ਸਕਦੇ ਹਨ। ਪੁਲਸ ਦਾ ਨਿਸ਼ਾਨਾ ਹੈ ਕਿ ਇਸ ਨਕਲੀ ਦਵਾਈਆਂ ਦੇ ਪੂਰੇ ਸਿੰਡੀਕੇਟ ਨੂੰ ਖਤਮ ਕੀਤਾ ਜਾਵੇ ਤਾਂਕਿ ਲੋਕਾਂ ਦੀ ਜਾਨ ਨਾਲ ਖਿਲਵਾੜ ਕਰਨ ਵਾਲਿਆਂ ਨੂੰ ਸਖਤ ਸਜ਼ਾ ਮਿਲੇ।

## ਦੀਨਾਨਗਰ ਦੇ ਝੰਡੇਚੱਕ ਬਾਈਪਾਸ 'ਤੇ ਸਥਾਪਿਤ ਡਾ. ਭੀਮਰਾਓ ਅੰਬੇਡਕਰ ਦਾ ਬੁੱਤ ਕੀਤਾ ਲੋਕ ਅਰਪਿਤ

ਦੀਨਾਨਗਰ 13 ਅਕਤੂਬਰ। ਦੀਨਾਨਗਰ ਦੇ ਝੰਡੇਚੱਕ ਬਾਈਪਾਸ ਵਿਖੇ ਪ੍ਰਸ਼ਾਸ਼ਨ ਵੱਲੋਂ ਸਥਾਪਿਤ ਕੀਤੇ ਗਏ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਬੁੱਤ ਤੋਂ ਪਰਦਾ ਹਟਾਉਣ ਦੀ ਰਸਮ ਅੱਜ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਅਦਾ ਕੀਤੀ। ਜਿਨ੍ਹਾਂ ਨੇ ਬੁੱਤ ਤੋਂ ਪਰਦਾ ਹਟਾ ਕੇ ਭਾਰਤ ਸੰਵਿਧਾਨ ਨਿਰਮਾਤਾ ਦਾ ਬੁੱਤ ਲੋਕ ਅਰਪਿਤ ਕੀਤਾ। ਇਸ ਮੌਕੇ 'ਤੇ ਕਰਵਾਏ ਗਏ ਸਮਾਗਮ ਨੂੰ ਸੰਬੋਧਨ ਕਰਦਿਆਂ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਸਿਰਫ ਦੱਬੇ ਕੁਚਲੇ ਅਤੇ ਸਮਾਜ ਦੇ ਲਿਤਾੜੇ ਹੋਏ ਲੋਕਾਂ ਦੇ ਹੀ ਮਸੀਹਾ ਨਹੀਂ ਸਨ ਸਗੋਂ ਉਹਨਾਂ ਦੀ ਸਮਾਜ ਅਤੇ ਸੰਵਿਧਾਨ ਨੂੰ ਬਹੁਤ ਵੱਡੀ ਦੇਣ ਹੈ। ਉਨ੍ਹਾਂ ਨੇ ਆਪਣਾ ਸਾਰਾ ਜੀਵਨ ਦਲਿਤ, ਸ਼ੋਸ਼ਿਤ ਤੇ ਕਮਜ਼ੋਰ ਵਰਗਾਂ ਨੂੰ ਉਚਿਤ ਥਾਂ ਦਿਵਾਉਣ ਲਈ ਹੀ ਨਹੀਂ ਲਾਇਆ ਸਗੋਂ ਆਪਣੇ ਜੀਵਨ 'ਚ ਸਮਾਜਿਕ, ਆਰਥਿਕ, ਰਾਜਨੀਤਕ, ਵਿੱਦਿਅਕ, ਧਾਰਮਿਕ, ਔਰਤਾਂ ਨੂੰ ਸਨਮਾਨ ਦਿਵਾਉਣ ਅਤੇ ਸੰਵਿਧਾਨਕ ਖੇਤਰਾਂ 'ਚ ਵੀ ਵਡਮੁੱਲੇ ਸੁਧਾਰਾਂ ਦੇ ਲੇਖੇ ਲਾਇਆ ਹੈ। ਡਾ. ਭੀਮ ਰਾਓ ਅੰਬੇਦਕਰ ਜੀ ਨੇ ਜਿੱਥੇ ਸਦੀਆਂ ਤੋਂ ਦੱਬੇ ਕੁਚਲੇ ਅਤੇ ਲਿਤਾੜੇ ਹੋਏ ਲੋਕਾਂ ਲਈ ਸੰਵਿਧਾਨ ਵਿੱਚ ਬਰਾਬਰੀ ਦੇ ਹੱਕਾਂ ਦੀ ਗੱਲ ਕੀਤੀ ਉੱਥੇ ਹੀ ਉਨ੍ਹਾਂ ਨੇ ਸਮਾਜ ਨੂੰ ਸਿੱਖਿਅਤ ਕਰਨ 'ਤੇ ਵੀ ਜ਼ੋਰ ਦਿੱਤਾ ਅਤੇ ਕਿਹਾ ਕਿ ਜੇਕਰ ਸਮਾਜ ਸਿੱਖਿਅਤ ਹੋਵੇਗਾ ਤਾਂ ਗਰੀਬੀ ਅਤੇ ਨਾ ਬਰਾਬਰੀ ਸਮਾਜ ਚੋਂ ਅਪਣੇ ਆਪ ਹੀ ਦੂਰ ਹੋ ਜਾਵੇਗੀ। ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਅੱਜ ਸਾਨੂੰ ਲੋੜ ਹੈ ਬਾਬਾ ਸਾਹਿਬ ਦੇ ਪਾਏ ਪੂਰਨਿਆਂ ਦੇ ਮੁਤਾਬਕ ਚੱਲਣ ਦੀ। ਉਨ੍ਹਾਂ ਨੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਅਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਪੜ੍ਹਾਉਣ ਕਿਉਂਕਿ ਦੇਸ਼ ਅਤੇ ਸਮਾਜ ਦੀ ਭਾਗੀਦਾਰੀ ਵਿੱਚ ਮਨੁੱਖ ਦਾ ਸਿੱਖਿਅਤ ਹੋਣਾ ਬਹੁਤ ਜ਼ਰੂਰੀ ਹੈ।

## ਡੀ. ਐੱਸ. ਪੀ. ਜਸਪਾਲ ਸਿੰਘ ਨੇ ਪੁਲਸ ਸਬ-ਡਵੀਜ਼ਨ ਮਹਿਲ ਕਲਾਂ ਦਾ ਚਾਰਜ ਸੰਭਾਲਿਆ

**ਕੌਮੀ ਪਤ੍ਰਿਕਾ**

ਮਹਿਲ ਕਲਾਂ 13 ਅਕਤੂਬਰ। ਪੁਲਸ ਸਬ ਡਵੀਜ਼ਨ ਲੰਬੀ (ਮੁਕਤਸਰ) ਤੋਂ ਤਬਾਦਲੇ ਉਪਰੰਤ ਨਵੇਂ ਆਏ ਡੀ.ਐੱਸ.ਪੀ. ਜਸਪਾਲ ਸਿੰਘ ਧਾਲੀਵਾਲ ਨੇ ਅੱਜ ਪੁਲਿਸ ਸਬ ਡਿਵੀਜ਼ਨ ਮਹਿਲ ਕਲਾਂ ਵਿਖੇ ਸਮੂਹ ਸਟਾਫ਼ ਦੀ ਹਾਜ਼ਰੀ ਵਿਚ ਆਪਣੇ ਅਹੁਦੇ ਦਾ ਚਾਰਜ ਸੰਭਾਲ ਲਿਆ। ਇਸ ਮੌਕੇ ਨਵੇਂ ਆਏ ਡੀ.ਐੱਸ.ਪੀ. ਜਸਪਾਲ ਸਿੰਘ ਧਾਲੀਵਾਲ ਨੇ ਚਾਰਜ ਸੰਭਾਲਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਪੰਜਾਬ ਸਰਕਾਰ ਅਤੇ ਪੁਲਸ ਵਿਭਾਗ ਵੱਲੋਂ ਦਿੱਤੀ ਜਿੰਮੇਵਾਰੀ ਨੂੰ ਪੂਰੀ ਇਮਾਨਦਾਰੀ, ਨਿਰਪੱਖਤਾ ਅਤੇ ਤਨਦੇਹੀ ਨਾਲ ਨਿਭਾਉਣਗੇ। ਉਨ੍ਹਾਂ ਕਿਹਾ ਕਿ ਸਬ ਡਿਵੀਜ਼ਨ ਦੀ ਹੱਦ ਵਿਚ ਕਾਨੂੰਨ-ਵਿਵਸਥਾ, ਅਮਨ-ਸ਼ਾਂਤੀ ਅਤੇ ਲੋਕਾਂ ਦਾ ਪੁਲਸ ਉੱਤੇ ਭਰੋਸਾ ਕਾਇਮ ਰੱਖਣਾ ਉਨ੍ਹਾਂ ਦੀ ਸਭ ਤੋਂ ਵੱਡੀ ਪ੍ਰਾਥਮਿਕਤਾ ਰਹੇਗੀ। ਡੀ.ਐੱਸ.ਪੀ. ਜਸਪਾਲ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ "ਨਸ਼ਾ ਮੁਕਤ ਪੰਜਾਬ ਮੁਹਿੰਮ" ਨੂੰ ਮਜ਼ਬੂਤੀ ਨਾਲ ਅੱਗੇ ਵਧਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਸਬ ਡਿਵੀਜ਼ਨ ਦੇ ਤਿੰਨਾਂ ਥਾਣਿਆਂ ਦੇ ਅਧੀਨ ਪੈਂਦੇ ਪਿੰਡਾਂ ਨੂੰ ਨਸ਼ਾ ਮੁਕਤ ਬਣਾਉਣ ਲਈ ਵਿਸ਼ੇਸ਼ ਅਭਿਆਨ ਸ਼ੁਰੂ ਕੀਤਾ ਜਾਵੇਗਾ।



ਉਨ੍ਹਾਂ ਦੱਸਿਆ ਕਿ ਨਸ਼ਿਆਂ ਦੇ ਕਾਰੋਬਾਰ ਜਾਂ ਵਰਤੋਂ ਨਾਲ ਜੁੜੇ ਕਿਸੇ ਵੀ ਵਿਅਕਤੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ ਅਤੇ ਨਸ਼ਾ ਤਸਕਰੀ ਬਾਰੇ ਸੂਚਨਾ ਦੇਣ ਵਾਲਿਆਂ ਦੀ ਪਛਾਣ ਪੂਰੀ ਤਰ੍ਹਾਂ ਗੁਪਤ ਰੱਖੀ ਜਾਵੇਗੀ। ਡੀ.ਐੱਸ.ਪੀ. ਨੇ ਕਿਹਾ ਕਿ ਨਸ਼ਿਆਂ ਵਿਰੁੱਧ ਲੜਾਈ ਸਿਰਫ਼ ਪੁਲਸ ਦੀ ਨਹੀਂ, ਸਗੋਂ ਸਮਾਜ ਦੀ ਭਾਗੀਦਾਰੀ ਨਾਲ ਹੀ ਸੰਭਵ ਹੈ। ਇਸ ਲਈ ਗ੍ਰਾਮ ਪੰਚਾਇਤਾਂ, ਸਮਾਜ ਸੇਵੀ ਸੰਸਥਾਵਾਂ, ਜਥੇਬੰਦੀਆਂ ਅਤੇ ਮੀਡੀਆ ਦੇ ਸਹਿਯੋਗ ਨਾਲ ਵਿਆਪਕ ਜਾਗਰੂਕਤਾ ਮੁਹਿੰਮ ਚਲਾਈ ਜਾਵੇਗੀ। ਉਨ੍ਹਾਂ ਕਿਹਾ ਕਿ ਪੁਲਿਸ ਸਬ ਡਿਵੀਜ਼ਨ ਦਫ਼ਤਰ ਵਿੱਚ ਆਉਣ ਵਾਲੇ ਹਰ ਵਿਅਕਤੀ ਨੂੰ ਪੂਰਾ ਮਾਨ-ਸਤਿਕਾਰ ਦਿੱਤਾ ਜਾਵੇਗਾ ਅਤੇ ਕਿਸੇ ਨਾਲ ਵੀ ਬੇਇਨਸਾਫ਼ੀ ਜਾਂ ਧੱਕੇਸ਼ਾਹੀ ਨਹੀਂ ਹੋਣ ਦਿੱਤੀ ਜਾਵੇਗੀ। ਡੀ.ਐੱਸ.ਪੀ. ਨੇ ਇਲਾਕੇ ਦੇ ਨਾਗਰਿਕਾਂ ਨੂੰ ਭਰੋਸਾ ਦਿਵਾਇਆ ਕਿ ਪੁਲਸ ਵਿਭਾਗ ਲੋਕਾਂ ਦੀ ਸੁਰੱਖਿਆ, ਸੁਖ-ਸ਼ਾਂਤੀ ਅਤੇ ਕਾਨੂੰਨ ਦੀ ਪਾਲਣਾ ਲਈ ਪੂਰੀ ਤਰ੍ਹਾਂ ਸਮਰਪਿਤ ਹੈ। ਇਸ ਮੌਕੇ ਐੱਸ.ਐੱਸ.ਪੀ. ਬਰਨਾਲਾ ਮੁਹੰਮਦ ਸਰਫਰਾਜ ਆਲਮ ਅਤੇ ਹੋਰ ਉੱਚ ਅਧਿਕਾਰੀਆਂ ਵੱਲੋਂ ਡੀ.ਐੱਸ.ਪੀ. ਜਸਪਾਲ ਸਿੰਘ ਨੂੰ ਨਵੇਂ ਅਹੁਦੇ ਦੀ ਸੰਭਾਲ ਲਈ ਮੁਬਾਰਕਬਾਦ ਦਿੱਤੀ ਗਈ। ਸਮਾਰੋਹ ਵਿਚ ਸਬ ਡਵੀਜ਼ਨ ਦਾ ਪੁਲਸ ਸਟਾਫ਼ ਵੀ ਹਾਜ਼ਰ ਰਿਹਾ।

## ਪੰਜਾਬ 'ਚ ਪਾਵਰਕਾਮ ਨੇ ਖਿੱਚੀ ਵੱਡੀ ਤਿਆਰੀ ! ਇਨ੍ਹਾਂ ਖ਼ਪਤਕਾਰਾਂ ਨੂੰ ਠੋਕਿਆ ਲੱਖਾਂ ਦਾ ਜੁਰਮਾਨਾ

ਜਲੰਧਰ 12 ਅਕਤੂਬਰ। ਪਾਵਰਕਾਮ ਵੱਲੋਂ ਬੀਤੇ ਦਿਨ ਕੀਤੀ ਗਈ ਕਾਰਵਾਈ ਵਿਚ ਬਿਜਲੀ ਚੋਰੀ ਅਤੇ ਬਿਜਲੀ ਦੀ ਗਲਤ ਵਰਤੋਂ ਨੂੰ ਲੈ ਕੇ 14 ਖ਼ਪਤਕਾਰਾਂ ਨੂੰ 4.16 ਲੱਖ ਰੁਪਏ ਜੁਰਮਾਨਾ ਠੋਕਿਆ ਗਿਆ ਅਤੇ ਬਿਜਲੀ ਚੋਰੀ ਕਰਨ ਵਾਲਿਆਂ ਖ਼?ਲਾਫ਼ ਐਂਟੀ ਥੈਫਟ ਥਾਣੇ ਵਿਚ ਐੱਫ਼. ਆਈ. ਆਰ. ਦਰਜ ਕਰਨ ਲਈ ਕੇਸ ਭੇਜੇ ਗਏ ਹਨ। ਪਾਵਰਕਾਮ ਨਾਰਥ ਜ਼ੋਨ ਦੇ ਚੀਫ਼ ਇੰਜੀ. ਦੇਸਰਾਜ ਬਾਂਗਰ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸਰਕਲ ਦੀਆਂ ਸਾਰੀਆਂ ਡਿਵੀਜ਼ਨਾਂ ਵਿਚ ਚੈਕਿੰਗ ਮੁਹਿੰਮ ਚਲਾਈ ਗਈ, ਜਿਸ ਵਿਚ 1535 ਤੋਂ ਵੱਧ ਖ਼ਪਤਕਾਰਾਂ ਦੇ ਬਿਜਲੀ ਕੁਨੈਕਸ਼ਨਾਂ ਦੀ ਜਾਂਚ ਕਰਦੇ ਹੋਏ ਬਣਦੀ ਕਾਰਵਾਈ ਨੂੰ ਅੰਜਾਮ ਦਿੱਤਾ ਗਿਆ। ਇੰਜੀ. ਪਰਾਸ਼ਰ ਦੇ ਹੁਕਮਾਂ 'ਤੇ ਡਿਪਟੀ ਚੀਫ਼ ਇੰਜੀਨੀਅਰ ਅਤੇ ਸਰਕਲ ਹੈੱਡ ਗੁਲਸ਼ਨ ਚੁਟਾਨੀ ਨੇ ਸਰਕਲ ਦੀਆਂ ਸਾਰੀਆਂ ਡਿਵੀਜ਼ਨਾਂ ਵਿਚ ਐਕਸੀਅਨਾਂ ਨੂੰ ਟੀਮਾਂ ਦਾ ਗਠਨ ਕਰਨ ਦੇ ਨਿਰਦੇਸ਼ ਦਿੱਤੇ। ਇਨ੍ਹਾਂ ਟੀਮਾਂ ਵਿਚ ਐੱਸ. ਡੀ.ਓ., ਜੇ. ਈ., ਲਾਈਨਮੈਨ ਸਮੇਤ ਫੀਲਡ ਸਟਾਫ ਮੌਜੂਦ ਰਿਹਾ। ਹਰੇਕ ਟੀਮ ਨੂੰ ਘੱਟੋ-ਘੱਟ 50 ਕੁਨੈਕਸ਼ਨਾਂ ਦੀ ਜਾਂਚ ਕਰਨ ਦੇ ਹੁਕਮ ਦਿੱਤੇ ਗਏ। ਇਸ ਅਚਾਨਕ ਚੈਕਿੰਗ ਤਹਿਤ ਪਾਵਰਕਾਮ ਵੱਲੋਂ ਬਿਜਲੀ ਚੋਰੀ ਦੇ ਹਾਟਸਪਾਟ ਏਰੀਆ ਵਿਚ ਸਵੇਰੇ ਤੜਕਸਾਰ ਰੇਡ ਕੀਤੀ ਗਈ। ਇਸੇ ਤਰ੍ਹਾਂ ਨਾਲ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿਚ ਮੁਹਿੰਮ ਚਲਾਉਂਦੇ ਹੋਏ ਘਰੇਲੂ ਬਿਜਲੀ ਦੀ ਕਮਰਸ਼ੀਅਲ ਵਰਤੋਂ ਕਰਨ ਵਾਲਿਆਂ ਖ਼?ਲਾਫ਼ ਵੀ ਕਾਰਵਾਈ ਨੂੰ ਅਮਲ ਵਿਚ ਲਿਆਂਦਾ ਗਿਆ। ਉਥੇ ਹੀ ਲੋਡ ਤੋਂ ਵੱਧ ਬਿਜਲੀ ਦੀ ਵਰਤੋਂ ਕਰਨ ਨੂੰ ਲੈ ਕੇ ਵੀ ਕਾਰਵਾਈ ਕੀਤੀ ਗਈ। ਪਹਿਲੀ ਜਾਂਚ ਦੇ ਬਾਅਦ ਸਾਹਮਣੇ ਆਏ ਅੰਕੜਿਆਂ ਮੁਤਾਬਕ ਜਲੰਧਰ ਸਰਕਲ ਤਹਿਤ ਕੁੱਲ੍ਹ 1535 ਕੁਨੈਕਸ਼ਨਾਂ ਦੀ ਜਾਂਚ ਕੀਤੀ ਗਈ, ਜਿਸ ਵਿਚ ਸਿੱਧੀ ਬਿਜਲੀ ਚੋਰੀ ਦੇ 6 ਕੇਸ ਫੜੇ ਗਏ ਅਤੇ 3.93 ਲੱਖ ਜੁਰਮਾਨਾ ਕੀਤਾ ਗਿਆ, ਜਦਕਿ ਓਵਰਲੋਡ ਅਤੇ ਬਿਜਲੀ ਦੀ ਗਲਤ ਵਰਤੋਂ ਸਬੰਧੀ 8 ਕੇਸ ਫੜੇ ਗਏ। ਇਸ ਕਾਰਵਾਈ ਵਿਚ ਕੈਂਟ ਡਿਵੀਜ਼ਨ ਦੇ ਐਕਸੀਅਨ ਅਵਤਾਰ ਸਿੰਘ ਦੀ ਅਗਵਾਈ ਵਿਚ 220 ਕੁਨੈਕਸ਼ਨਾਂ ਦੀ ਜਾਂਚ ਕਰਦੇ ਹੋਏ 8 ਕੇਸਾਂ ਵਿਚ 3.25 ਲੱਖ ਜੁਰਮਾਨਾ ਕੀਤਾ ਗਿਆ, ਜੋ ਕਿ ਪੰਜਾਂ ਡਿਵੀਜ਼ਨਾਂ ਦੇ ਮੁਕਾਬਲੇ ਸਭ ਤੋਂ ਵੱਧ ਜੁਰਮਾਨਾ ਬਣਿਆ। ਇਸੇ ਤਰ੍ਹਾਂ ਨਾਲ ਹੋਰ ਡਵੀਜ਼ਨਾਂ ਵੱਲੋਂ ਵੀ 200 ਤੋਂ ਵੱਧ ਕੁਨੈਕਸ਼ਨਾਂ ਦੀ ਜਾਂਚ ਕੀਤੀ ਗਈ।

# ਵਿਰਾਸਤੀ ਖੇਡਾਂ : 13ਵੀਂ ਰਾਸ਼ਟਰੀ ਗੱਤਕਾ ਚੈਂਪੀਅਨਸ਼ਿਪ ਭਲਾਈ 'ਚ ਸ਼ਾਨੋ-ਸ਼ੌਕਤ ਨਾਲ ਸ਼ੁਰੂ

**ਕੌਮੀ ਪਤ੍ਰਿਕਾ**

ਚੰਡੀਗੜ੍ਹ 13 ਅਕਤੂਬਰ। ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ਼ ਇੰਡੀਆ ਵੱਲੋਂ ਆਯੋਜਿਤ ਤਿੰਨ ਦਿਨਾਂ 13ਵੀਂ ਰਾਸ਼ਟਰੀ ਧੂਮਧਾਮ ਚੈਂਪੀਅਨਸ਼ਿਪ ਸ਼ੁੱਕਰਵਾਰ ਨੂੰ ਗੁਰੂ ਨਾਨਕ ਇੰਗਲਿਸ਼ ਸੀਨੀਅਰ ਸੈਕੰਡਰੀ ਸਕੂਲ, ਭਲਾਈ, ਛੱਤੀਸਗੜ੍ਹ ਵਿਖੇ ਸ਼ਾਨੋ-ਸ਼ੌਕਤ ਨਾਲ ਸ਼ੁਰੂ ਹੋਈ। ਨਿਊ ਗੱਤਕਾ ਸਪੋਰਟਸ ਐਸੋਸੀਏਸ਼ਨ, ਛੱਤੀਸਗੜ੍ਹ ਦੇ ਸਹਿਯੋਗ ਨਾਲ ਆਯੋਜਿਤ, ਇਹ ਗੱਤਕਾ ਮੁਕਾਬਲੇ ਭਾਰਤ ਦੀ ਪ੍ਰਾਚੀਨ ਜੰਗਜੂ ਅਤੇ ਸੱਭਿਆਚਾਰਕ ਵਿਰਾਸਤ ਦੇ ਨਾਲ-ਨਾਲ ਸਿੱਖ ਅਧਿਆਤਮਿਕ ਕਲਾ ਦਾ ਸ਼ਾਨਦਾਰ ਪ੍ਰਤੀਕ ਹਨ, ਅਤੇ ਬਹਾਦਰੀ, ਅਨੁਸ਼ਾਸਨ, ਸਦਭਾਵਨਾ ਅਤੇ ਸੱਭਿਆਚਾਰਕ ਮਾਣ ਦਾ ਸੰਦੇਸ਼ ਦਿੰਦੇ ਹਨ। ਰਾਸ਼ਟਰੀ ਚੈਂਪੀਅਨਸ਼ਿਪ ਦਾ ਉਦਘਾਟਨ ਦੁਰਗ ਸੰਸਦੀ ਹਲਕੇ ਤੋਂ ਸੰਸਦ ਮੈਂਬਰ ਵਿਜੇ ਬਘੇਲ ਅਤੇ ਸਾਬਕਾ ਕੈਬਨਿਟ ਮੰਤਰੀ ਅਤੇ ਸਾਬਕਾ ਵਿਧਾਨ ਸਭਾ ਸਪੀਕਰ ਪ੍ਰੇਮ ਪ੍ਰਕਾਸ਼ ਪਾਂਡੇ ਨੇ ਮੁੱਖ ਮਹਿਮਾਨ ਵਜੋਂ ਕੀਤਾ। ਇਸ ਮੌਕੇ ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ਼ ਇੰਡੀਆ (ਐਨਜੀਏਆਈ) ਦੇ ਪ੍ਰਧਾਨ ਹਰਜੀਤ ਸਿੰਘ ਗਰੇਵਾਲ, ਛੱਤੀਸਗੜ੍ਹ ਸਿੱਖ ਪੰਚਾਇਤ ਦੇ ਚੇਅਰਮੈਨ ਜਸਬੀਰ ਸਿੰਘ ਚਾਹਲ, ਨਿਊ ਗੱਤਕਾ ਸਪੋਰਟਸ ਐਸੋਸੀਏਸ਼ਨ ਛੱਤੀਸਗੜ੍ਹ ਦੇ ਪ੍ਰਧਾਨ ਅਤੇ ਪ੍ਰਸਿੱਧ ਸਮਾਜ ਸੇਵਕ ਇੰਦਰਜੀਤ ਸਿੰਘ ਛੋਟੂ, ਜਨਰਲ ਸਕੱਤਰ ਜਸਵੰਤ ਸਿੰਘ ਖਾਲਸਾ ਅਤੇ ਖਜ਼ਾਨਚੀ ਮਲਕੀਤ ਸਿੰਘ ਲੱਲੂ ਸਮੇਤ ਕਈ ਪਤਵੰਤੇ ਮੌਜੂਦ ਸਨ। ਸਮਾਰੋਹ ਨੂੰ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਵਿਜੇ ਬਘੇਲ ਨੇ ਟੂਰਨਾਮੈਂਟ ਪ੍ਰਬੰਧਕਾਂ ਦੀ ਪ੍ਰਸ਼ੰਸਾ ਕੀਤੀ ਅਤੇ ਗੱਤਕੇ ਦੀ ਸੱਭਿਆਚਾਰਕ ਮਹੱਤਤਾ



'ਤੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਗੱਤਕਾ ਸਿਰਫ਼ ਇੱਕ ਮਾਰਸ਼ਲ ਆਰਟ ਨਹੀਂ ਹੈ ਸਗੋਂ ਇੱਕ ਇਤਿਹਾਸਕ ਵਿਰਾਸਤ ਹੈ ਜੋ ਭਾਰਤ ਦੇ ਸ਼ਾਨਦਾਰ ਅਤੀਤ ਦੇ ਜੀਵੰਤ ਚਿਹਰੇ ਅਤੇ ਸਿੱਖ ਇਤਿਹਾਸ ਦੀ ਅਜਿੱਤ ਭਾਵਨਾ ਨੂੰ ਦਰਸਾਉਂਦੀ ਹੈ। ਇਸ ਸਵਦੇਸ਼ੀ ਕਲਾ ਨੂੰ ਉਤਸ਼ਾਹਿਤ ਕਰਨਾ ਸਾਡੇ ਸੱਭਿਆਚਾਰ ਨੂੰ ਸੁਰੱਖਿਅਤ ਰੱਖਦਾ ਹੈ ਅਤੇ ਨੌਜਵਾਨਾਂ ਵਿੱਚ ਸਾਡੇ ਸਤਿਕਾਰਯੋਗ ਗੁਰੂਆਂ ਦੁਆਰਾ ਦਿਖਾਏ ਗਏ ਹਿੰਮਤ, ਅਨੁਸ਼ਾਸਨ, ਸ਼ਰਧਾ ਅਤੇ ਸਮਰਪਣ ਦੇ ਗੁਣ ਪੈਦਾ ਕਰਦਾ ਹੈ। ਇਸ ਮੌਕੇ ਵਿਸ਼ੇਸ਼ ਮਹਿਮਾਨ ਅਤੇ ਸਾਬਕਾ ਮੰਤਰੀ ਪ੍ਰੇਮ ਪ੍ਰਕਾਸ਼ ਪਾਂਡੇ ਨੇ ਕਿਹਾ ਕਿ ਰਾਸ਼ਟਰੀ ਗੱਤਕਾ ਮੁਕਾਬਲੇ ਦੀ ਮੇਜ਼ਬਾਨੀ ਛੱਤੀਸਗੜ੍ਹ ਲਈ ਮਾਣ ਵਾਲੀ ਗੱਲ ਹੈ। ਇਹ ਪ੍ਰਾਚੀਨ ਕਲਾ ਨਾ ਸਿਰਫ਼ ਤੰਦਰੁਸਤੀ ਅਤੇ ਅਨੁਸ਼ਾਸਨ ਸਿਖਾਉਂਦੀ ਹੈ ਬਲਕਿ ਏਕਤਾ ਅਤੇ ਸੱਭਿਆਚਾਰਕ ਸੰਭਾਲ ਦੇ ਆਪਣੇ ਸੰਦੇਸ਼ ਰਾਹੀਂ ਸਮਾਜਿਕ ਸਦਭਾਵਨਾ ਅਤੇ ਸਦਭਾਵਨਾ ਨੂੰ ਵੀ ਮਜ਼ਬੂਤ ??ਕਰਦੀ ਹੈ। ਐਨਜੀਏਆਈ ਅਤੇ ਵਰਲਡ ਗੱਤਕਾ ਫੈਡਰੇਸ਼ਨ ਦੇ ਪ੍ਰਧਾਨ ਹਰਜੀਤ ਸਿੰਘ ਗਰੇਵਾਲ ਨੇ ਮਹਿਮਾਨਾਂ ਅਤੇ ਪ੍ਰਬੰਧਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਦੋਵੇਂ ਪ੍ਰਮੁੱਖ ਸੰਸਥਾਵਾਂ ਗੱਤਕੇ ਨੂੰ ਇੱਕ ਰਵਾਇਤੀ ਕਲਾ ਅਤੇ ਇੱਕ ਆਧੁਨਿਕ ਖੇਡ ਵਜੋਂ ਸੰਭਾਲਣ ਅਤੇ ਉਤਸ਼ਾਹਿਤ ਕਰਨ ਲਈ ਵਚਨਬੱਧ ਹਨ। ਅਜਿਹੀਆਂ ਚੈਂਪੀਅਨਸ਼ਿਪਾਂ ਰਾਹੀਂ, ਸਾਡਾ ਉਦੇਸ਼ ਦੇਸ਼ ਦੇ ਖਿਡਾਰੀਆਂ ਨੂੰ ਵਿਸ਼ਵ ਪੱਧਰੀ ਖੇਡ ਮੰਚ ਲਈ ਤਿਆਰ ਕਰਨਾ ਹੈ। ਸਾਡਾ ਟੀਚਾ ਭਵਿੱਖ ਵਿੱਚ ਓਲੰਪਿਕ ਸਮੇਤ ਅੰਤਰਰਾਸ਼ਟਰੀ ਬਹੁ-ਖੇਡ ਮੁਕਾਬਲਿਆਂ ਵਿੱਚ ਗੱਤਕੇ ਨੂੰ ਸ਼ਾਮਲ ਕਰਨਾ ਹੈ। ਇੰਦਰਜੀਤ ਸਿੰਘ ਛੋਟੂ ਅਤੇ ਜਸਵੰਤ ਸਿੰਘ ਖਾਲਸਾ ਨੇ ਅੱਗੇ ਦੱਸਿਆ ਕਿ ਇਸ ਚੈਂਪੀਅਨਸ਼ਿਪ ਵਿੱਚ ਭਾਰਤ ਭਰ ਦੇ 12 ਰਾਜਾਂ ਦੇ 500 ਤੋਂ ਵੱਧ ਮੁੰਡੇ ਅਤੇ ਕੁੜੀਆਂ ਹਿੱਸਾ ਲੈ ਰਹੇ ਹਨ। ਉਨ੍ਹਾਂ ਦੱਸਿਆ ਕਿ ਐਤਵਾਰ, 12 ਅਕਤੂਬਰ ਨੂੰ ਸਮਾਪਤੀ ਸਮਾਰੋਹ ਵਿੱਚ ਗੱਤਕਾ-ਸੋਟੀ ਅਤੇ ਫਰੀ-ਸੋਟੀ ਮੁਕਾਬਲਿਆਂ ਵਿੱਚ ਵੱਖ-ਵੱਖ ਵਿਅਕਤੀਗਤ ਅਤੇ ਟੀਮ ਮੁਕਾਬਲਿਆਂ ਦੇ ਜੇਤੂਆਂ ਨੂੰ ਮੈਡਲਾਂ ਅਤੇ ਸਰਟੀਫਿਕੇਟਾਂ ਨਾਲ ਸਨਮਾਨਿਤ ਕੀਤਾ ਜਾਵੇਗਾ। ਇਸ ਮੌਕੇ ਇੰਦਰਜੀਤ ਸਿੰਘ ਛੋਟੂ ਨੇ ਐਲਾਨ ਕੀਤਾ ਕਿ ਛੱਤੀਸਗੜ੍ਹ ਦੇ ਸੋਨ ਤਗਮਾ ਜੇਤੂ ਖਿਡਾਰੀਆਂ ਨੂੰ ਖੇਡ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ ਅਤੇ ਨਕਦ ਇਨਾਮਾਂ ਦੇ ਰੂਪ ਵਿੱਚ ਵਿਸ਼ੇਸ਼ ਸਨਮਾਨ ਵੀ ਦਿੱਤੇ ਜਾਣਗੇ। ਇਸ ਚੈਂਪੀਅਨਸ਼ਿਪ ਨੂੰ ਗੁਰਦੁਆਰਾ ਬੇਬੇ ਨਾਨਕੀ ਜੀ, ਜ਼ੋਨ-2 ਖੁਰਸੀਪਰ, ਗੁਰਦੁਆਰਾ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ, ਕੈਂਪ-2 ਭਲਾਈ, ਗੁਰਦੁਆਰਾ ਸ਼੍ਰੀ ਗੁਰੂ ਅਰਜੁਨ ਦੇਵ ਜੀ ਹਾਊਸਿੰਗ ਬੋਰਡ, ਗੁਰਦੁਆਰਾ ਸ਼੍ਰੀ ਗੁਰੂ ਤੇਗ ਬਹਾਦਰ ਜੀ ਕੈਂਪ, ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਗੁਰੂ ਨਾਨਕ ਦੇਵ ਜੀ ਬਾਬਾ ਦੀਪ ਨਗਰ, ਗੁਰਦਵਾਰਾ ਸ਼੍ਰੀ ਗੁਰੂ ਸਿੰਘ ਸਭਾ ਗੁਰੂ ਨਾਨਕ ਦੇਵ ਜੀ ਬਾਬਾ ਦੀਪ ਨਗਰ, ਗੁਰਦੁਆਰਾ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਪੂਰਾ ਸਹਿਯੋਗ ਅਤੇ ਸਹਿਯੋਗ ਮਿਲਿਆ ਹੈ। ਜੀ ਸੁਪੇਲਾ, ਗੁਰਦੁਆਰਾ ਨਾਨਕ ਸਰਾਂ, ਨਹਿਰੂ ਨਗਰ, ਗੁਰਦੁਆਰਾ ਮਾਤਾ ਗੁਜਰੀ ਜੀ ਹੁਡਕੋ, ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਸੈਕਟਰ 6, ਛੱਤੀਸਗੜ੍ਹ ਸਿੱਖ ਪੰਚਾਇਤ, ਯੂਥ ਸਿੱਖ ਸੇਵਾ ਸੰਮਤੀ, ਗੁਰੂ ਨਾਨਕ ਸਕੂਲ ਸੈਕਟਰ 6, ਪੰਜਾਬੀ ਭਾਈਚਾਰਾ, ਸਿੱਖ ਯੂਥ ਫੋਰਮ, ਗੁਰੂ ਨਾਨਕ ਸੀਨੀਅਰ ਸੈਕੰਡਰੀ ਸਕੂਲ ਅਤੇ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਅਤੇ ਪੰਜਾਬੀ ਸਮਾਜ ਸੇਵੀ ਸੰਸਥਾਵਾਂ।